I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.30 / No.42

15 November, 2024

੩੦ ਕੱਤਕ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ੴ ਜਾਹਰ ਪੀਰ ਜਗਤੁ ਗੁਰੁ ਬਾਬਾ ॥ ੴ

Such a grand Guru (Nanak) is the manifest spiritual teacher of the whole world.

ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਉਤਸਵ ਦੀਆਂ ਆਪ ਸਭ ਨੂੰ ਵਧਾਈਆਂ

ਆਓ ਅਸੀਂ ਹਰ ਰੋਜ਼ ਕੋਸ਼ਿਸ਼ ਕਰੀਏ ਕਿ ਗੁਰੂ ਨਾਨਕ ਸਾਹਿਬ ਵਲੋਂ ਦਿੱਤੀਆਂ ਸਿੱਖਿਆਵਾਂ ਅਨੁਸਾਰ ਆਪਣਾ ਜੀਵਨ ਬਤੀਤ ਕਰੀਏ।

## ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।

**ਲੇਖਕ : ਡਾ. ਪੂਰਨ ਸਿੰਘ**

ਇਹ ਬੋਲ ਭਾਈ ਗੁਰਦਾਸ ਜੀ ਦੇ ਹਨ ਅਤੇ ਗਰਜ ਨਾਲ ਆਖ ਰਹੇ ਹਨ ਕਿ ਗੁਰੂ ਨਾਨਕ ਸਾਹਿਬ ਜੀ ਸੰਸਾਰ ਅੰਦਰ ਲੋਕਾਈ ਦਾ ਉਧਾਰ ਕਰਨ ਲਈ ਆਏ ਅਤੇ ਉਨ੍ਹਾਂ ਨੇ ਕਿਹਾ ਕਿ ਇਸ ਸੰਸਾਰ ਵਿੱਚ ਸਾਰੇ ਬਰਾਬਰ ਵਿਅਕਤੀ ਬਰਾਬਰ ਹਨ ਕੋਈ ਉੱਚਾ ਜਾਂ ਨੀਵਾਂ ਨਹੀਂ, ਕੋਈ ਜਾਤ ਪਾਤ ਨਹੀਂ। ਹਰ ਕੋਈ ਆਪਣੇ ਗਲਤ ਕੰਮਾਂ ਕਰਕੇ ਹੀ ਉੱਚਾ ਜਾਂ ਨੀਵਾਂ ਹੁੰਦਾ ਹੈ। ਜਿਸ ਵੇਲੇ ਔਰਤ ਨੂੰ ਸਮਾਜ ਵਿੱਚ ਨੀਚ ਸਮਝਿਆ ਜਾਂਦਾ ਸੀ ਉਸ ਸਮੇਂ ਗੁਰੂ ਨਾਨਕ ਸਾਹਿਬ ਜੀ ਨੇ ਔਰਤ ਨੂੰ ਸਭ ਤੋਂ ਉੱਤਮ ਦਰਜਾ ਦਿੱਤਾ।

ਇਹ ਉਹ ਸਮਾਂ ਸੀ ਜਦੋਂ ਭਾਰਤ ਅੰਦਰ ਜਨਤਾ ਕੁਰਲਾ ਰਹੀ ਸੀ ਅਤੇ ਧਰਮ ਸ਼ਰਮ ਅਲੋਪ ਹੋ ਚੁੱਕੀ ਸੀ। ਸਾਰੇ ਪਾਸੇ ਕੂੜ ਦਾ ਹੀ ਪਸਾਰਾ ਸੀ। ਰਾਜਨੀਤਕ, ਸਮਾਜਕ ਅਤੇ ਧਾਰਮਿਕ ਨੇਤਾਵਾਂ ਨੇ ਆਪਣੇ ਫਰਜ਼ਾਂ ਤੋਂ ਮੂੰਹ ਮੋੜ ਲਿਆ। ਇਸ ਦੀ ਗਵਾਹੀ ਗੁਰੂ ਨਾਨਕ ਸਾਹਿਬ ਦੀ ਰਚਨਾ ਅੰਦਰ ਮਿਲਦੀ ਹੈ।

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ (ਪੰਨਾ 662)

ਮੁਗਲ ਹਕੂਮਤ ਦੀ ਸਥਾਪਨਾ ਤੋਂ ਪਹਿਲਾਂ ਬ੍ਰਾਹਮਣ ਤੇ ਜੋਗੀ ਲੋਕਾਂ ਨੂੰ ਧਾਰਮਿਕ ਨੇਤਾ ਸਮਝਿਆ ਜਾਂਦਾ ਤੇ ਇਹ ਲੋਕ ਵਿਹਲੜ ਸਨ ਅਤੇ ਲੋਕਾਂ ਦੀ ਕਿਰਤ • **ਬਾਕੀ ਸਫ਼ਾ 11 'ਤੇ**

## ਬ੍ਰੈਂਪਟਨ ’ਚ ਪੰਜਾਬੀ ਨੌਜਵਾਨ ਦਾ ਕਤਲ

ਸਰੀ : ਬ੍ਰੈਂਪਟਨ ‘ਚ ਬੀਤੇ ਦਿਨੀਂ 51 ਸਾਲਾ ਰਬਿੰਦਰ ਸਿੰਘ ਮੱਲ੍ਹੀ ਦਾ ਦੇਰ ਸ਼ਾਮ ਰਿਜ ਟ੍ਰੇਲ ਹਾਈਵੇ 410 ਅਤੇ ਹੁਰੋਂਟਾਰੀਓ ਸਟ੍ਰੀਟ ਨੇੜੇ ਕਤਲ ਕਰ ਦਿੱਤਾ ਗਿਆ ਜਿਸ ਤੋਂ ਬਾਅਦ ਸਥਾਨਕ ਭਾਈਚਾਰੇ ‘ਚ ਸਹਿਮ ਦਾ ਮਾਹੌਲ ਹੈ। ਰਬਿੰਦਰ ਸਿੰਘ ਨੂੰ ਜ਼ਖਮੀ ਹਾਲਤ ‘ਚ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।



ਮਿਲੀ ਜਾਣਕਾਰੀ ਅਨੁਸਾਰ ਬੀਤੇ ਕੱਲ੍ਹ ਪੁਲਿਸ ਦੇ ਇਸ ਮਾਮਲੇ ‘ਚ 2 ਲੋਕਾਂ ਨੂੰ ਹਿਰਾਸਤ ‘ਚ ਲਿਆ ਹੈ। 47 ਸਾਲਾ ਰਜਿੰਦਰ ਕੁਮਾਰ ਅਤੇ 35 ਸਾਲਾ ਸ਼ੀਤਲ ਵਰਮਾ, ਦੋਵੇਂ ਕੈਲੇਡਨ ਦੇ ਨਿਵਾਸੀ ਹਨ। ਕੁਮਾਰ 'ਤੇ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਾਇਆ ਗਿਆ ਹੈ, ਜਦਕਿ ਵਰਮਾ 'ਤੇ ਵੀ ਕਈ ਦੋਸ਼ ਲੱਗੇ ਹਨ। ਜ਼ਿਕਰਯੋਗ ਹੈ ਕਿ ਰਬਿੰਦਰ ਸਿੰਘ ਮੱਲੀ ਦੇ ਪਰਿਵਾਰਕ ਮੈਂਬਰਾਂ ਵਲੋਂ ਗੋ-ਫੰਡ-ਮੀ ਪੇਜ਼ ‘ਤੇ ਭਾਈਚਾਰੇ ਨੂੰ • **ਬਾਕੀ ਸਫ਼ਾ 7 ‘ਤੇ**

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਜੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ - ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ - ਘਰਾਂ ਦੀ ਖਰੀਦੋ-ਫਰੋਖਤ
#102-9278, 120th Street Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਉਟ ਹਾਲ ਦੇ ਹੇਠਾਂ

Keep Smiling Denture Clinic
Complete Denture
Implant Denture
Partial Denture
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੇਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611


ੴ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
555ਵੇਂ ਪ੍ਰਕਾਸ਼ ਪੁਰਬ
ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਕਿਰਤ ਕਰੋ ਨਾਮ ਜਪੋ ਵੰਡ ਛਕੋ
ਕਿਰਤ ਕਰੋ ਨਾਮ ਜਪੋ ਵੰਡ ਛਕੋ
Can-West
Development Ltd.
» Custom Homes
» Building & Development
» General Contracting
» Licenced Builder
ਅਸੀਂ ਵੈਨਕੂਵਰ ਅਤੇ ਬਰਨਬੀ ਵਿੱਚ ਨਵੇਂ ਘਰ
ਅਤੇ Laneway House* ਬਣਾ ਕੇ ਦਿੰਦੇ ਹਾਂ।
ਸਾਡਾ ਸਾਈਟ ਡਿਵੈਲਪਮੈਂਟ ਦਾ ਕਾਰੋਬਾਰ ਵੀ ਹੈ।
ਆਪਣੀ ਮਨਪਸੰਦ ਦਾ ਘਰ
ਬਣਵਾਉਣ ਲਈ ਸੰਪਰਕ ਕਰੋ।
Some Conditions Apply
JIWAN RANAUTA
Direct : 604-866-8374
Office : 604-537-8374
Fax : 604-322-7423
www.canwesthomes.com


ੴ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
555ਵੇਂ ਪ੍ਰਕਾਸ਼ ਪੁਰਬ
ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ
ACME
TRANSPORT LTD
P: 604-593-5409 | F: 604-593-5408 | Toll Free : 1-855-888-2263 (ACME)
E-mail : dispatch@acmetransport.ca
10170 Grace Road,Surrey, BC, V3V 3V6

ਕਿਰਤ ਕਰੋ
ਨਾਮ ਜਪੋ
ਵੰਡ ਛਕੋ

ੴ

ਸ੍ਰੀ ਗੁਰੂ ਨਾਨਕ ਦੇਵ ਜੀ ਦੇ

# 555ਵੇਂ ਪ੍ਰਕਾਸ਼ ਪੁਰਬ

ਦੀਆਂ ਆਪ ਨੂੰ

## ਲੱਖ ਲੱਖ ਵਧਾਈਆਂ



**SUKH DHALIWAL MP**
SURREY - NEWTON

#202 - 12992 76 Avenue
Surrey, British Columbia
V3W 2V6
Ph.: 604.598.2200
E-mail : sukh.dhaliwal@parl.gc.ca



## ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

# BHULLAR

EXCAVATING AND DEMOLITION



- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

**We do townhouses**
Quality work Reasonable rate
Fast & friendly Service

**We Fix All Leaky Basement & Drainage Problems**


Vicky Bhullar
778-681-8200


Pavi Bhullar
647-667-9242


Bill Bhulllar
778-891-4556


Jassi Bhullar
604-441-7118


Balraj Bhullar

# HAPPY GURPURAB

## ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ



Jagmeet Singh | ਜਗਮੀਤ ਸਿੰਘ
MP for Burnaby South, Leader of Canada's NDP ਬਰਨਬੀ ਸਾਊਥ ਦੇ ਐਮ.ਪੀ. ਐੱਨ.ਡੀ.ਪੀ. ਦੇ ਲੀਡਰ

4940 Kingsway
Burnaby, BC V5H 2E2
604-291-8863
Jagmeet.Singh@parl.gc.ca

JagmeetNDP | theJagmeetSingh | JagmeetSingh

NDP

ਕਿਰਤ ਕਰੋ ਨਾਮ ਜਪੋ ਵੰਡ ਛਕੋ

ੴ

ਕਿਰਤ ਕਰੋ ਨਾਮ ਜਪੋ ਵੰਡ ਛਕੋ

# ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ

# 555ਵੇਂ ਪ੍ਰਕਾਸ਼ ਪੁਰਬ

# ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਕ ਵਧਾਈਆਂ

ATLAS ANIMAL HOSPITAL

# ATLAS ANIMAL HOSPITAL


Dogs & Puppies


Cat & Kittens


Senior Pets


Rabbits


Ferrets


Hamsters


We are Open 24/7


## Full Service Animal Hospital

- Clinical Pathology
- Vaccination & Check Up
- Radiology (X-Ray)
- Spaying & Neutering
- Digital X-Ray Machine
- Surgery & Dentistry
- Pet Foods & Supplies
- Diagnostic Medicine

**We Offer Laser Services**

ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।




Dr. Hakam Bhullar

**604-301-0300** 5696 Fraser Street @ 41st AVE Vancouver V5W 2Z4

**www.atlasvet.ca**

# ਨਵੇਂ ਰਾਸ਼ਟਰਪਤੀ ਡੌਨਲਡ ਟਰੰਪ ਸਰਕਾਰ ਬਣਾਉਣ ਲਈ ਰਾਸ਼ਟਰਪਤੀ ਜੋਅ ਬਾਈਡਨ ਨਾਲ ਕੀਤੀ ਮੁਲਾਕਾਤ



ਵੈਨਕੂਵਰ (ਏਕਜੋਤ ਸਿੰਘ): ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੌਨਲਡ ਟਰੰਪ ਨੇ ਵ੍ਹਾਈਟ ਹਾਊਸ ਦਾ ਦੌਰਾ ਕਰਦੇ ਹੋਏ ਮੌਜੂਦਾ ਰਾਸ਼ਟਰਪਤੀ ਜੋਅ ਬਾਈਡਨ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਕਾਫੀ ਮਹੱਤਵਪੂਰਨ ਸੀ ਕਿਉਂਕਿ ਇਹ ਸੱਤਾ ਦੀ ਰਸਮੀ ਤਬਦੀਲੀ ਦੀ ਪ੍ਰਕਿਰਿਆ ਦਾ ਹਿੱਸਾ ਹੁੰਦੀ ਹੈ। ਜਾਣਕਾਰੀ ਮੁਤਾਬਕ, ਇਸ ਪ੍ਰਕਿਰਿਆ ਵਿੱਚ ਪਿਛਲੀ ਵਾਰੀ, ਜਦੋਂ 2020 ਦੀਆਂ ਚੋਣਾਂ ਵਿੱਚ ਜੋਅ ਬਾਈਡਨ ਨੇ ਟਰੰਪ ਨੂੰ ਹਰਾਇਆ ਸੀ, ਅਜਿਹੀ ਰਸਮੀ ਮੁਲਾਕਾਤ ਨਹੀਂ ਹੋਈ ਸੀ। ਇਸ ਵਾਰ, ਟਰੰਪ ਅਤੇ ਬਾਈਡਨ ਦੋਵੇਂ ਨੇ ਆਪਣੀ ਮੁਲਾਕਾਤ ਦੌਰਾਨ ਇੱਕ ਦੂਜੇ ਨਾਲ ਹੱਥ ਮਿਲਾਇਆ। ਰਾਸ਼ਟਰਪਤੀ ਬਾਈਡਨ ਨੇ ਟਰੰਪ ਨੂੰ ਸੱਦਾ ਦਿੱਤਾ ਅਤੇ ਉਨ੍ਹਾਂ ਨੂੰ "ਚੁਣੇ ਗਏ ਰਾਸ਼ਟਰਪਤੀ ਅਤੇ ਸਾਬਕਾ ਰਾਸ਼ਟਰਪਤੀ" ਕਹਿਕੇ ਬੁਲਾਇਆ। ਬਾਈਡਨ ਨੇ ਟਰੰਪ ਦੀ ਜਿੱਤ 'ਤੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਇਹ ਉਮੀਦ ਪ੍ਰਗਟਾਈ ਕਿ ਸੱਤਾ ਦਾ ਤਬਾਦਲਾ ਨਿਰਵਿਘਨ ਹੋਵੇਗਾ।

ਟਰੰਪ ਨੇ ਜਵਾਬ ਵਿੱਚ ਬਾਈਡਨ ਦਾ ਧੰਨਵਾਦ ਕੀਤਾ ਅਤੇ ਕਿਹਾ, "ਰਾਜਨੀਤੀ ਔਖੀ ਹੁੰਦੀ ਹੈ। ਇਹ ਬਹੁਤ ਵਾਰ ਵਧੀਆ ਸੰਸਾਰ ਨਹੀਂ ਹੁੰਦਾ, ਪਰ ਅੱਜ ਇਹ ਵਧੀਆ ਹੈ ਅਤੇ ਮੈਂ ਇਸਦੀ ਕਦਰ ਕਰਦਾ ਹਾਂ।"

ਇਹ ਸਮਾਂ ਅਮਰੀਕਾ ਦੀ ਸਿਆਸਤ ਵਿੱਚ ਇੱਕ ਅਹਿਮ ਮੋੜ ਮੰਨਿਆ ਜਾ ਰਿਹਾ ਹੈ ਕਿਉਂਕਿ ਟਰੰਪ ਨੇ ਰਿਪਬਲਿਕਨ ਪਾਰਟੀ ਦੀ ਵੱਡੀ ਵਾਪਸੀ ਨੂੰ ਅਗਵਾਈ ਦਿੰਦਿਆਂ ਮੁੜ ਰਾਸ਼ਟਰਪਤੀ ਬਣਨ ਦੀ ਯੋਜਨਾ ਨੂੰ ਅੰਜ਼ਾਮ ਤੱਕ ਪਹੁੰਚਾਇਆ ਹੈ। ਦੋਵਾਂ ਨੇ ਮੀਡੀਆ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਅਤੇ ਆਪਣੇ-ਆਪਣੇ ਚੀਫ਼ ਔਫ਼ ਸਟਾਫ ਨਾਲ ਪ੍ਰਾਈਵੇਟ ਮੀਟਿੰਗ ਵੱਲ ਰੁਖ ਕੀਤਾ। ਇਹ ਪ੍ਰਾਈਵੇਟ ਮੀਟਿੰਗ ਸੱਤਾ ਦੇ ਤਬਾਦਲੇ ਦੀ ਰਿਵਾਇਤ ਦਾ ਇੱਕ ਅਹਿਮ ਹਿੱਸਾ ਹੈ, ਜਿਸ ਵਿੱਚ ਦੋਵੇਂ ਪ੍ਰਸ਼ਾਸਨ ਆਪਣੇ ਕਾਇਮ ਮਾਮਲਿਆਂ ਅਤੇ ਭਵਿੱਖ ਦੇ ਯੋਜਨਾਵਾਂ ਬਾਰੇ ਗੱਲਬਾਤ ਕਰਦੇ ਹਨ। ਹਾਲਾਂਕਿ, 2020 ਵਿੱਚ ਟਰੰਪ ਨੇ ਇਸ ਰਸਮੀ ਰਸਮ ਵਿੱਚ ਹਿੱਸਾ ਲੈਣ ਤੋਂ ਮਨਾ ਕਰ ਦਿੱਤਾ ਸੀ, ਜਿਸ ਨਾਲ ਉਹ ਸਮਾਂ ਸਿਆਸੀ ਅਤੇ ਆਮ ਲੋਕਾਂ ਵਿੱਚ ਕਾਫੀ ਚਰਚਾ ਦਾ ਵਿਸ਼ਾ ਬਣਿਆ ਸੀ। ਟਰੰਪ ਦੀ ਜਿੱਤ ਦੇ ਨਾਲ ਹੀ ਰਿਪਬਲੀਕਨ ਪਾਰਟੀ ਨੇ ਸਿਆਸੀ ਮੰਜੇ ਤੇ ਆਪਣੀ ਪਕੜ ਮਜ਼ਬੂਤ ਕੀਤੀ ਹੈ। ਐਸੋਸੀਏਟਿਡ ਪ੍ਰੈਸ ਦੇ ਅਨੁਮਾਨਾਂ ਦੇ ਮੁਤਾਬਕ, ਰਿਪਬਲਿਕਨਜ਼ ਨੇ ਸੈਨੇਟ ਵਿੱਚ ਡੈਮੋਕਰੇਟਸ ਤੋਂ ਬਹੁਮਤ ਜਿੱਤਣ ਲਈ ਲਾਜ਼ਮੀ ਸੀਟਾਂ ਹਾਸਲ ਕਰ ਲਈਆਂ ਹਨ ਅਤੇ ਹੁਣ ਸਦਨ ਦਾ ਨਿਯੰਤਰਣ ਹਾਸਲ ਕਰਨ ਦੇ ਕੰਢੇ 'ਤੇ ਹਨ, ਜਿਸ ਵਿੱਚ ਉਹਨਾਂ ਨੂੰ ਕੇਵਲ ਦੋ ਹੋਰ ਸੀਟਾਂ ਦੀ ਲੋੜ ਹੈ। ਟਰੰਪ ਦੀ ਇਹ ਰਾਜਨੀਤਿਕ ਵਾਪਸੀ ਉਹਨਾਂ ਦੇ ਵਿਰੋਧੀਆਂ ਲਈ ਇੱਕ ਚੁਣੌਤੀਮਈ ਸੂਚਕ ਹੈ। This report was written by Ekjot Singh as part of the Local Journalism Initiative.

# ਗਿੱਲ ਪਰਿਵਾਰ ਨੂੰ ਸਦਮਾ - ਮਾਤਾ ਜਗੀਰ ਕੌਰ ਗਿੱਲ ਸਵਰਗਵਾਸ



ਸਰੀ, (ਹਰਦਮ ਮਾਨ): ਸਰੀ ਵਿਚ ਰਹਿੰਦੇ ਪਿੰਡ ਤਾਰੇਵਾਲਾ ਜ਼ਿਲਾ ਮੋਗਾ ਦੇ ਗਿੱਲ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਿਆ ਜਦੋਂ ਉਨ੍ਹਾਂ ਦੇ ਮਾਤਾ ਜਗੀਰ ਕੌਰ ਗਿੱਲ ਧਰਮ ਪਤਨੀ ਸਵ. ਹਜੂਰਾ ਸਿੰਘ ਗਿੱਲ, 7 ਨਵੰਬਰ 2024 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਸਦੀਵੀ ਵਿਛੋੜਾ ਦੇ ਗਏ। ਉਹ 99 ਸਾਲਾਂ ਦੇ ਸਨ। ਉਹਨਾਂ ਦਾ ਅੰਤਿਮ ਸੰਸਕਾਰ 15 ਨਵੰਬਰ 2024 ਦਿਨ ਸ਼ੁੱਕਰਵਾਰ ਨੂੰ ਰਿਵਰਸਾਈਡ ਫਿਊਨਰਲ ਹੋਮ (7410 ਹੌਪਕੌਟ ਰੋਡ) ਡੈਲਟਾ ਵਿਚ ਬਾਅਦ ਦੁਪਹਿਰ ਇਕ ਵਜੇ ਹੋਵੇਗਾ ਅਤੇ ਉਪਰੰਤ ਸਹਿਜ ਪਾਠ ਭੋਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਸ਼ਾਮ 3 ਵਜੇ ਪਾਇਆ ਜਾਵੇਗਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਸਪੁੱਤਰ ਜਸਵਿੰਦਰ ਸਿੰਘ ਗਿੱਲ ਨਾਲ ਫੋਨ ਨੰਬਰ 604-366-4447 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਫ਼ਾ 1 ਦਾ ਬਾਕੀ

ਆਰਥਿਕ ਸਹਾਇਤਾ ਲਈ ਅਪੀਲ ਕੀਤੀ ਹੈ। ਦੋ ਬੱਚਿਆਂ ਦੇ ਪਿਤਾ ਰਬਿੰਦਰ ਨੂੰ ਸਪੁਰਦ-ਏ-ਖ਼ਾਕ ਕਰਨ ਲਈ ਉਹਨਾਂ ਦੇ ਪਰਿਵਾਰ ਨੂੰ ਭਾਰੀ ਮਨੋਵਿਕਾਰ ਅਤੇ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਬਿੰਦਰ ਸਿੰਘ ਮੱਲ੍ਹੀ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮੱਲ੍ਹੀ ਸ਼ਾਂਤੀਪਸੰਦ ਅਤੇ ਸੇਵਾਭਾਵਨਾ ਵਾਲਾ ਸੀ ਅਤੇ ਨੇ ਹਮੇਸ਼ਾਂ ਭਾਈਚਾਰੇ ਅਤੇ ਪਰਿਵਾਰ ਵਿੱਚ ਪਿਆਰ ਅਤੇ ਸਤਿਕਾਰ ਨਾਲ ਰਹਿੰਦਾ ਸੀ। ਉਸ ਦੀ ਮੌਤ, ਇਥੇ ਵੱਧ ਰਹੇ ਅਪਰਾਧ ਦਾ ਨਤੀਜਾ ਹੈ ਜਿਸ ਨੇ ਬ੍ਰੈਂਪਟਨ ਦੇ ਵਾਤਾਵਰਣ ਵਿੱਚ ਚਿੰਤਾ ਅਤੇ ਦਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪਰਿਵਾਰ ਨੇ ਸਥਾਨਕ ਭਾਈਚਾਰੇ ਅਤੇ ਸਹਿਯੋਗੀ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਦੁਖਦਾਈ ਘੜੀ ਵਿੱਚ ਸਹਿਯੋਗ ਦੇਣ। ਬ੍ਰੈਂਪਟਨ ਦੇ ਰਬਿੰਦਰ ਸਿੰਘ ਮੱਲ੍ਹੀ ਇੱਕ ਪਿਆਰ ਕਰਨ ਵਾਲੇ ਪਿਤਾ, ਪਤੀ ਅਤੇ ਭਾਈਚਾਰੇ ਦੇ ਮਾਣਯੋਗ ਮੈਂਬਰ ਸਨ। ਉਹ 51 ਸਾਲ ਦੀ ਉਮਰ ਵਿੱਚ ਇੱਕ ਅਚਾਨਕ ਅਤੇ ਦੁਖਦਾਈ ਘਟਨਾ ਦਾ ਸ਼ਿਕਾਰ ਬਣੇ, ਜਿਸ ਨਾਲ ਸਿਰਫ਼ ਉਨ੍ਹਾਂ ਦਾ ਪਰਿਵਾਰ ਹੀ ਨਹੀਂ, ਸਗੋਂ ਪੂਰਾ ਭਾਈਚਾਰਾ ਹਿਲ ਗਿਆ ਹੈ। ਰਬਿੰਦਰ ਸਿੰਘ ਮੱਲ੍ਹੀ ਨੂੰ ਉਹਨਾਂ ਦੀ ਸਮਾਜਿਕ ਸੇਵਾ, ਨੇਕੀ ਅਤੇ ਸਭ ਨਾਲ ਪਿਆਰ ਭਰਪੂਰ ਵਿਹਾਰ ਲਈ ਜਾਣਿਆ ਜਾਂਦਾ ਸੀ। ਉਨ੍ਹਾਂ ਦੀ ਪਤਨੀ, ਜਸਪ੍ਰੀਤ ਮੱਲ੍ਹੀ, ਨੇ ਰਬਿੰਦਰ ਦੀ ਯਾਦ ਨੂੰ ਸਾਂਝਾ ਕਰਦਿਆਂ ਕਿਹਾ ਕਿ ਉਹ ਸਿਰਫ਼ ਇੱਕ ਆਦਰਸ਼ ਪਤੀ ਨਹੀਂ ਸਨ, ਸਗੋਂ ਪਰਿਵਾਰ ਦੀ ਮਜ਼ਬੂਤੀ ਅਤੇ ਖੁਸ਼ੀ ਦਾ ਕੇਂਦਰ ਸਨ। ਰਬਿੰਦਰ ਦੀ ਮੌਤ ਨੇ ਉਨ੍ਹਾਂ ਦੇ ਪਰਿਵਾਰ ਵਿੱਚ ਇੱਕ ਵਿਸ਼ਾਲ ਖਾਲੀਪਣ ਛੱਡ ਦਿੱਤਾ ਹੈ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ

ਜਸਬੀਰ ਸਿੰਘ ਬਾਧ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...

Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

ADVISORY BOARD

• Gurvinder Singh Dhaliwal
Vancouver,
604-825-1550

• Gurlal Singh
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)

punjabitribune

iptribune@gmail.com

www.punjabitribune.ca

punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾ.ਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾ.ਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾ.ਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।



# ਕੈਨੇਡਾ ਦੀ ਪੱਤਝੜ

**ਵਲੋਂ : ਹਰੀ ਕ੍ਰਿਸ਼ਨ ਮਾਇਰ**

ਭਾਰਤ ਵਾਂਗ ਕੈਨੇਡਾ ਵਿੱਚ ਵੀ ਚਾਰ ਰੁੱਤਾਂ ਹੀ ਹੁੰਦੀਆਂ ਹਨ। ਕੈਨੇਡਾ ਵਿੱਚ ਨਵੇਂ ਆਉਣ ਵਾਲੇ ਲੋਕਾਂ ਦੇ ਮਨ ਵਿੱਚ ਇੱਕ ਧਾਰਨਾ ਪਹਿਲਾਂ ਹੀ ਬਣੀ ਹੁੰਦੀ ਹੈ ਕਿ ਉੱਥੇ ਤਾਂ ਹਰ ਸਮੇਂ ਕਾਂਬਾ ਛੇੜਨ ਵਾਲੀ ਠੰਢ ਪੈਂਦੀ ਹੈ, ਕਈ ਖ਼ਿੱਤੇ ਬਰਫ਼ਾਂ ਨਾਲ ਘਿਰੇ ਰਹਿੰਦੇ ਹਨ, ਇਹ ਨਿਰੀ ਗ਼ਲਤ ਧਾਰਨਾ ਹੈ। ਕੈਨੇਡਾ ਕਾਫ਼ੀ ਵੱਡਾ ਮੁਲਕ ਹੈ, ਪੰਜ ਟਾਈਮ ਜ਼ੋਨਾਂ ਵਿੱਚ ਵੰਡਿਆ ਹੋਇਆ ਹੈ। ਇੱਥੇ ਵੱਖ-ਵੱਖ ਮੌਸਮਾਂ ਦਾ ਆਨੰਦ ਮਾਣਿਆ ਜਾਂਦਾ ਹੈ। ਇਸ ਦੇ ਘੁੱਗ ਵੱਸਦੇ ਸੂਬੇ ਹਨ-ਓਂਟਾਰੀਓ, ਕਿਊਬੈਕ, ਅਲਬਰਟਾ, ਨੋਵਾ ਸਕੌਸ਼ੀਆ, ਬ੍ਰਿਟਿਸ਼ ਕੋਲੰਬੀਆ। ਇਨ੍ਹਾਂ ਸਭਨਾਂ ਵਿੱਚ ਵਿੱਚ ਚਾਰ ਰੁੱਤਾਂ ਆਉਂਦੀਆਂ ਹਨ, ਪਰ ਹਰ ਪ੍ਰੋਵਿੰਸ ਵਿੱਚ ਰੁੱਤਾਂ ਦਾ ਆਪੋ ਆਪਣਾ ਮੌਸਮ ਹੁੰਦਾ ਹੈ। ਆਪੋ ਆਪਣਾ ਅੰਦਾਜ਼ ਹੁੰਦਾ ਹੈ। ਪਰ ਇੱਥੇ ਅਸੀਂ ਰੰਗ ਬਿਰੰਗੇ ਡਿੱਗਦੇ ਪੱਤਿਆਂ ਦੀ ਰੁੱਤ 'ਪੱਤਝੜ' ਦੀ ਹੀ ਗੱਲ ਕਰਾਂਗੇ।

ਤੇਈ ਸਤੰਬਰ ਨੂੰ ਜਦੋਂ ਪੂਰੇ ਸੰਸਾਰ ਅੰਦਰ ਸਾਲ ਦੌਰਾਨ ਰਾਤ ਤੇ ਦਿਨ ਤਕਰੀਬਨ ਇੱਕੋ ਜਿੰਨੇ ਲੰਬੇ ਮੰਨੇ ਜਾਂਦੇ ਹਨ, ਉੱਤਰੀ ਗੋਲਾਰਧ ਅੰਦਰ ਇਸ ਨੂੰ 'ਪੱਤਝੜ ਦਾ ਸ਼ੁਰੂਆਤੀ ਦਿਨ' ਮੰਨਿਆ ਜਾਂਦਾ ਹੈ। ਹਰ ਆਏ ਸਾਲ ਇਸ ਤਾਰੀਖ਼ ਵਿੱਚ ਇੱਕ ਅੱਧੇ ਦਿਨ ਦਾ ਵਾਧਾ ਘਾਟਾ ਵੀ ਹੁੰਦਾ ਰਹਿੰਦਾ ਹੈ। ਤਿੰਨ ਮਹੀਨੇ ਸਤੰਬਰ, ਅਕਤੂਬਰ ਅਤੇ ਨਵੰਬਰ ਪੱਤਝੜ ਦੇ ਮਹੀਨੇ ਹੁੰਦੇ ਹਨ। ਕੈਨੇਡਾ ਦੀ ਧਰਤੀ 'ਤੇ ਪੱਤਝੜ ਜਿਸ ਨੇ ਦੇਖੀ ਹੈ, ਉਨ੍ਹਾਂ ਨੂੰ ਪਤਾ ਹੈ ਕਿ ਇਹ ਬਹਾਰ ਨੂੰ ਵੀ ਮਾਤ ਪਾ ਜਾਂਦੀ ਹੈ। ਧਰਤੀ 'ਤੇ ਖੜ੍ਹੇ ਰੁੱਖ ਰੰਗ ਬਿਰੰਗੇ ਡਿੱਗਦੇ ਪੱਤਿਆਂ ਨਾਲ ਨੱਚਦੇ ਨਜ਼ਰ ਆਉਂਦੇ ਹਨ। ਪੌਣਾਂ ਰੁੱਖਾਂ ਤੋਂ ਪੱਤੇ ਖੋਹ ਕੇ ਧਰਤੀ ਦੀ ਕੈਨਵਸ 'ਤੇ ਪੱਤਿਆਂ ਦੀ ਚਿੱਤਰਕਾਰੀ ਕਰਦੀਆਂ ਹਨ।

ਲੋਕ ਪੱਤਝੜ ਨੂੰ ਇਸ ਕਰਕੇ ਵੀ ਪਸੰਦ ਕਰਦੇ ਹਨ ਕਿਉਂਕਿ ਇਸ ਰੁੱਤੇ ਰੁੱਖਾਂ ਦੇ ਪੱਤੇ ਵੰਨ ਸੁਵੰਨੇ ਰੰਗ ਬਦਲਦੇ ਹਨ। ਹਰੇ ਪੱਤੇ, ਸੋਨ ਸੁਨਹਿਰੀ ਭਾਅ ਮਾਰਦੇ ਲਾਲ ਹੋ ਜਾਂਦੇ ਹਨ, ਫਿਰ ਨਾਰੰਗੀ ਹੋ ਜਾਂਦੇ ਹਨ। ਰੁੱਖਾਂ ਤੋਂ ਪੱਤੇ ਮੀਂਹ ਵਾਂਗ ਡਿੱਗਦੇ ਧਰਤੀ ਉੱਤੇ ਇੱਕ ਰੰਗੀਲੀ ਚਾਦਰ ਵਿਛਾ ਜਾਂਦੇ ਹਨ। ਲੋਕ ਸਪੈਸ਼ਲ ਟੂਰ ਕਰਕੇ ਖ਼ਾਸ ਥਾਵਾਂ 'ਤੇ ਡਿੱਗਦੇ ਰੰਗਦਾਰ ਪੱਤਿਆਂ ਦਾ ਨਜ਼ਾਰਾ ਦੇਖਣ ਜਾਂਦੇ ਹਨ। ਚਿੱਤਰਕਾਰ ਲੈਂਡ ਸਕੈਪ ਤਿਆਰ ਕਰਦੇ ਹਨ। ਕੈਨੇਡਾ ਦੇ ਕਈ ਚਿੱਤਰਕਾਰਾਂ ਅਤੇ ਲੇਖਕਾਂ ਨੇ ਪੱਤਝੜ ਦੀ ਖ਼ੂਬਸੂਰਤੀ ਨੂੰ ਰੰਗਾਂ ਅਤੇ ਸ਼ਬਦਾਂ ਰਾਹੀਂ ਬਿਆਨਿਆ ਹੈ। 'ਔਟਮ ਡੇਅ' ਆਇਲ ਪੇਂਟਿੰਗ ਵੈਨਕੂਬਰ, ਬ੍ਰਿਟਿਸ਼ ਕੋਲੰਬੀਆ ਨਾਲ ਸਬੰਧਿਤ ਕੈਨੇਡੀਅਨ ਚਿੱਤਰਕਾਰ ਪੌਲ ਚੀਜ਼ਿਕ ਦੀ ਤਿਆਰ ਕੀਤੀ ਲੈਂਡ ਸਕੈਪ ਆਧੁਨਿਕ ਕਲਾ ਦੀ ਸੁੰਦਰ ਪੇਸ਼ਕਾਰੀ ਹੈ। ਡੁਰਾਨ ਨੇ ਪੱਤਿਆਂ ਦੀ ਵਰਤੋਂ ਕਰਕੇ ਆਰਟ ਦੀ ਇੱਕ ਨਵੀਂ ਤਕਨੀਕ ਲੱਭੀ ਹੈ। ਪ੍ਰਕਿਰਤੀ ਅਤੇ ਜਨੂੰਨ ਉਸ ਦੀਆਂ ਪੇਂਟਿੰਗਾਂ ਵਿੱਚੋਂ ਸਾਫ਼ ਦੀਂਹਦਾ ਹੈ। ਲੋਰੈਂਜ਼ੋ ਨੇ ਪੱਤਿਆਂ ਨੂੰ ਕੱਟ ਕੇ ਖ਼ੂਬਸੂਰਤ ਗੁੰਝਲਦਾਰ ਕੰਮ ਕੀਤਾ ਹੈ। ਐਂਡੀ ਗੋਲਡਸਵਰਦੀ ਨੇ ਕੁਦਰਤੀ ਤੱਤਾਂ ਜਿਵੇਂ ਟਾਹਣੀਆਂ, ਪੱਤੇ, ਪੱਥਰ, ਬਰਫ਼, ਕਾਨੇ, ਕੰਡੇ ਮਿਲਾ ਕੇ ਚਿੱਤਰਕਲਾ ਦਾ ਨਵਾਂ ਤਰੀਕਾ ਬਾਖ਼ੂਬੀ ਪੇਸ਼ ਕੀਤਾ ਹੈ। ਪੱਤੇ ਜਣਨ ਅਤੇ ਵਾਧੇ ਦੇ ਪ੍ਰਤੀਕ ਹਨ। ਨੈਨਸੀ ਅਜ਼ਾਰਾ ਪੱਤਿਆਂ ਦੀ ਪ੍ਰਿੰਟਿੰਗ ਲਈ ਪ੍ਰਸਿੱਧ ਹੈ। ਚਿੱਤਰਕਾਰ ਆਂਸਲ ਐਡਮਜ, ਐਲਬਰਟ ਬਾਇਰਸਟੈਟ ਸੈਲੀਮਾਨ, ਕਲਾਊਡਮੋਨੈਟ ਪ੍ਰਕਿਰਤੀ ਨੂੰ ਚਿੱਤਰਨ ਵਾਲੇ ਮਕਬੂਲ ਰੰਗਕਾਰ ਹਨ।

ਕੈਨੇਡਾ ਵਿੱਚ ਇਹ ਮੰਨਤ ਹੈ ਕਿ ਜੇ ਤੁਹਾਡੇ ਕੋਲ ਕੱਦੂ ਜਾਂ ਪੰਪਕਿਨ ਹੈ ਤਾਂ ਤੁਸੀਂ ਖੁਸ਼ਕਿਸਮਤ ਹੋ। ਪੱਤਝੜ ਵਿੱਚ ਕੱਦੂ ਦਾ ਸੁਆਦ ਕਿੰਨੇ ਤਰੀਕਿਆਂ ਨਾਲ ਚੱਖਿਆ ਜਾ ਸਕਦਾ ਹੈ। ਪੰਪਕਿਨ ਪਾਈ, ਪੰਪਕਿਨ ਨਾਨ/ਰੋਟੀ, ਬਰੈੱਡ, ਪੰਪਕਿਨ ਮਸਾਲੇਦਾਰ ਕੌਫ਼ੀ, ਚਾਹ ਆਮ ਉਪਲੱਬਧ ਹੁੰਦੀ ਹੈ। ਲੋਕ ਪੱਤਝੜੀ ਮਹੀਨਿਆਂ ਵਿੱਚ ਇਨ੍ਹਾਂ ਨੂੰ ਖਾਣਾ ਪਸੰਦ ਕਰਦੇ ਹਨ। ਪੱਤਝੜ ਵਿੱਚ ਮਠਿਆਈਆਂ, ਸੁੱਕੇ ਮੇਵੇ, ਫ਼ਲਾਂ ਆਦਿ ਲਈ ਸਭ ਤੋਂ ਢੁੱਕਵਾਂ ਮੌਸਮ ਹੁੰਦਾ ਹੈ। ਇਸ ਮੌਸਮ ਵਿੱਚ ਕੈਰੇਮਲ ਸੇਬ, ਟੌਫੀਆਂ, ਕੈਂਡੀਆਂ, ਪੰਪਕਿਨ ਪਾਈ, ਐਪਲ ਪਾਈ, ਪੇਕਨ ਪਾਈ ਚੋਖੀ ਮਾਤਰਾ ਵਿੱਚ ਮਿਲ ਜਾਂਦੀਆਂ ਹਨ।

ਤੀਬਰ ਗਰਮੀ ਪਿੱਛੋਂ ਪੱਤਝੜ ਠੰਢਕ ਦਾ ਅਹਿਸਾਸ ਲੈ ਕੇ ਆਉਂਦਾ ਹੈ। ਨਿੱਘੇ ਦਿਨ ਅਤੇ ਨਿੱਘੀਆਂ ਰਾਤਾਂ, ਠੰਢੀ ਪੌਣ ਦੇ ਬੁੱਲੇ ਦਰਵਾਜ਼ਿਆਂ 'ਤੇ ਦਸਤਕ ਦਿੰਦੇ ਹਨ। ਖਿੜਕੀਆਂ ਖੁੱਲ੍ਹੀਆਂ ਰੱਖਣ ਨੂੰ ਦਿਲ ਕਰਦਾ ਹੈ। ਪੱਤਝੜ ਨਾਲ ਨਵੀਆਂ ਜੈਕਟਾਂ, ਬੂਟ, ਸ਼ੌਰਟਸ, ਨਵੇਂ ਡਰੈੱਸ, ਮਜ਼ੇਦਾਰ ਫਲਿਪ ਫਲੌਪ ਬੜੇ ਪਸੰਦ ਕੀਤੇ ਜਾਂਦੇ ਹਨ। ਫਾਇਰ ਪਿੱਟਸ ਲੈਣ ਦਾ ਵੀ ਇਹ ਬੜਾ ਢੁੱਕਵਾਂ ਸਮਾਂ ਮੰਨਿਆਂ ਜਾਂਦਾ ਹੈ।

ਭਾਵੇਂ ਤੁਸੀਂ ਹੈਲੋਵੀਨ ਦੀ ਤਿਆਰੀ ਕਰ ਰਹੇ ਹੋ ਜਾਂ ਡਿਆਡੋ ਲੋਸ ਮੁਰਟੋਸ ਲਈ 'ਖੋਪੜੀ' ਤਿਆਰ ਕਰ ਰਹੇ ਹੋ ਜਾਂ ਫਿਰ ਥੈਂਕਸ ਗਿਵਿੰਗ ਲਈ ਤਿਆਰੀ ਕਰ ਰਹੇ ਹੋ। ਪੱਤਝੜ ਵਿੱਚ ਬੱਚਿਆਂ ਅਤੇ ਬਾਲਗਾਂ ਲਈ ਬਹੁਤ ਸਾਰੀਆਂ ਸ਼ਿਲਪ ਗਤੀਵਿਧੀਆਂ ਦਾ ਸਾਮਾਨ ਮਾਰਕੀਟ ਵਿੱਚ ਉਪਲੱਬਧ ਹੁੰਦਾ ਹੈ। ਬੱਚੇ ਇਨ੍ਹਾਂ ਗਤੀਵਿਧੀਆਂ ਵਿੱਚ ਚੋਖਾ ਸਮਾਂ ਗੁਜ਼ਾਰਦੇ ਹਨ। ਸਕੂਲ ਵੀ ਬੱਚਿਆਂ ਨੂੰ ਕਲਾ ਵੱਲ ਉਤਸ਼ਾਹਿਤ ਕਰਦੇ ਹਨ। ਵਿਸ਼ਵ ਭਰ ਵਿੱਚ ਪੱਤਝੜ ਦੇ ਮੌਸਮ ਵਿੱਚ ਛੁੱਟੀਆਂ ਵੱਡੀ ਗਿਣਤੀ ਵਿੱਚ ਹੁੰਦੀਆਂ ਹਨ। ਇਸ ਮੌਸਮ ਵਿੱਚ ਅਕਤੂਬਰ ਦੇ ਅਖੀਰਲੇ ਦਿਨ ਹੈਲੋਵੀਨ, ਥੈਂਕਸ ਗਿਵਿੰਗ, ਡਿਆਡੋ ਲੋਸ ਮੁਰਟੋਸ ਜਿਹੇ ਤਿਓਹਾਰ ਹੁੰਦੇ ਹਨ। ਸੁਆਦਲੇ ਖਾਣੇ, ਬਹੁਰੰਗੇ ਕੱਪੜੇ, ਫੰਕਸ਼ਨ, ਕੌਸਟਿਊਮ ਪਾਰਟੀਆਂ, ਫਿਲਮ ਸ਼ੋਅ, ਟਰਿੱਕ, ਮਸਤੀਆਂ ਅਤੇ ਸ਼ਰਾਰਤਾਂ ਇਸੇ ਮੌਸਮ ਵਿੱਚ ਹੁੰਦੀਆਂ ਹਨ। ਹੈਲੋਵੀਨ ਮੁਰਦਾ ਰੂਹਾਂ ਦਾ ਤਿਓਹਾਰ ਹੈ। ਇਸ ਦਿਨ ਬੱਚੇ ਘਰ ਘਰ ਸਾਡੇ ਲੋਹੜੀ ਵਾਂਗ ਕੈਂਡੀਆਂ, ਚਾਕਲੇਟ, ਟਾਫ਼ੀਆਂ, ਸਵੀਟਸ ਆਦਿ ਮੰਗਣ ਜਾਂਦੇ ਹਨ।

ਪਤਝੜ ਦੌਰਾਨ ਕੈਨੇਡਾ ਵਿੱਚ ਇਮੋਜ਼ੀ ਵਿੱਚ ਵੀ 'ਫਾਲਿੰਗ ਲੀਫ' ਇਮੋਜ਼ੀ ਦਾ ਚਿੰਨ੍ਹ ਵਰਤਿਆ ਜਾਂਦਾ ਹੈ। ਇਹ ਪੱਤਝੜੀ ਪੱਤਾ ਹੈ, ਜਿਸ ਦਾ ਰੰਗ ਬਦਲਿਆ ਹੋਇਆ ਹੈ। ਇਹ ਰੁੱਖ ਤੋਂ ਟੁੱਟ ਕੇ ਧਰਤੀ 'ਤੇ ਡਿੱਗਿਆ ਪਿਆ ਹੈ। ਅਧਿਆਤਮਕ ਲੋਕ ਪੱਤਝੜ ਦੇ ਪੱਤੇ ਨੂੰ ਵਿਕਾਸ ਅਤੇ ਪੁਨਰਜਨਮ ਦਾ ਪ੍ਰਤੀਕ ਮੰਨਦੇ ਹਨ।

ਮੈਪਲ ਰੁੱਖ ਦਾ ਪੱਤਾ ਪਿਆਰ, ਸੰਤੁਲਨ, ਲੰਬੀ ਉਮਰ ਅਤੇ ਬਰਕਤਾਂ ਦਾ ਪ੍ਰਤੀਕ ਹੈ। ਪੱਤਝੜ ਦੌਰਾਨ ਸਭ ਤੋਂ ਸੋਹਣੇ ਰੰਗ ਸ਼ੂਗਰ ਮੈਪਲ ਦੇ ਪੱਤਿਆਂ ਦੇ ਹੁੰਦੇ ਹਨ। ਇਹ ਲਾਲ, ਸੰਗਤਰੀ, ਪੀਲੇ ਰੰਗਾਂ ਵਿੱਚ ਦਿਲ ਨੂੰ ਮੋਹ ਲੈਂਦੇ ਹਨ।

ਪੱਤਝੜ ਦੌਰਾਨ ਰੰਗਾਂ ਦੀ ਬਰਸਾਤ ਦਾ ਨਜ਼ਾਰਾ ਦੇਖਣ ਲਈ ਲੋਕ ਕੈਨੇਡਾ ਦੀਆਂ ਬੜੀਆਂ ਥਾਵਾਂ 'ਤੇ ਸੈਰ ਸਪਾਟੇ 'ਤੇ ਜਾਂਦੇ ਹਨ। ਦੇਖਣਯੋਗ ਥਾਵਾਂ ਵਿੱਚ ਮਾਂਟਰੀਅਲ, ਕਿਊਬੈਕ, ਹਜ਼ਾਰਾ ਆਈਲੈਂਡ, ਓਂਟਾਰੀਓ, ਨਿਆਗਰਾ ਫਾਲਜ, ਬੈਂਫ ਨੈਸ਼ਨਲ ਪਾਰਕ, ਐਲਬਰਟਾ, ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਓਕਾਂਗਨ ਘਾਟੀ, ਪਰਕ ਓਮੇਗਾ ਆਦਿ ਦਾ ਨਾਂ ਲਿਆ ਜਾ ਸਕਦਾ ਹੈ।

ਕੈਨੇਡਾ ਦੀ ਪੱਤਝੜ (ਫਾਲ) ਇੱਕ ਦ੍ਰਿਸ਼ਟੀ ਮਾਨ ਹੁੰਦਾ ਹੈ ਜੋ ਕੁਦਰਤੀ ਖ਼ੂਬਸੂਰਤੀ ਨਾਲ ਭਰਪੂਰ ਹੈ। ਸਤੰਬਰ ਦੇ ਮੱਧ ਤੋਂ ਨਵੰਬਰ ਦੀ ਸ਼ੁਰੂਆਤ ਤੱਕ ਇਹ ਰੁੱਤ ਰੰਗਾਂ ਦੀ ਬਹਾਰ ਲਿਆਉਂਦੀ ਹੈ। ਪੱਤਝੜ ਦੇ ਦੌਰਾਨ, ਦਰੱਖਤਾਂ ਦੇ ਪੱਤੇ ਹਰੇ ਤੋਂ ਲਾਲ, ਪੀਲੇ, ਸੁਨਹਿਰੇ ਅਤੇ ਸੰਤਰੀ ਰੰਗਾਂ ਵਿੱਚ ਬਦਲ ਜਾਂਦੇ ਹਨ। ਇਹ ਰੰਗ ਬਦਲਾਅ ਦਾ ਕਾਰਨ ਦਰੱਖਤਾਂ ਵਿੱਚ ਕਲੋਰੋਫਿਲ ਦੇ ਘਟਣ ਕਾਰਨ ਹੁੰਦਾ ਹੈ, ਜਿਸ ਨਾਲ ਹੋਰ ਰੰਗਦਾਰ ਪਦਾਰਥ ਸਾਹਮਣੇ ਆਉਂਦੇ ਹਨ।

ਪੱਤਝੜ ਦੇ ਨਜ਼ਾਰੇ ਵਿੱਚ ਓਨਟੇਰਿਓ ਅਤੇ ਕਿਊਬੈਕ ਦੇ ਜੰਗਲ ਖਾਸ ਤੌਰ 'ਤੇ ਪ੍ਰਸਿੱਧ ਹਨ, ਜਿੱਥੇ ਬੇਹਿਸਾਬ ਮੈਪਲ ਦੇ ਦਰੱਖਤ ਹਨ ਜੋ ਆਪਣੇ ਗਾਢੇ ਲਾਲ ਰੰਗਾਂ ਲਈ ਮਸ਼ਹੂਰ ਹਨ। ਓਨਟੇਰਿਓ ਦੀ ਮੂਸੀਨ ਜ਼ਿਲ੍ਹਾ ਅਤੇ ਐਲਗੋਨਕੁਇਨ ਪਾਰਕ ਵਰਗੇ ਇਲਾਕੇ, ਟੋਰਾਂਟੋ ਦੇ ਆਸ-ਪਾਸ ਦੇ ਜੰਗਲਾਤ ਅਤੇ ਮੈਪਲ ਦੇ ਜੰਗਲ, ਸੈਲਾਨੀਆਂ ਨੂੰ ਆਕਰਸ਼ਿਤ ਕਰਦੇ ਹਨ।

ਪੱਤਝੜ ਵਿੱਚ ਸੈਰ-ਸਪਾਟੇ ਲਈ ਆਉਣ ਵਾਲੇ ਲੋਕ ਪੱਤਿਆਂ ਦੀ ਸਿਧਾਈ ਕਰਨ ਅਤੇ ਕੁਦਰਤੀ ਸੁੰਦਰਤਾ ਦਾ ਆਨੰਦ ਲੈਂਦੇ ਹਨ। ਪੱਤਝੜ ਦੇ ਸਮੇਂ ਵਿੱਚ ਫੋਟੋਗ੍ਰਾਫਰਾਂ ਲਈ ਇਹ ਰੁੱਤ ਇੱਕ ਸੁਪਨਾ ਬਣ ਜਾਦੀ ਹੈ, ਕਿਉਂਕਿ ਉਹ ਰੰਗਾਂ ਦੇ ਸੰਜੋਗਾਂ ਦੀਆਂ ਤਸਵੀਰਾਂ ਕੈਮਰੇ ਵਿੱਚ ਕੈਦ ਕਰਨ ਦਾ ਮੌਕਾ ਲੈ ਸਕਦੇ ਹਨ।

ਇਸ ਦੇ ਇਲਾਵਾ, ਕੈਨੇਡਾ ਦੇ ਲੋਕ ਪੱਤਝੜ ਨਾਲ ਜੁੜੇ ਤਿਉਹਾਰ ਮਨਾਉਂਦੇ ਹਨ। ਥੈਂਕਸਗਿਵਿੰਗ ਕੈਨੇਡਾ ਦਾ ਇੱਕ ਮੁਹੱਤਵਪੂਰਨ ਤਿਉਹਾਰ ਹੈ ਜੋ ਅਕਤੂਬਰ ਦੇ ਦੂਜੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਲੋਕ ਪਰਿਵਾਰ ਅਤੇ ਦੋਸਤਾਂ ਨਾਲ ਮਿਲਦੇ ਹਨ, ਪਾਰੰਪਰਿਕ ਖਾਣਿਆਂ ਦਾ ਆਨੰਦ ਮੰਨਦੇ ਹਨ, ਅਤੇ ਕੁਦਰਤ ਦੀਆਂ ਅਨੁਕੂਲਤਾਵਾਂ ਲਈ ਧੰਨਵਾਦੀ ਹੁੰਦੇ ਹਨ।

ਜਦੋਂ ਪੱਤਝੜ ਆਖ਼ਰੀ ਚਰਨ ਵਿੱਚ ਹੁੰਦਾ ਹੈ, ਪੱਤੇ ਦਰੱਖਤਾਂ ਤੋਂ ਡਿਗਣ ਲੱਗਦੇ ਹਨ, ਅਤੇ ਧਰਤੀ ਦੇ ਮੋਢੇ ਬੇਲੋਹ ਪੱਤਿਆਂ ਨਾਲ ਢੱਕੇ ਜਾਂਦੇ ਹਨ। ਇਸ ਨਾਲ ਇੱਕ ਨਵੀਂ ਰੁੱਤ, ਸਰਦੀ ਦੀ ਤਿਆਰੀ ਵੀ ਹੁੰਦੀ ਹੈ।

# ਭਾਰਤ ਦੇ ਚੋਣ ਕਮਿਸ਼ਨ ਦਾ ਫਿਰਕੂ ਚਿਹਰਾ ਹੋਇਆ ਜਗ ਜਾਹਰ

### ਭਾਜਪਾ ਹਾਰ ਦੇ ਡਰ ਤੋਂ ਬਦਲਾ ਰਹੀ ਹੈ ਚੋਣ ਤਾਰੀਕਾਂ,ਵਿਰੋਧੀਆਂ ਵਲੋਂ ਦੋਸ਼

ਚੋਣ ਕਮਿਸ਼ਨ ਨੇ 48 ਅਸੰਬਲੀ ਤੇ ਦੋ ਲੋਕ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ 19 ਨਵੰਬਰ ਨੂੰ ਕਰਾਉਣ ਦਾ ਐਲਾਨ ਕੀਤਾ ਸੀ। ਚਾਰ ਨਵੰਬਰ ਨੂੰ ਉਸ ਨੇ 14 ਅਸੰਬਲੀ ਸੀਟਾਂ ’ਤੇ ਪੋਲਿੰਗ ਦੀ ਤਰੀਕ ਬਦਲ ਕੇ 20 ਨਵੰਬਰ ਕਰ ਦਿੱਤੀ। ਇਨ੍ਹਾਂ ਵਿਚ ਇਕ ਸੀਟ ਕੇਰਲਾ, ਚਾਰ ਸੀਟਾਂ ਪੰਜਾਬ ਤੇ ਨੌਂ ਸੀਟਾਂ ਯੂ ਪੀ ਦੀਆਂ ਹਨ। ਕਮਿਸ਼ਨ ਨੇ ਕਿਹਾ ਕਿ ਭਾਜਪਾ, ਕਾਂਗਰਸ, ਬਸਪਾ, ਆਰ ਐੱਲ ਡੀ ਅਤੇ ਕੁਝ ਸਮਾਜੀ ਸੰਗਠਨਾਂ ਨੇ 13 ਨਵੰਬਰ ਦੇ ਲਾਗੇ-ਛਾਗੇ ਵੱਡੇ ਪੈਮਾਨੇ ’ਤੇ ਸਮਾਜੀ, ਸਭਿਆਚਾਰਕ ਤੇ ਧਾਰਮਿਕ ਪ੍ਰੋਗਰਾਮ ਹੋਣ ਕਰਕੇ ਤਰੀਕ ਬਦਲਣ ਦੀ ਮੰਗ ਕੀਤੀ ਸੀ। ਚੋਣ ਕਮਿਸ਼ਨ ਨੇ ਹਰਿਆਣਾ ਅਸੰਬਲੀ ਚੋਣਾਂ ਦੀ ਤਰੀਕ ਵੀ ਤਿਉਹਾਰਾਂ ਦਾ ਹਵਾਲਾ ਦੇ ਕੇ ਬਦਲੀ ਸੀ। ਸਵਾਲ ਇਹ ਹੈ ਕਿ ਕੀ ਚੋਣ ਕਮਿਸ਼ਨ ਪੋਲਿੰਗ ਦੀਆਂ ਤਰੀਕਾਂ ਤੈਅ ਕਰਦਿਆਂ ਕੈਲੰਡਰ ਨਹੀਂ ਦੇਖਦਾ? ਕੀ ਰਾਜਾਂ ਦੇ ਚੋਣ ਵਿਭਾਗ ਉਸ ਨੂੰ ਇਲਾਕਾਈ ਤਿਉਹਾਰਾਂ ਬਾਰੇ ਜਾਣਕਾਰੀ ਨਹੀਂ ਦਿੰਦੇ? ਇਸ ਦੇਸ਼ ਨੇ ਇਹ ਵੀ ਦੇਖਿਆ ਹੈ ਕਿ 2019 ’ਚ ਰਮਜ਼ਾਨ ਮਹੀਨੇ ’ਚ ਵੀ ਚੋਣ ਕਮਿਸ਼ਨ ਨੇ ਪੋਲਿੰਗ ਕਰਵਾਈ। ਦੇਸ਼ ਦੀ ਸਭ ਤੋਂ ਵੱਡੀ ਘੱਟਗਿਣਤੀ ਦਾ ਧਿਆਨ ਨਹੀਂ ਰੱਖਿਆ, ਜਦਕਿ ਤਮਾਮ ਪਾਰਟੀਆਂ ਤੇ ਮੁਸਲਮ ਜਥੇਬੰਦੀਆਂ ਨੇ ਤਰੀਕ ਬਦਲਣ ਦੀ ਮੰਗ ਕੀਤੀ ਸੀ। ਉਦੋਂ ਚੋਣ ਕਮਿਸ਼ਨ ਨੇ ਕਿਹਾ ਸੀ ਕਿ ਰਮਜ਼ਾਨ ਕਰਕੇ ਚੋਣ ਪ੍ਰਕਿਰਿਆ ਰੋਕ ਨਹੀਂ ਸਕਦੇ। ਜੇ ਮੌਜੂਦਾ ਜ਼ਿਮਨੀ ਚੋਣਾਂ ਵਿਚ 20 ਸੀਟਾਂ ਦੀ ਤਰੀਕ ਬਦਲੀ ਗਈ ਹੈ ਤਾਂ ਰਾਜਸਥਾਨ ਵਿਚ ਹੋਣ ਵਾਲੀਆਂ ਸੱਤ ਸੀਟਾਂ ਦੀਆਂ ਜ਼ਿਮਨੀ ਚੋਣਾਂ ਦੀ ਤਰੀਕ ਕਿਉ ਨਹੀਂ ਬਦਲੀ ਗਈ?

ਰਾਜਸਥਾਨ ਵਿਚ ਵੀ ਕਾਰਤਿਕ ਪੁੰਨਿਆ ਦੌਰਾਨ 12 ਤੋਂ 15 ਨਵੰਬਰ ਤੱਕ ਪੁਸ਼ਕਰ ਵਿਚ ਲੋਕ ਇਸ਼ਨਾਨ ਕਰਨਗੇ। ਉੱਥੇ ਬਹੁਤ ਵੱਡਾ ਮੇਲਾ ਵੀ ਲੱਗਣਾ ਹੈ। ਯੂ ਪੀ ਵਿਚ ਕਾਰਤਿਕ ਪੁੰਨਿਆ ਜਾਂ ਗੰਗਾ ਇਸ਼ਨਾਨ ਦੇ ਨਾਂਅ ’ਤੇ ਤਰੀਕ ਬਦਲ ਦਿੱਤੀ ਗਈ ਹੈ। ਪੰਜਾਬ ਵਿਚ ਕਾਂਗਰਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਤਰੀਕ ਬਦਲਣ ਦੀ ਮੰਗ ਜ਼ਰੂਰ ਕੀਤੀ ਸੀ। ਤਰੀਕ ਬਦਲ ਵੀ ਗਈ ਹੈ, ਪਰ ਝਾਰਖੰਡ ਵਿਚ 13 ਨਵੰਬਰ ਨੂੰ ਅਸੰਬਲੀ ਚੋਣਾਂ ਹੋ ਰਹੀਆਂ ਹਨ। ਦੇਸ਼ ਦੇ ਹੋਰਨਾਂ ਰਾਜਾਂ ਵਾਂਗ ਉੱਥੇ ਵੀ ਤਾਂ ਅਨੇਕਾਂ ਗੁਰਦੁਆਰਿਆਂ ਵਿੱਚ ਪ੍ਰਕਾਸ਼ ਪੁਰਬ ਮਨਾਇਆ ਜਾਣਾ ਹੈ।

ਸਮਾਜਵਾਦੀ ਪਾਰਟੀ ਦੇ ਆਗੂ ਅਖਿਲੇਸ਼ ਯਾਦਵ ਨੇ ਦੱਸਿਆ ਹੈ ਕਿ ਯੂ ਪੀ ਜ਼ਿਮਨੀ ਚੋਣਾਂ ਦੀ ਤਰੀਕ ਕਿਉ ਬਦਲੀ ਗਈ। ਉਨ੍ਹਾ ‘ਐਕਸ’ ਉੱਤੇ ਪੋਸਟ ਪਾਈ ਹੈਟਾਲੇਂਗੇ ਤੋ ਔਰ ਭੀ ਬੁਰਾ ਹਾਰੇਂਗੇ। ਪਹਿਲਾਂ ਮਿਲਕੀਪੁਰ ਅਸੰਬਲੀ ਹਲਕੇ ਦੀ ਜ਼ਿਮਨੀ ਚੋਣ ਟਾਲੀ ਤੇ ਹੁਣ ਨੌਂ ਸੀਟਾਂ ਦੀ ਪੋਲਿੰਗ ਦੀ ਤਰੀਕ ਬਦਲ ਦਿੱਤੀ। ਭਾਜਪਾ ਏਨੀ ਕਮਜ਼ੋਰ ਕਦੇ ਨਹੀਂ ਸੀ। ਦਰਅਸਲ ਗੱਲ ਇਹ ਹੈ ਕਿ ਯੂ ਪੀ ਵਿੱਚ ਮਹਾਂ-ਬੇਰੁਜ਼ਗਾਰੀ ਕਾਰਨ ਜਿਹੜੇ ਲੋਕ ਪੂਰੇ ਦੇਸ਼ ਵਿਚ ਕੰਮ ਲਈ ਜਾਂਦੇ ਹਨ, ਉਹ ਦੀਵਾਲੀ ਤੇ ਛੱਠ ਪੂਜਾ ਦੀ ਛੁੱਟੀ ਲੈ ਕੇ ਯੂ ਪੀ ਆਏ ਹਨ ਅਤੇ ਉਨ੍ਹਾਂ ਭਾਜਪਾ ਖਿਲਾਫ ਵੋਟਾਂ ਪਾਉਣੀਆਂ ਸਨ। ਇਸ ਦੀ ਜਿਉ ਹੀ ਭਾਜਪਾ ਨੂੰ ਭਿਣਕ ਪਈ, ਉਸ ਨੇ ਜ਼ਿਮਨੀ ਚੋਣਾਂ ਦੀ ਤਰੀਕ ਅੱਗੇ ਖਿਸਕਾ ਦਿੱਤੀ, ਤਾਂ ਜੋ ਛੁੱਟੀ ਆਏ ਲੋਕ ਬਿਨਾਂ ਵੋਟ ਪਾਏ ਪਰਤ ਜਾਣ। ਇਹ ਭਾਜਪਾ ਦੀ ਪੁਰਾਣੀ ਚਾਲ ਹੈਹਾਰੇਂਗੇ ਤੋ ਟਾਲੇਂਗੇ। ਤ੍ਰਿਣਮੂਲ ਕਾਂਗਰਸ ਦੀ ਸਾਂਸਦ ਮਹੁਆ ਮੋਇਤਰਾ ਨੇ ਜ਼ਿਮਨੀ ਚੋਣਾਂ ਅੱਗੇ ਪਾਉਣ ਦੀ ਕ੍ਰੋਨੌਲਜੀ ਸਮਝਾਉਂਦਿਆਂ ਦੱਸਿਆ ਹੈ ਕਿ ਯੋਗੀ ਆਦਿੱਤਿਆਨਾਥ ਦੀ ਸਰਕਾਰ ਨੇ ਪਹਿਲਾਂ ਬੂਥ ਲੇਵਲ ਦੇ ਮੁਸਲਮ, ਯਾਦਵ ਤੇ ਕੁਰਮੀ ਅਧਿਕਾਰੀ ਹਟਾਏ। ਯੋਗੀ ਨੇ ਤਿੰਨ ਨਵੰਬਰ ਨੂੰ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਤੇ ਚਾਰ ਨਵੰਬਰ ਨੂੰ ਚੋਣ ਕਮਿਸ਼ਨ ਨੇ ਪੋਲਿੰਗ ਇਕ ਹਫਤਾ ਅੱਗੇ ਪਾ ਦਿੱਤੀ। ਸੋਸ਼ਲ ਮੀਡੀਆ ’ਤੇ ਲੋਕ ਕਹਿ ਰਹੇ ਹਨ ਕਿ ਚੋਣ ਕਮਿਸ਼ਨ ਭਾਜਪਾ ਦੇ ਏਜੰਟ ਦੇ ਤੌਰ ’ਤੇ ਕੰਮ ਕਰ ਰਿਹਾ ਹੈ।


ਰਾਇਕੋਟ ਰਿਆਸਤ ਦੇ ਨਵਾਬ ਰਾਇ ਕਲਾ ਸਾਹਿਬ ਦੇ ਵਾਰਿਸ
ਰਾਇ ਅਜੀਜਉਲਾ ਖਾਨ ਅਤੇ ਰਾਇ ਮੁਹੰਮਦ ਅਲੀ ਖਾਨ
ਵੈਨਕੂਵਰ ਕੈਨੇਡਾ ਵਲੋਂ
ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ
555ਵੇਂ ਪ੍ਰਕਾਸ਼ ਪੁਰਬ
ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

ਰਾਇ ਅਜੀਜਉਲਾ ਖਾਨ
ਰਾਇ ਮੁਹੰਮਦ ਅਲੀ ਖਾਨ

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ,
ਵਿਆਹ, ਜਨਮਦਿਨ ਜਾਂ ਹੋਰ
ਕਿਸੇ ਵੀ ਖੁਸ਼ੀ ਮੌਕੇ ‘ਤੇ
ਪਰਿਵਾਰਕ ਸੱਭਿਆਚਾਰਕ
ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861


Keep Smiling Denture Clinic
Complete Denture | Implant Denture | Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ
ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ
ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ,
ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ
ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ
ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ
ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

## 12 ਦਸੰਬਰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸਰਕਾਰ-ਏ-ਖਾਲਸਾ ਦੇ ਹਿੰਮਤੀ ਤੇ ਬਹਾਦਰ ਜਰਨੈਲ ਜ਼ੋਰਾਵਰ ਸਿੰਘ ਨੂੰ ਚੇਤੇ ਕਰਦਿਆਂ...

**ਵਲੋਂ : ਡਾ. ਅਮਰੀਕ ਸਿੰਘ ਸ਼ੇਰ ਖਾਂ,**
**ਮੋਬਾ:98157-58466**


ਯੋਧਿਆਂ ਦੀ ਦੋਸਤੀ ਹਮੇਸ਼ਾ ਯੋਧਿਆਂ ਨਾਲ ਹੁੰਦੀ ਹੈ ਤੇ ਇੱਕ ਮਹਾਨ ਯੋਧਾ ਹੀ ਦੂਜੇ ਮਹਾਨ ਯੋਧੇ ਦੀ ਅਸਲੀ ਪਰਖ ਕਰ ਸਕਦਾ ਹੈ।ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਬਾਰਾਂ ਕੁ ਸਾਲ ਦੀ ਬਾਲ ਉਮਰੇ ਆਪਣੇ ਬਾਪ ਮਹਾਂ ਸਿੰਘ ਦੀ ਮੌਤ ਤੋਂ ਬਾਦ ਸ਼ੁਕਰਚੱਕੀਆ ਮਿਸਲ ਦਾ ਵਾਰਸ ਬਣ ਗਿਆ ਤੇ 17 ਸਾਲ ਦੀ ਉਮਰ ਵਿਚ ਹੀ ਉਸਨੇ ਆਪਣੀ ਮਾਂ ਰਾਜ ਕੌਰ ਤੇ ਸੱਸ ਸਦਾ ਕੌਰ ਦਾ ਪੱਲਾ ਛੱਡ ਕੇ ਆਪਣੇ ਆਜ਼ਾਦ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ।

ਮਹਾਰਾਜਾ ਰਣਜੀਤ ਸਿੰਘ ਨੇ 1799 ਈ. ਵਿਚ ਲਾਹੌਰ ਫਤਹਿ ਕਰਨ ਤੋਂ ਬਾਅਦ ਅਗਲੇ 40 ਸਾਲਾਂ ਦੇ ਵਿਚ-ਵਿਚ (1839 ਤੱਕ) ਜਮੁਨਾ ਤੋਂ ਲੈ ਕੇ ਅਟਕ ਤੱਕ ਖਾਲਸਾਈ ਝੰਡਾ ਲਹਿਰਾ ਦਿੱਤਾ।ਜੇ ਸੌਖੇ ਸ਼ਬਦਾਂ ਵਿੱਚ ਪੂਰਬ ਤੋਂ ਪੱਛਮ ਵੱਲ ਨੂੰ 'ਸਰਕਾਰ-ਏ-ਖਾਲਸਾ' ਦੀ ਲੰਬਾਈ ਮਾਪੀਏ ਤਾਂ ਦਿੱਲੀ ਤੋਂ ਲੈ ਕੇ ਅਫਗਾਨਿਸਤਾਨ ਦੇ ਕਾਬਲ-ਕੰਧਾਰ ਤੱਕ, ਯੋਧੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਕਾ ਚੱਲਦਾ ਸੀ।ਉੱਤਰ ਵੱਲ ਨੂੰ ਇਹ ਲੰਬਾਈ ਜੰਮੂ-ਕਸ਼ਮੀਰ ਦੀਆਂ ਹੱਦਾਂ-ਸਰਹੱਦਾਂ ਤੋਂ ਪਾਰ ਲੱਦਾਖ, ਬਲਤਿਸਤਾਨ ਤੇ ਤਿੱਬਤ ਤੱਕ ਫੈਲ ਚੁੱਕੀ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਹਰ ਔਖੀ ਘਾਟੀ ਤੇ ਖਾਲਸਾਈ ਨਿਸ਼ਾਨ ਝੁਲਾਉਣ ਲਈ ਹਰ ਕਾਬਲ ਯੋਧੇ ਦੀ ਸਦੀਵ ਹਿਮਾਇਤ ਕੀਤੀ। ਬੇਸ਼ੱਕ ਸਮੇਂ-ਸਮੇਂ ਤੇ ਉਸ ਦੇ ਕੰਨ ਵੀ ਇਹਨਾਂ ਸਿਰਲੱਥ ਯੋਧਿਆਂ ਦੇ ਖਿਲਾਫ ਭਰੇ ਜਾਂਦੇ ਰਹੇ ਪਰ ਉਹ ਹਿੰਮਤੀ ਤੇ 'ਅਗਾਂਹ ਕੁ ਤ੍ਰਾਘਿ' ਦੀ ਭਾਵਨਾ ਰੱਖਣ ਵਾਲੇ ਹਰ ਯੋਧੇ ਦੀ ਪਿੱਠ ਤੇ ਹਮੇਸ਼ਾ ਆਪਣਾ ਮਿਹਰ ਭਰਿਆ ਹੱਥ ਰੱਖੀ ਰੱਖਦਾ। ਇਸ ਮਰਜੀਵੜੇ ਤੇ ਹਿੰਮਤੀ ਬਾਦਸ਼ਾਹ ਦੇ ਕਿਰਦਾਰ ਉੱਪਰ ਤੁਹਮਤਾਂ ਲਾਉਣ ਵਾਲਿਆਂ ਨੂੰ ਆਪਣੇ ਘਰ ਤੋਂ ਬਾਹਰ ਦਾ 'ਸੁਆਨ' ਤੱਕ ਨਹੀਂ ਪਹਿਚਾਨਦਾ ਪਰ ਐਸੇ ਲੋਕ ਮਹਾਰਾਜਾ ਰਣਜੀਤ ਸਿੰਘ 'ਤੇ ਕਟਾਖਸ਼ ਕਰਨ ਦੀ ਹਿਮਾਕਤ ਕਰਦੇ ਰਹਿੰਦੇ ਹਨ।

ਖੈਰ, ਏਥੇ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਸਮਿਆਂ ਦੇ ਕਮਾਲ ਦੇ ਯੋਧੇ ਜਰਨੈਲ ਜ਼ੋਰਾਵਰ ਸਿੰਘ ਦੀ ਗੱਲ ਕਰਾਂਗੇ।ਜੇਕਰ ਪੱਛਮ ਵੱਲ ਨੂੰ 'ਸਰਕਾਰ-ਏ-ਖਾਲਸਾ' ਦੀ ਧਾਂਕ ਜਮਾਉਣ ਲਈ ਸਰਦਾਰ ਹਰੀ ਸਿੰਘ ਨਲੂਏ ਨੂੰ ਅੱਵਲ ਦਰਜਾ ਪ੍ਰਾਪਤ ਹੈ ਤਾਂ ਉੱਤਰੀ ਭਾਵ ਹਿਮਾਲੀਅਨ ਔਖੀਆਂ ਘਾਟੀਆਂ ਤੱਕ ਦਰਬਾਰ-ਏ-ਖਾਲਸਾ ਦੀ ਧਾਂਕ ਜਮਾਉਣ ਲਈ ਜਰਨੈਲ ਜ਼ੋਰਾਵਰ ਸਿੰਘ ਦਾ ਯੋਗਦਾਨ ਵੀ ਚੇਤੇ ਰੱਖਣਯੋਗ ਹੈ।ਪਰ ਅਫਸੋਸ ਇਸ ਯੋਧੇ ਦੀ ਬਾਬਤ ਬਹੁਤ ਘੱਟ ਲੋਕਾਂ ਨੂੰ ਗਿਆਨ ਹੈ। ਬੇਸ਼ੱਕ ਇਸ ਯੋਧੇ ਨੇ ਸ. ਗੁਲਾਬ ਸਿੰਘ ਡੋਗਰੇ ਦੀ ਕਮਾਂਡ ਹੇਠ ਰਿਆਸੀ (ਜੰਮੂ) ਤੋਂ ਆਪਣਾ ਫੌਜੀ ਸਫਰ ਤੈਅ ਸ਼ੁਰੂ ਕੀਤਾ ਪਰ ਦਰਬਾਰ-ਏ-ਖਾਲਸਾ ਦੀ ਚੜ੍ਹਤ ਲਈ ਐਸਾ ਸਾਹਸ ਦਿਖਾਇਆ ਕਿ ਇਹ ਯੋਧਾ ਰਿਆਸੀ ਦੇ ਭੀਮਗੜ੍ਹ ਕਿਲੇ ਤੋਂ ਆਪਣਾ ਜੇਤੂ ਸਫਰ ਤਹਿ ਕਰਦਾ ਹੋਇਆ ਅੱਗੇ ਲੱਦਾਖ, ਬਲਤਿਸਤਾਨ ਤੇ ਤਿੱਬਤ ਤੱਕ ਖਾਲਸਾ-ਰਾਜ ਦੀਆਂ ਪੈੜਾਂ ਪਹੁੰਚਾ ਕੇ ਤਿੱਬਤ ਦੀ ਧਰਤੀ ਦੇ ਇਲਾਕੇ ਤਕਲਾਕੋਟ ਦੀਆਂ ਵਾਦੀਆਂ ਵਿੱਚ ਸ਼ਹਾਦਤ ਦਾ ਜਾਮ ਪੀ ਗਿਆ।

ਬੜੀ ਹੈਰਾਨੀ ਦੀ ਗੱਲ ਹੈ ਕਿ ਸਧਾਰਨ ਪਰਿਵਾਰ ਵਿਚ ਕਹਿਲੂਰ ਦੇ ਇਲਾਕੇ 'ਚ ਜਨਮੇ ਇਸ ਯੋਧੇ ਨੂੰ ਖਾਲਸਾ ਰਾਜ ਦੇ ਸਹਾਇਕ ਗੁਲਾਬ ਸਿੰਘ ਨੇ ਜਦ ਕਿਸ਼ਤਵਾੜ ਦਾ ਗਵਰਨਰ ਥਾਪਿਆ ਸੀ ਤਾਂ ਇਸ ਕੋਲ ਸਿਰਫ ਪੰਜ ਕੁ ਹਜ਼ਾਰ ਦੇ ਕਰੀਬ ਸੈਨਿਕਾਂ ਦੀ ਨਫਰੀ ਸੀ ਪਰ ਇਸ ਸਾਹਸੀ ਯੋਧੇ ਨੇ ਲੱਦਾਖ ਵਾਲੇ ਪਾਸਿਓਂ ਕਸ਼ਮੀਰ ਨੂੰ ਸਦਾ ਵਾਸਤੇ ਆਜ਼ਾਦ ਕਰ ਦੇਣ ਦੀ ਭਾਵਨਾ ਨਾਲ ਲੱਦਾਖ ਦੇ ਰਾਜਾ ਗਿਆਲਪੋ ਉੱਪਰ



ਚੜ੍ਹਾਈ ਕਰ ਦਿੱਤੀ।ਬੇਸ਼ਕ ਰਸਤੇ 'ਚ ਅਨੇਕਾਂ ਕਠਿਨਾਈਆਂ ਸਨ ਪਰ ਉਹ ਸਰੂ ਦਰਿਆ ਨੂੰ ਪਾਰ ਕਰਕੇ ਬੋਤੀ ਕਬੀਲੇ ਦੇ ਲੜਾਕੂਆਂ ਨੂੰ ਵੀ ਹਰਾਉਣ ਵਿਚ ਸਫਲ ਰਿਹਾ।ਇਸ ਤੋਂ ਅੱਗੇ ਉਹਨੇ ਕਾਰਗਿਲ ਇਲਾਕੇ ਤੇ ਖਾਲਸਾਈ ਨਿਸ਼ਾਨ ਲਹਿਰਾਉਂਦਿਆਂ ਲੱਦਾਖੀ ਬਾਦਸ਼ਾਹ ਗਿਆਲਪੋ ਦੇ ਭੇਜੇ ਸੈਨਾਪਤੀ ਬਾਂਕੋ ਕਾਹਲੋਂ ਨੂੰ ਵੀ ਚਿੱਤ ਕਰ ਦਿੱਤਾ ਤੇ ਸੰਨ 1835 ਦੀ ਬਹਾਰ ਰੁੱਤੇ ਉਹ ਇੱਕ ਅਜਿੱਤ ਯੋਧੇ ਦੇ ਰੂਪ ਵਿੱਚ ਲੱਦਾਖ ਦੇ ਬਜ਼ਾਰਾਂ ਵਿੱਚ ਜਾ ਵੜਿਆ।

ਲੱਦਾਖੀ ਰਾਜੇ ਗਿਆਲਪੋ ਨੇ ਉਸਦੀ ਈਨ ਮੰਨ ਲਈ ਤੇ ਖਾਲਸਾ ਰਾਜ ਦੇ ਅੰਗ ਕਸ਼ਮੀਰ ਰਿਆਸਤ ਨੂੰ ਮੌਕੇ ਤੇ 50 ਹਜ਼ਾਰ ਰੁਪਏ ਯੁੱਧ ਖਰਚੇ ਵਜੋਂ ਤੇ 20 ਹਜ਼ਾਰ ਰੁਪਏ ਸਾਲਾਨਾ ਦੇਣੇ ਮੰਨ ਲਏ।ਬੇਸ਼ੱਕ ਬਾਦ ਵਿੱਚ ਕਸ਼ਮੀਰ ਦੇ ਗਵਰਨਰ ਮੀਂਹਾਂ ਸਿੰਘ ਦੀ ਚੱਕ ਵਿਚ ਆ ਕੇ ਗਿਆਲਪੋ ਆਪਣੇ ਵਾਅਦੇ ਤੋਂ ਮੁੱਕਰ ਗਿਆ ਪਰ ਜਰਨੈਲ ਜ਼ੋਰਾਵਰ ਸਿੰਘ ਦਸ ਦਿਨਾਂ ਦੇ ਵਿਚ-ਵਿਚ ਦੁਬਾਰਾ ਫਿਰ ਲੱਦਾਖ ਵਿਚ ਜਾ ਧਮਕਿਆ ਜਿਸਨੂੰ ਵੇਖ ਕੇ ਰਾਜੇ ਗਿਆਲਪੋ ਦੇ ਪਸੀਨੇ ਛੁੱਟ ਗਏ।ਉਸਨੇ ਜਰਨੈਲ ਦੇ ਪੈਰਾਂ ਤੇ ਢਹਿ ਕੇ ਵਾਅਦਾ-ਖਿਲਾਫੀ ਲਈ ਮੁਆਫੀ ਮੰਗੀ ਤੇ ਸਦਾ ਵਾਸਤੇ ਦਰਬਾਰ-ਏ-ਖਾਲਸਾ ਦਾ ਤਾਬਿਆਦਾਰ ਬਣੇ ਰਹਿਣ ਦਾ ਪ੍ਰਣ ਕੀਤਾ।ਖੈਰ, ਇਸ ਤੋਂ ਬਾਦ ਉਸਨੇ ਇਹ ਪ੍ਰਣ ਸੱਚੇ ਦਿਲੋਂ ਨਿਭਾਇਆ ਵੀ।

ਇੱਥੇ ਇਹ ਵੀ ਵਰਨਣਜੋਗ ਹੈ ਕਿ ਇੱਕ ਵਾਰ ਕਸ਼ਮੀਰ ਦੇ ਗਵਰਨਰ ਮੀਂਹਾਂ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਪਾਸ ਸ਼ਿਕਾਇਤ ਵੀ ਕੀਤੀ ਸੀ ਕਿ ਜਨਰਲ ਜ਼ੋਰਾਵਰ ਸਿੰਘ ਐਵੇਂ ਖਾਹ-ਮਖਾਹ ਲੱਦਾਖ ਤੇ ਹੋਰ ਉਚੇਰੇ ਇਲਾਕਿਆ ਵੱਲ ਵਧਿਆ ਜਾ ਰਿਹਾ ਹੈ ਜਿਸਦਾ 'ਸਰਕਾਰ-ਏ-ਖਾਲਸਾ' ਨੂੰ ਕੋਈ ਫਾਇਦਾ ਨਹੀਂ ਹੋਵੇਗਾ।ਕਹਿੰਦੇ ਹਨ ਕਿ ਦੂਰਦਰਸ਼ੀ ਮਹਾਰਾਜਾ ਰਣਜੀਤ ਸਿੰਘ ਨੇ ਮੀਂਹਾਂ ਸਿੰਘ ਦੀ ਇਸ ਸ਼ਿਕਾਇਤ ਵੱਲ ਕੋਈ ਬਹੁਤਾ ਕੰਨ ਨਹੀਂ ਧਰਿਆ ਕਿਉਂ ਕਿ ਉਹ ਤਾਂ ਹਮੇਸ਼ਾ ਹੀ ਖਾਲਸਾਈ ਪਰਚਮ ਹੱਦਾਂ-ਸਰਹੱਦਾਂ ਤੋਂ ਪਾਰ ਦੂਰ-ਦਰਾਜ਼ ਤੱਕ ਝੁਲਾਉਣ ਵਾਲਿਆਂ ਦੇ ਦਿਲੋਂ ਕਦਰਦਾਨ ਸਨ।ਮਾਨਸਰੋਵਰ ਤੇ ਸੁਮੇਰ ਪਰਬਤ ਤੱਕ ਦੇ ਇਲਾਕਿਆਂ ਨੂੰ ਤਾਂ ਗੁਰੂ ਬਾਬਾ ਨਾਨਕ ਨੇ ਆਪਣੇ ਮੁਬਾਰਕ ਕਦਮਾਂ ਨਾਲ ਗਾਹਿਆ ਹੋਇਐ।ਇਸ ਲਈ ਮਹਾਰਾਜਾ ਇਸ ਇਲਾਕੇ ਨੂੰ ਕਿੰਦਾਂ ਬੇਗਾਨਾ ਤਸਲੀਮ ਕਰ ਸਕਦੇ ਸਨ?

ਇਸ ਇਲਾਕੇ ਤੇ ਸਦਾ ਵਾਸਤੇ ਨਜ਼ਰ ਰੱਖਣ ਲਈ ਜ਼ੋਰਾਵਰ ਸਿੰਘ ਨੇ ਲੇਹ ਦੇ ਬਾਹਰਵਾਰ ਸਿੰਧ ਦੇ ਕਿਨਾਰੇ ਇੱਕ ਕਿਲੇ ਦਾ ਨਿਰਮਾਣ ਵੀ ਕੀਤਾ ਜਿਸ ਦਾ ਕਿਲ੍ਹੇਦਾਰ ਦਲੇਲ ਸਿੰਘ ਨੂੰ ਥਾਪਿਆ ਗਿਆ ਤੇ ਉਸਦੀ ਕਮਾਂਡ ਹੇਠ 300 ਦੀ ਨਫਰੀ ਤਾਇਨਾਤ ਕਰ ਦਿੱਤੀ ਗਈ।ਰਾਜੇ ਗਿਆਲਪੋ ਦੀ ਮਦਦ ਨਾਲ 1839-40 ਦੇ ਦਰਮਿਆਨ ਬਲਤਿਸਤਾਨ ਦੇ ਸ਼ਹਿਰ ਸਕਾਰਦੂ ਉੱਪਰ ਵੀ ਸਫਲ ਜਿੱਤ ਪ੍ਰਾਪਤ ਹੋਈ।ਬੇਸ਼ੱਕ 27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਚੁੱਕੇ ਸਨ ਪਰ ਇਹ ਮਰਦ-ਦਲੇਰ ਪਹਿਲਾਂ ਵਾਂਗ ਹੀ ਆਪਣੀ ਧੁਨ ਵਿਚ ਸਵਾਰ ਅੱਗੇ ਦੀ ਅੱਗੇ ਵਧਦਾ ਜਾ ਰਿਹਾ ਸੀ।

ਲੱਦਾਖ ਤੇ ਸਕਾਰਦੂ (ਬਲਤਿਸਤਾਨ) ਤੋਂ ਬਾਅਦ ਉਸਨੇ ਆਪਣੀ ਸਾਰੀ ਸ਼ਕਤੀ ਪੂਰਬੀ ਖਿੱਤੇ ਤਿੱਬਤ ਵੱਲ ਕੇਂਦਰਿਤ ਕਰ ਲਈ।ਮਈ 1841 ਨੂੰ ਉਹ ਆਪਣੀ ਛੇ ਕੁ ਹਜ਼ਾਰ ਦੀ ਸੈਨਾ ਨਾਲ ਲੱਦਾਖ ਦੇ ਬਜ਼ਾਰਾਂ ਵਿਚੋਂ ਮਾਰਚ ਕੱਢਦਾ ਹੋਇਆ ਤਿੱਬਤ ਵੱਲ ਵਧਣ ਲੱਗਾ।ਹੁਣ ਉਸ ਨਾਲ ਲੱਦਾਖੀ ਰਾਜੇ ਗਿਆਲਪੋ ਦੀ ਸੈਨਾ ਵੀ ਭਰਵਾਂ ਸਾਥ ਦੇ ਰਹੀ ਸੀ।ਉਸਨੇ ਆਪਣੀ ਸੈਨਾ ਨੂੰ ਤਿੰਨ ਟੁਕੜੀਆਂ ਵਿੱਚ ਵੰਡ ਲਿਆ।ਤਿੰਨ ਕੁ ਹਜ਼ਾਰ ਦੀ ਨਫਰੀ ਨਾਲ ਜਰਨੈਲ ਖੁਦ ਪੌਂਗਕੌਂਗ ਝੀਲ ਨੂੰ ਪਾਰ ਕਰਕੇ ਮਾਨਸਰੋਵਰ ਝੀਲ ਅਤੇ ਪ੍ਰਸਿੱਧ ਧਾਰਮਿਕ ਸਥਾਨ ਸੁਮੇਰ ਪਰਬਤ ਤੱਕ ਪਹੁੰਚ ਗਿਆ।ਥਾਂ-ਪੁਰ-ਥਾਂ ਚੌਂਕੀਆਂ ਤੇ ਰਸਦ-ਪਾਣੀ ਦੀ ਸਹਾਇਤਾ ਲਈ ਕੁਝ ਸੈਨਿਕ ਵੀ ਤਾਇਨਾਤ ਕਰਦਾ ਗਿਆ ।

ਟਕਲਾਕੋਟ ਦੇ ਨੇੜੇ 'ਚੀ-ਤਿਆਂਗ' ਸਥਾਨ ਤੇ ਮਹਿਤਾ ਬਸਤੀ ਰਾਮ ਦੀ ਅਗਵਾਈ ਹੇਠ ਇਕ ਕਿਲਾ ਸਥਾਪਤ ਕੀਤਾ ਗਿਆ ਜਿੱਥੇ ਅੱਠ-ਨੌਂ ਤੋਪਾਂ ਵੀ ਟਿਕਾਅ ਦਿੱਤੀਆਂ ਗਈਆਂ ਤਾਂ ਜੋ ਲੋੜ ਪੈਣ ਤੇ ਇਹਨਾਂ ਤੋਪਾਂ ਦੀ ਸਹਾਇਤਾ ਲਈ ਜਾ ਸਕੇ।ਉਧਰ ਜਰਨੈਲ ਆਪਣੇ ਸਾਥੀਆਂ ਸਮੇਤ ਟਕਲਾਕੋਟ ਦੇ ਸਥਾਨ ਤੇ ਜਦ ਪਹੁੰਚਿਆ ਤਾਂ ਨੇਪਾਲੀ ਬਾਦਸ਼ਾਹ ਨੇ ਵੀ ਤਿੱਬਤੀਆਂ ਦੀ ਸਹਾਇਤਾ ਦਾ ਵਚਨ ਦੇ ਦਿੱਤਾ ਕਿਉਂ ਕਿ ਨੇਪਾਲ ਦੀ ਸਰਹੱਦ ਵੀ ਇੱਥੋਂ ਮਹਿਜ਼ 15 ਕੁ ਮੀਲ ਦੀ ਦੂਰੀ ਤੇ ਸੀ।

ਬੇਸ਼ੱਕ ਪਹਿਲੇ ਪਹਿਲ ਤਿੱਬਤੀ ਸੈਨਾਵਾਂ ਅਚਾਨਕ ਆ ਧਮਕੇ ਜਰਨੈਲ ਦੀ ਤਿਆਰੀ ਵੇਖ ਕੇ ਬੁਰੀ ਤਰ੍ਹਾਂ ਭੈ-ਭੀਤ ਹੋ ਗਈਆਂ ਤੇ ਉਹਨਾਂ ਦੇ ਦੂਤ ਜਰਨੈਲ ਦੀ ਤਾਬਿਆਦਾਰੀ ਕਰਨ ਲਈ ਰਾਜ਼ੀ ਹੋ ਗਏ ਪਰ ਇਹਨੀਂ ਦਿਨੀਂ ਬਰਫੀਲੇ ਤੂਫਾਨਾਂ ਨੇ ਜਰਨੈਲ ਜ਼ੋਰਾਵਰ ਸਿੰਘ ਦੀਆਂ ਸਾਰੀਆਂ ਸਕੀਮਾਂ ਤੇ ਪਾਣੀ ਫੇਰਨਾ ਸ਼ੁਰੂ ਕਰ ਦਿੱਤਾ।ਜ਼ਬਰਦਸਤ ਬਰਫਬਾਰੀ ਕਾਰਨ 'ਚੀ-ਤਿਆਂਗ' ਕਿਲਾ ਤੇ ਉੱਥੇ ਰੱਖੀਆਂ ਤੋਪਾਂ ਬਰਫ ਹੇਠਾਂ ਦੱਬੀਆਂ ਰਹਿ ਗਈਆਂ।ਇਹਨਾਂ ਹਾਲਾਤਾਂ ਨੇ ਸਥਾਨਕ ਤਿੱਬਤੀਆਂ ਨੂੰ ਵੱਡਾ ਹੁਲਾਰਾ ਦਿੱਤਾ।

12 ਦਸੰਬਰ 1841 ਨੂੰ ਤਿੱਬਤੀ ਤੇ ਚੀਨੀ ਸੈਨਿਕ ਰਲ ਕੇ 'ਟੋ-ਯੋ' ਸਥਾਨ 'ਤੇ ਬਹਾਦਰ ਜਰਨੈਲ ਨਾਲ ਦੋ-ਹੱਥ ਕਰਨ ਲਈ ਮੈਦਾਨ ਵਿੱਚ ਆਣ ਉੱਤਰੇ।ਦੋਨੋਂ ਪਾਸਿਓਂ ਭਾਰੀ ਗੋਲੀ-ਸਿੱਕਾ ਚੱਲਿਆ।ਬਹਾਦਰ ਜਰਨੈਲ ਦੀ ਸੈਨਾ ਕਈ ਮਹੀਨਿਆਂ ਤੋਂ ਥੱਕ-ਟੁੱਟ ਕੇ ਚੂਰ ਹੋਈ ਪਈ ਸੀ।ਬਰਫ ਨਾਲ ਉਹਨਾਂ ਦੇ ਹੱਥ ਤੇ ਪੈਰ ਵੀ ਗਲ਼ੇ ਪਏ ਸਨ ਪਰ ਫਿਰ ਵੀ ਸਾਹਸੀ ਜਰਨੈਲ ਜ਼ੋਰਾਵਰ ਸਿੰਘ ਆਪਣੀ ਸੈਨਾ ਨੂੰ ਖੁਦ ਅੱਗੇ ਲੱਗ ਕੇ ਹੱਲਾਸ਼ੇਰੀ ਦੇ ਰਿਹਾ ਸੀ।ਆਖਰਕਾਰ ਇੱਕ ਗੋਲੀ ਜਰਨੈਲ ਦੇ ਸੱਜੇ ਮੋਢੇ ਉੱਪਰ ਆਣ ਵੱਜੀ।ਜਰਨੈਲ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਖੱਬੇ ਹੱਥ ਵਿਚ ਤਲਵਾਰ ਲੈ ਕੇ ਠਿਗਣੇ ਤਬਤੀਆਂ ਉੱਪਰ ਕਾਲ ਬਣ ਕੇ ਝਪਟਣ ਲੱਗਾ।ਆਖਰ ਦੂਰ ਤੋਂ ਇੱਕ ਘੋੜਸਵਾਰ ਨੇ ਆਪਣਾ 'ਭਾਲਾ' ਜਰਨੈਲ ਦੀ ਛਾਤੀ ਦਾ ਨਿਸ਼ਾਨਾ ਬੰਨ੍ਹ ਕੇ ਐਸਾ ਵਗਾਇਆ ਕਿ ਇਹ ਹਥਿਆਰ ਯੋਧੇ ਜ਼ੋਰਾਵਰ ਸਿੰਘ ਦੀ ਛਾਤੀ ਦੇ ਆਰ-ਪਾਰ ਹੋ ਗਿਆ।ਕਿਹਾ ਜਾਂਦਾ ਹੈ ਕਿ ਤਿੱਬਤੀ ਕਬੀਲਿਆਂ ਦੇ ਬਹੁਤੇ ਸੈਨਿਕਾਂ ਨੇ ਇਸ ਦਲੇਰ ਮਰਦ ਦੀ ਲਾਸ਼ ਦਫਨਾਉਣ ਦੀ ਬਿਜਾਇ ਉਸਦਾ ਮਾਸ ਆਪੋ ਵਿਚ ਵੰਡ ਲਿਆ ਤਾਂ ਜੋ ਉਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਵਿਚ ਵੀ ਐਸੀ ਬੀਰਤਾ ਆ ਸਕੇ।

ਟਕਲਾਕੋਟ ਵਿੱਚ ਇਸ ਯੋਧੇ ਦੇ ਨਾਂ ਤੇ ਸਥਾਪਤ ਕਿਲ੍ਹਾ ਟਕਲਾਕੋਟ (ਠਓਕਲਓਕੋਟ ਢੋਰਟ) ਅੱਜ ਵੀ ਇਸ ਯੋਧੇ ਨੂੰ ਸਿਰ ਝੁਕਾਉਂਦਾ ਪ੍ਰਤੀਤ ਹੁੰਦਾ ਹੈ।ਬ੍ਰਿਟਿਸ਼ ਕਾਲ ਵੇਲੇ ਮਾਨਸਰੋਵਰ ਝੀਲ ਤੇ ਕੁਝ ਹੋਰ ਜਿੱਤੇ ਹੋਏ ਇਲਾਕੇ ਦੁਬਾਰਾ ਤਿੱਬਤ ਨੂੰ ਦੇ ਦਿੱਤੇ ਗਏ।ਸਕਾਰਦੂ ਇਲਾਕਾ ਵੀ ਅੱਜ ਕੱਲ੍ਹ ਪਾਕਿਸਤਾਨ ਦੇ ਪਹਾੜੀ ਖੇਤਰ ਦਾ ਹਿੱਸਾ ਹੈ।


ਇਸ ਪ੍ਰਕਾਰ 'ਦਰਬਾਰ-ਏ-ਖਾਲਸਾ' ਦੀਆਂ ਪੈੜਾਂ ਧੁਰ ਤਿੱਬਤ ਤੱਕ ਛੱਡਦਾ ਹੋਇਆ ਇਹ ਮਹਾਨ ਯੋਧਾ ਆਪਣੀ ਜਾਨ ਤਾਂ ਕੁਰਬਾਨ ਕਰ ਗਿਆ ਪਰ ਅੱਜ ਵੀ ਜਦ ਕਦੇ ਹਿੰਦ-ਚੀਨੀ ਫੌਜਾਂ ਆਹਮੋ-ਸਾਹਮਣੇ ਹੁੰਦੀਆਂ ਹਨ ਤਾਂ ਚੀਨੀ ਸੈਨਾ ਨੂੰ ਲਲਕਾਰਦੇ ਸਿੱਖ ਸੈਨਿਕ ਜੁਝਾਰੂ ਜ਼ੋਰਾਵਰ ਸਿੰਘ ਦਾ ਦੂਜਾ ਰੂਪ ਹੀ ਦਿਖਾਈ ਦਿੰਦੇ ਹਨ।ਸਿੱਖ ਕੌਮ ਨੂੰ ਸਰਕਾਰ-ਏ-ਖਾਲਸਾ ਦਾ ਝੰਡਾ ਬੁਲੰਦੀਆਂ ਤੇ ਗੱਡਣ ਵਾਲੀਆਂ ਐਸੀਆਂ ਸੁੱਚੀਆਂ ਤੇ ਬਹਾਦਰ ਰੂਹਾਂ ਨੂੰ ਸਦੀਵ ਚੇਤਿਆਂ ਦਾ ਅੰਗ ਬਣਾਈ ਰੱਖਣਾ ਚਾਹੀਦਾ ਹੈ।

ਲਿਖਤ : ਗਿ. ਸੋਹਣ ਸਿੰਘ ਸੀਤਲ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਸਿੱਖ ਰਾਜ ਕਿਵੇਂ ਗਿਆ...?

ਲੜੀਵਾਰ ਕਿਸ਼ਤ - 44



## ਪੰਜਾਬ ਕਿਉਂ ਨਾ ਜ਼ਬਤ ਕੀਤਾ

ਲਾਰਡ ਹਾਰਡਿੰਗ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਨਹੀਂ ਮਿਲਾਇਆ। ਏਸ ਗੱਲ ਤੋਂ ਕਈ ਅੰਗਰੇਜ਼ ਅਫ਼ਸਰ ਉਸਦੇ ਵਿਰੁਧ ਸਨ। ਪਰ ਉਸਨੇ ਪੰਜਾਬ ਕਿਉਂ ਆਪਣੇ ਰਾਜ ਵਿਚ ਨਹੀਂ ਮਿਲਾਇਆ। ਕੇਵਲ ਇਸ ਬਦਲੇ, ਕਿ ਉਹ ਨਹੀਂ ਸੀ ਮਿਲਾ ਸਕਦਾ। ਨਿਰਾ ਜ਼ਬਾਨੀ ਕਹਿ ਦੇਣ ਨਾਲ, ਜਾਂ ਐਲਾਨ ਕਰ ਦੇਣ ਨਾਲ ਹੀ ਇਹ ਕੰਮ ਨਹੀਂ ਸੀ ਮੁੱਕ ਚੱਲਿਆ, ਸਗੋਂ ਸਾਰੇ ਪੰਜਾਬ 'ਤੇ ਕਬਜ਼ਾ ਕਰਨ ਤੇ ਖ਼ਾਲਸਾ ਫ਼ੌਜਾਂ ਨੂੰ ਦਬਾ ਕੇ, ਉਸ ਵਿਚ ਅਮਨ ਰਖਣਾ ਪੈਣਾ ਸੀ।

ਇਸ ਸਵਾਲ ਦਾ ਜਵਾਬ ਅੰਗਰੇਜ਼ ਇਤਿਹਾਸਕਾਰਾਂ ਦੀ ਜ਼ਬਾਨੀ ਸੁਣੋ: ''ਪਹਿਲਾ ਸਿੱਧਾ ਰਸਤਾ ਇਹ ਸੀ, ਕਿ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਜਾਂਦਾ, ਪਰ ਕੰਪਨੀ ਤੇ ਗਵਰਨਰ-ਜੈਨਰਲ ਆਪ ਇਸ ਕੰਮ ਦੇ ਵਿਰੁੱਧ ਓਧਰ ਸਨ। ਕਿਉਂਕਿ ਇਸ ਹਾਲਤ ਵਿਚ ਜੇ ਪੰਜਾਬ ਨੂੰ ਜ਼ਬਤ ਕਰਨਾ ਅਸੰਭਵ ਨਹੀਂ ਸੀ, ਤਾਂ ਔਖਾ ਬਹੁਤ ਸੀ। ਸਿੱਖ ਫ਼ੌਜ ਭਾਵੇਂ ਮੈਦਾਨ ਵਿਚ ਹਾਰ ਚੁਕੀ ਸੀ, ਪਰ ੨੫ ਹਜ਼ਾਰ ਖ਼ਾਲਸਾ ਫ਼ੌਜ ਲਾਹੌਰ ਤੇ ਅੰਮ੍ਰਿਤਸਰ ਵਿਚ ਸੀ, ਤੇ ਹਜ਼ਾਰ ਪਿਸ਼ਾਵਰ ਵਿਚ। ਸੋ ਇਕ ਲੰਮੀ ਲੜਾਈ ਬਿਨਾਂ ਪੰਜਾਬ ਨੂੰ ਪੂਰੀ ਤਰ੍ਹਾਂ ਅਧੀਨ ਕਰਨਾ ਅਸੰਭਵ ਸੀ। ਐਹੋ ਜੇਹੀ ਲੰਮੀ ਲੜਾਈ ਵਾਸਤੇ ਕਮਾਂਡਰ ਇਨਚੀਫ਼ (ਪਰਧਾਨ ਸੈਨਾਪਤੀ) ਕੋਲ ਕਾਫ਼ੀ ਫ਼ੌਜ ਨਹੀਂ ਸੀ।

ਜਿਵੇਂ ਅਸੀਂ ਵੇਖ ਚੁਕੇ ਹਾਂ, ਕਿ ਘਮਸਾਣ ਤੋਂ ਬਚਣ ਦੀ ਆਸ ਨੇ ਹੀ, ਲਾਰਡ ਹਾਰਡਿੰਗ ਨੂੰ ਸਮੇਂ ਸਿਰ ਕਾਫ਼ੀ ਫ਼ੌਜ ਲੈ ਕੇ ਹੱਦ ਉਤੇ ਚੜ੍ਹਾਈ ਕਰਨ ਤੋਂ ਰੋਕੀ ਰੱਖਿਆ। ਲਾਹੌਰ ਵਿਚ ਸਰ ਹਯੂਗ ਗਫ ਦੀ ਸਾਰੀ ਫ਼ੌਜ 20 ਹਜ਼ਾਰ ਤੋਂ ਘੱਟ ਸੀ, ਜਿਸ ਵਿਚੋਂ ਕੁੱਲ ਸਾਢੇ ਤਿੰਨ ਹਜ਼ਾਰ ਗੋਰੇ ਸਨ। ਘੇਰਾ ਘੱਤਣ ਵਾਸਤੇ ਉਸਨੂੰ 7080 ਜੰਗੀ ਤੋਪਾਂ ਚਾਹੀਦੀਆਂ ਸਨ ਤੇ ਹਰ ਇਕ ਤੋਪ ਪਿਛੇ ਹਜ਼ਾਰ ਹਜ਼ਾਰ ਗੋਲੇ ਦੀ ਲੋੜ ਸੀ, ਪਰ ਉਸਦੇ ਕੋਲ ਸਿਰਫ਼ ।0 ਤੋਪਾਂ ਸਨ ਤੇ ਹਰ ਇਕ ਤੋਪ ਪਿੱਛੇ ਤਿੰਨ-ਤਿੰਨ ਸੌ ਗੋਲਾ ਸੀ ਅਤੇ ਸਿੰਧ ਵਿਚੋਂ ਜਿਹੜੀ ਫ਼ੌਜ ਮਦਦ ਵਾਸਤੇ ਆ ਸਕਦੀ ਸੀ, ਉਹ ਸਰ ਚਾਰਲਸ ਨੇਪੀਅਰ ਕੋਲ 16 ਹਜ਼ਾਰ ਫ਼ੌਜ ਤੇ 60 ਤੋਪਾਂ ਸਨ। ਇਹ ਫ਼ੌਜ, ਜੋ ਵੇਲੇ ਸਿਰ ਮੈਦਾਨ ਵਿਚ ਆ ਸਕਦੀ ਸੀ, ਪੰਜਾਬ ਨੂੰ ਅਧੀਨ ਰੱਖਣ ਵਾਸਤੇ ਥੋੜ੍ਹੀ ਸੀ।

''ਦੂਜਾ ਢੰਗ, ਜੋ ਪਿੱਛੇ ਕਈ ਵਾਰ ਵਰਤਿਆ ਗਿਆ, ਇਹ ਸੀ, ਕਿ ਪੰਜਾਬ ਨੂੰ 'ਟਕੇ ਭਰਨ ਵਾਲੋਂ ਰਜਵਾੜਾ ਬਣਾ ਦਿੱਤਾ ਜਾਂਦਾ। ''ਬਾਕੀ ਤੀਜਾ ਤਰੀਕਾ ਇਹ ਰਹਿ ਗਿਆ ਸੀ, ਕਿ ਮਿੱਤਰ ਬਣ ਕੇ ਰਹਿਣ ਵਾਲੀ, ਇਕ ਬਲਵਾਨ ਸੁਤੰਤਰ ਸਰਕਾਰ ਕਾਇਮ ਕੀਤੀ ਜਾਵੇ, ਜੋ ਅੰਗਰੇਜ਼ਾਂ ਦੀ ਸਹਾਇਤਾ ਦੀ ਸਦਾ ਲੋੜਵੰਦ ਰਹੇ ਤੇ ਜਿਸ ਤੋਂ ਅੰਗਰੇਜ਼ੀ ਸਰਕਾਰ ਨੂੰ ਹਿੰਦੁਸਤਾਨ ਵਿਚ ਕੋਈ ਡਰ ਫ਼ਿਕਰ ਨਾ ਹੋਵੇ।''

ਸੋ ਇਸ ਨੀਤੀ ਨਾਲ ਪੰਜਾਬ ਜ਼ਬਤ ਨਹੀਂ ਕੀਤਾ ਗਿਆ। ਉਸ ਵੇਲੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣਾ ਰਾਜਨੀਤੀ ਦੇ ਅਨੁਕੂਲ ਨਹੀਂ ਸੀ। ਲਾਰਡ ਹਾਰਡਿੰਗ ਨੇ ਬੜੀ ਲੰਮੀ ਸੋਚ ਤੋਂ ਕੰਮ ਲਿਆ, ਨਹੀਂ ਤਾਂ ਜੇ ਪੰਜਾਬ ਦੀ ਗੁਲਾਮੀ ਦਾ ਐਲਾਨ ਕਰ ਦਿੱਤਾ ਜਾਂਦਾ, ਤਾਂ ਸਾਰੇ ਪੰਜਾਬ ਵਿਚ ਬਲਵਾ ਹੋ ਜਾਂਦਾ। ਪੰਜਾਬ ਦੀ ਸਾਰੀ ਸਿੱਖ ਵਸੋਂ ਫ਼ੌਜੀ ਸੁਭਾ ਦੀ ਸੀ ਤੇ ਸਾਰੀ ਸ਼ਸਤਰਧਾਰੀ। ਲਾਹੌਰ ਤੋਂ ਅੰਮ੍ਰਿਤਸਰ ਦੇ ਉਦਾਲੇ-ਪੁਦਾਲੇ ਉਹ ਸਿੱਖ ਸਿਪਾਹੀ ਫਿਰ ਰਹੇ ਸਨ, ਜਿੰਨ੍ਹਾਂ ਦੀਆਂ ਛਾਤੀਆਂ ਵਿਚ ਬਦੋ-ਬਦੀ ਡੁੱਲ੍ਹਣ ਵਾਸਤੇ ਖ਼ੂਨ ਉਬਲ ਰਿਹਾ ਸੀ। ਦੇਸ ਦੇ ਸਾਰੇ ਹਿੱਸਿਆਂ ਵਿਚ ਕਿਲ੍ਹੇ ਸਿੱਖਾਂ ਦੇ ਹੱਥ ਵਿਚ ਸਨ ਤੇ ਹਰ ਇਕ ਵਿਚ ਥੋੜ੍ਹਾ ਬਹੁਤ ਸਾਮਾਨ ਵੀ ਸੀ।

ਅੰਗਰੇਜ਼ਾਂ ਵਾਸਤੇ ਇਕ ਇਕ ਕਿਲ੍ਹੇ ਨੂੰ ਫ਼ਤਹਿ ਕਰਨਾ ਅਤਿ ਕਠਨ ਸੀ, ਤੇ ਏਸ ਤੋਂ ਔਖਾ ਸੀ ਸਾਰੇ ਦੇਸ ਵਿਚ ਭੜਕੀ ਹੋਈ ਬਲਵੇ ਦੀ ਅੱਗ ਨੂੰ ਦਬਾਉਣਾ। ਜੇ ਇਸ ਸਮੇਂ ਤੋਂ ਤਿੰਨ ਸਾਲ ਮਗਰੋਂ ਇਕ ਸ਼ੇਰ ਸਿੰਘ ਦੀ ਬਗ਼ਾਵਤ ਚੇਲੀਆਂ ਵਾਲੀ ਦਾ ਘਮਸਾਣ ਮਚਾ ਸਕਦੀ ਹੈ, ਤਾਂ ਅੰਦਾਜ਼ਾ ਲਾਉਣਾ ਔਖਾ ਨਹੀਂ, ਕਿ ਸਾਰੇ ਮੁਲਕ ਦੀ ਬਗ਼ਾਵਤ ਕਿੰਨੀ ਕੁ ਭਿਆਨਕ ਹੁੰਦੀ। ਅਤੇ ਲਾਰਡ ਹਾਰਡਿੰਗ ਇਹ ਵੀ ਜਾਣਦਾ ਸੀ, ਕਿ ਅੱਗੇ ਸਤਲੁਜ ਦੇ ਕੰਢੇ ਅੰਗਰੇਜ਼ ਬਲ ਨਾਲ ਨਹੀਂ ਜਿੱਤੇ, ਸਗੋਂ ਸਿੱਖਾਂ ਦੇ ਸੈਨਾਪਤੀਆਂ ਦੀ ਗ਼ੱਦਾਰੀ ਦਾ ਸਦਕਾ ਜਿੱਤੇ ਹਨ। ਪੰਜਾਬ ਦੀ ਗ਼ੁਲਾਮੀ ਦਾ ਐਲਾਨ ਸੁਣ ਕੇ, ਹੋ ਸਕਦਾ ਹੈ, ਕੋਈ ਉਹ ਸਰਦਾਰ ਵੀ ਅੰਗਰੇਜ਼ਾਂ ਦੇ ਵਿਰੁੱਧ ਹੋ ਜਾਂਦੇ, ਜਿੰਨ੍ਹਾਂ ਪਹਿਲਾਂ ਸਤਲੁਜ ਦੇ ਕੰਢੇ ਹਾਰਨ ਵਾਸਤੇ ਸਾਰਾ ਤਾਣ ਲਾਇਆ ਸੀ। ਏਸ ਵੇਲੇ ਵੀ ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਤੋਂ ਬਿਨਾਂ ਹੋਰ ਕੋਈ ਏਸ ਦਸ਼ਾ ਵਿਚ ਖ਼ੁਸ਼ ਨਹੀਂ ਸੀ। ਜੇ ਐਹੋ ਜਹੇ ਸਮੇਂ ਪੰਜਾਬ ਦੇ ਇਕ ਇਕ ਕਿਲ੍ਹੇ 'ਤੇ ਕਬਜ਼ਾ ਕਰਨਾ ਪੈਂਦਾ, ਤਾਂ ਓਹਾ-ਜਾਂ ਉਸ ਤੋਂ ਵੱਧ-ਹਾਲ ਹੁੰਦਾ, ਜੋ ''ਕਾਂਗੜੇ ਦੇ ਕਬਜ਼ੇ ਵੇਲੇ ਹੋਇਆ। ਸੋ ਐਹੋ ਜੇਹੀ ਗੜ-ਬੜ ਤੋਂ ਡਰਦਿਆਂ ਹੀ ਪੰਜਾਬ ਅੰਗਰੇਜ਼ੀ ਰਾਜ ਵਿਚ ਨਹੀਂ ਸੀ ਮਿਲਾਇਆ ਗਿਆ। 9 ਤੇ 11 ਮਾਰਚ, 1846 ਈ। ਦੀਆਂ ਸੂਲਾਂ ਪੱਕੀਆਂ ਹੋ ਗਈਆਂ। ਲਾਹੌਰ ਦਰਬਾਰ ਦੇ

- ਚਲਦਾ

---

ਸਫ਼ਾ 1 ਦਾ ਬਾਕੀ

# ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।

ਕਮਾਈ ਦੇ ਆਸਰੇ ਮੌਜਾਂ ਲੁਟਦੇ ਸਨ। ਮੁਗਲ ਰਾਜ ਅੰਦਰ ਕਾਜ਼ੀ, ਧਾਰਮਿਕ ਨੇਤਾ ਅਤੇ ਨਿਆਕਾਰ ਦੇ ਪਦ ਦਾ ਅਧਿਕਾਰੀ ਸੀ ਅਤੇ ਉਹ ਵੀ ਲੋਕਾਂ ਦੀ ਲੁੱਟ-ਖਸੁੱਟ ਕਰਨ ਲਈ ਜ਼ਿੰਮੇਵਾਰ ਸੀ। ਤਾਹੀਓਂ ਗੁਰੂ ਨਾਨਕ ਸਾਹਿਬ ਨੇ ਇਨ੍ਹਾਂ, ਤਿੰਨ ਤਰ੍ਹਾਂ ਦੇ ਨੇਤਾਵਾਂ ਨੂੰ ਭਾਰਤੀ ਸਮਾਜ ਦੀ ਲੁੱਟ-ਖਸੁੱਟ ਜਾਂ ਉਜਾੜਾ ਕਰਨ ਵਾਲੇ ਆਖਿਆ। ਇਸ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਗੁਰੂ ਨਾਨਕ ਸਾਹਿਬ ਸੱਚੇ ਰੂਪ ਵਿਚ ਧਰਮੀ ਅਤੇ ਲੋਕਾਈ ਦੇ ਦਰਦੀ ਸਨ, ਜਿਨਾਂ ਨੇ ਮੁਗਲ ਰਾਜਿਆਂ ਤੋਂ ਕੋਈ ਭੈ ਨਹੀਂ ਖਾਧਾ।

ਓਹ ਨਿਰਭੈ ਅਤੇ ਨਿਰਵੈਰ ਸਨ। ਅੱਜ ਵੀ ਇਹੀ ਕਸਵਟੀ ਅਪਨਾਈ ਜਾ ਸਕਦੀ ਹੈ ਕਿ ਜੋ ਧਾਰਮਿਕ ਨੇਤਾ ਜਾਂ ਵਿਅਕਤੀ ਹੋਣ ਦਾ ਢੌਂਗ ਕਰਦਾ ਹੋਵੇ, ਦੂਜੇ ਪਾਸੇ ਜ਼ੁਲਮ ਅਤੇ ਜਾਲਮ ਨੂੰ ਦੇਖਕੇ ਕਬੂਤਰ ਵਾਂਗੂੰ ਅੱਖਾਂ ਮੀਟ ਲਵੇ ਜਾਂ ਆਖ ਕਿ ਸੰਤ ਤੇ ਸਾਧ ਲੋਕਾਂ ਦਾ ਕੰਮ ਨਾਮ ਜਪਾਉਣਾ ਹੈ, ਤਾਂ ਸਾਨੂੰ ਅਜੇਹੇ ਲੋਕਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਅਸਲ ਵਿਚ ਧਰਮੀ ਪੁਰਸ਼ ਜਿਥੇ ਨਿਰਵੈਰ ਹੈ, ਉਸ ਦੇ ਨਾਲ ਉਹ ਕਿਸੇ ਪ੍ਰਕਾਰ ਦੇ ਜ਼ੁਲਮ ਤੋਂ ਭੈ ਨਹੀਂ ਖਾਦਾ, ਸਗੋਂ ਜ਼ੁਲਮ ਕਰਨ ਵਾਲੇ ਜ਼ਾਲਮ ਦੇ ਵਿਰੁੱਧ ਡੱਟ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਇਕ ਨਿਰੰਕਾਰ ਤੇ ਰੱਬੀ ਏਕਤਾ ਦੀ ਗੱਲ ਕੀਤੀ। ਉਹ ਦੁਨੀਆ ਦੇ ਪਹਿਲੇ ਪੈਗੰਬਰ ਹੋਏ ਹਨ, ਜਿਨ੍ਹਾਂ ਨੇ ਪੈਗਾਮ ਦਿੱਤਾ 'ਨਾ ਕੋ ਹਿੰਦੂ ਨਾ ਮੁਸਲਮਾਨ' ਭਾਵ ਮਾਨਵਤਾ ਅੰਦਰ ਵੰਡੀਆਂ ਨਾ ਪਾਓ ਕਿਉਂਕਿ ਜੇ ਰੱਬ ਇਕ ਹੈ ਤਾਂ ਸਮੁੱਚੀ ਮਾਨਵਤਾ ਵੀ ਇਕ ਹੈ। ਉਨ੍ਹਾਂ ਨੇ ਰੱਬ ਦੀ ਬਹੁਤ ਸੁੰਦਰ ਵਿਆਖਿਆ ਕੀਤੀ। ਰੱਬ ਨਿਰੰਕਾਰ ਹੈ ਭਾਵ ਉਸ ਦਾ ਕੋਈ ਅਕਾਰ ਨਹੀਂ ਤੇ ਉਸ ਨੂੰ ਘੜਿਆ ਜਾ ਸਕਦਾ ਹੈ। ਉਹ ਕਦੀ ਵੀ ਇਨਸਾਨੀ ਰੂਪ ਵਿਚ ਜਨਮ ਨਹੀਂ ਲੈਂਦਾ।

ਸਾਧੂ ਟੀ ਐਲ ਵਾਸਵਾਨੀ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਸਾਹਿਬ ਸੰਸਾਰ ਵਿਚ ਆਏ, ਉਸ ਵਕਤ ਭਾਰਤੀ ਮਾਜ ਅੰਦਰ ਹਨੇਰਗਰਦੀ ਸੀ। ਇਕ ਹੋਰ ਵਿਦਵਾਨ ਡਾਕਟਰ ਗੋਕਲ ਚੰਦ ਨਾਰੰਗ ਆਖ ਰਹੇ ਹਨ ਕਿ ਪੰਜਾਬ ਵਿਚ ਹਿੰਦੂਆਂ ਦੀ ਸਥਿਤੀ ਤਰਸਯੋ ਸੀ। ਅਸਲ ਵਿਚ ਲੋਕ ਕੁਝ ਕਰਮ ਕਾਂਡਾਂ ਨੂੰ ਹੀ ਧਰਮ ਸਮਝਦੇ ਸਨ, ਜਿਵੇਂ ਖਾਣ ਪੀਣ ਸਬੰਧੀ ਭਰਮ, ਜਾਂ ਤੀਰਥਾਂ 'ਤੇ ਇਸ਼ਨਾਨ ਕਰਨਾ, ਮੱਥੇ 'ਤੇ ਤਿਲਕ ਲਗਾ ਲੈਣਾ, ਬੁੱਤਾਂ ਦੀ ਪੂਜੀ ਕਰਨੀ। ਕੁਝ ਅਸਥਾਨਾਂ ਨੂੰ ਪਵਿੱਤਰ ਮੰਨਕੇ ਤੀਰਥ ਯਾਤਰਾ ਕਰਨੀ, ਮਰਨ, ਜਨਮ ਤੇ ਵਿਆਹ ਸਬੰਧੀ ਰਮਸਾਂ ਕਰਨੀਆਂ ਅਤੇ ਬ੍ਰਾਹਮਣ ਦੀ ਸਰਦਾਰੀ ਕਬੂਲਕੇ ਉਸ ਨੂੰ ਦਾਨ ਦੇਣਾ ਵੀ ਪਵਿੱਤਰ ਕਰਮ ਸਮਝਿਆ ਜਾਂਦਾ ਸੀ। ਦੂਜੇ ਪਾਸੇ ਵਿਦੇਸ਼ੀ ਹਮਲਾਵਰਾਂ ਨੇ ਲੋਕਾਂ ਦਾ ਜੀਵਨ ਨਰਕ ਬਣਾ ਦਿੰਤਾ ਸੀ ਤੇ ਲੋਕ ਮਾਨਸਿਕ ਤੌਰ 'ਤੇ ਗੁਲਾਮ ਸਨ।

ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਜਾਤ-ਪਾਤ ਤੇ ਵਰਣ ਵੰਡ ਨੂੰ ਭੰਡਿਆ। ਊਚ ਨੀਚ ਦੇ ਸੰਕਲਪ ਨੂੰ ਅਪ੍ਰਵਾਣ ਕੀਤਾ।

**ਸਭੁ ਕੋ ਊਚਾ ਆਖੀਐ ਨੀਚੁ ਨਾ ਦੀਸੈ ਕੋਇ।।**
**ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ।।**
(ਪੰਨਾ 62)

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹ ਬਤਾਇ।।**
**ਸਾ ਜਾਤਿ ਸਾਪਤਿ ਹੈ ਜੇਹੇ ਕਰਮ ਕਮਾਇ।।**
(ਪੰਨਾ 1330)

ਜਿਥੇ ਸਮਾਜ ਅੰਦਰ ਵਰਦ ਵੰਡ ਨਾਲ ਏਕਤਾ ਦੀ ਥਾਂ ਅਨੇਕਤਾ ਸੀ। ਉਥੇ ਲਿੰਗ ਵਿਤਕਰਾ ਵੀ ਪੂਰਾ ਸੀ। ਇਸਤਰੀ ਜਾਤੀ ਦੀ ਦੁਰਦਸ਼ਾ ਸੀ, ਉਸ ਨੂੰ ਸਮਾਜ ਵਿਚ ਨੀਵਾਂ ਦਰਜਾ ਦਿੱਤਾ ਗਿਆ ਸੀ ਅਤੇ ਅਨੇਕਾਂ ਅਧਿਕਾਰਾਂ ਤੋਂ ਵਾਂਝਾ ਕੀਤਾ ਗਿਆ ਸੀ। ਗੁਰੂ ਸਾਹਿਬ ਨੇ ਇਸਤਰੀ ਵਰਗ ਲਈ ਨਾਅਰਾ ਲਾਇਆ ''ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। (ਪੰਨਾ 473)

ਜਿਵੇਂ ਪਹਿਲਾਂ ਉਲੇਖ ਕੀਤਾ ਗਿਆ ਹੈ ਕਿ ਲੋਕਾਈ ਅੰਦਰ ਧਰਮ ਪ੍ਰਤੀ ਕੋਈ ਸਪੱਸ਼ਟਤਾ ਨਹੀਂ ਸੀ ਅਤੇ ਪੁਜਾਰੀ ਸ਼੍ਰੇਣੀ ਵੱਲੋਂ ਕਰਮ ਕਾਡਾਂ ਦਾ ਅਜਿਹਾ ਜਾਲ ਵਿਛਾਇਆ ਹੋਇਆ ਸੀ, ਜਿਸ ਵਿਚੋਂ ਨਿਕਲਣਾ ਅਸੰਭਵ ਸੀ। ਗੁਰੂ ਸਾਹਿਬ ਨੇ ਦੱਸਿਆ ਕਿ ਸਾਰੇ ਧਾਰਮਿਕ ਸੰਸਕਾਰ ਪਰਮਾਤਮਾ ਦੇ ਲਈ ਹਨ ਪਰ ਪਰਮਾਤਮਾ ਨੂੰ ਯਾਦ ਕਰਨਾ ਹੀ ਸਭ ਤੋਂ ਉਤਮ ਕਰਮ ਹੈ।

**ਕਰਮ ਧਰਮ ਪ੍ਰਭਿ ਮੇਰੈ ਕੀਏ।।**
**ਨਾਮ ਵਡਾਈ ਸਿਰਿ ਕਰਮਾ ਕੀਏ।।**
(ਪੰਨਾ 1345)

ਜੋ ਲੋਕ ਧਰਮ ਦੇ ਭੇਖ ਬਣਾ ਕੇ ਸਮਾਜ ਵਿਚ ਵਿਚਰਦੇ ਸਨ, ਉਹ ਅਸਲ ਵਿਚ ਸੱਚੇ ਧਰਮੀ ਨਹੀਂ। ਵਿਰਲੇ ਹੀ ਲੋਕ ਹਨ ਜੋ ਰੱਬੀ ਯਾਦ ਵਿਚ ਜੁੜਦੇ ਹਨ। ਜਿਹੜੇ ਧਰਮ ਦੇ ਭੇਖ ਅੰਦਰ ਹੰਕਾਰੀ ਹਨ, ਉਹ ਸੱਚ ਦੇ ਨੇੜੇ ਹੀਂ ਢੁੱਕ ਸਕਦੇ, ਪਰ ਜੇਕਰ ਹੰਕਾਰ ਦੂਰ ਹੋ ਜਾਵੇ ਤਾਂ ਸੱਚ ਦੀ ਪ੍ਰਾਪਤੀ ਹੋ ਸਦੀ ਹੈ।

**ਹਉਮੈ ਕਰਤ ਭੇਖੀ ਨਹੀਂ ਜਾਨਿਆ।।**
**ਗੁਰਮੁਤਿ ਭਗਤਿ ਵਿਰਲੇ ਮਨੁ ਮਾਨਿਆ।।**
**ਹਉ ਹਉ ਕਰਤ ਨਹੀ ਸਚ ਪਾਇਐ।**
**ਹਉਮੇ ਜਾਇ ਪਰਮ ਪਦੁ ਪਾਇਐ।**
(ਪੰਨਾ 226)

ਗੁਰੂ ਸਾਹਿਬ ਵਾਰ ਆਸਾ ਅੰਦਰ ਸਚੇ ਜੀਵਨ ਜਾਂ ਸਚੇ ਮਾਰਗ ਲਈ ਹੋਰ ਸਪਸ਼ਟ ਕਰਦੇ ਹਨ।

''ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿਆ ਕਢੀਐ।

**ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ।।**
**ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤ ਗਾਰਬਿ ਹੰਢੀਐ।।**
**ਮੰਦਾ ਕਿਸੇ ਨ ਆਖੀਐ ਪੜਿ ਅਖਰੁ ਏਹੋ ਬੁਝੀਐ।।**
**ਮੂਰਖੈ ਨਾਲਿ ਨ ਲੁਝੀਐ।।''** (ਪੰਨਾ 473)

ਗੁਰੂ ਸਾਹਿਬ ਲਕੋਈ ਨੂੰ ਪੁਜਾਰੀਆਂ ਦੇ ਕਰਮ ਕਾਂਡਾਂ ਤੋਂ ਮੁਕਤ ਕਰਾਉਣ ਲਈ ਸੱਚੇ ਧਰਮ ਦੀ ਅਿਵਾਖਿਆ ਦ੍ਰਿੜ ਕਰਾਈ। ਹਰ ਇਕ ਨੂੰ ਸ਼ੁਭ ਕਰਮ ਕਰਨ ਲਈ ਪ੍ਰੇਰਿਆ ਅਤੇ ਜੇਕਰ ਮਨੁੱਖ ਦਾ ਹਿਰਦਾ ਸ਼ੁੱਧ ਹੋ ਕੇ ਸ਼ੁਭ ਕਰਮ ਕਰੇ, ਉਹੀ ਸੱਚਾ ਧਰਮ ਹੈ ਬਾਕੀ ਕਰਮ ਕਾਂਡ ਸਭ ਪਾਖੰਡ ਹਨ ਅਤੇ ਅਜੇਹੇ ਕਰਮ ਕਰਨ ਦਾ ਕੋਈ ਲਾਹਾ ਨਹੀਂ।

**ਹਿਰਦੈ ਸਚੁ ਏਹ ਕਰਣੀ ਸਾਰੁ।।**
**ਹੋਰੁ ਸਭੁ ਪਾਖੰਡੁ ਪੂਜ ਖੁਆਰੁ।।** (ਪੰਨਾ 1343)

ਗੁਰੂ ਨਾਨਕ ਸਾਹਿਬ ਨੇ ਧਾਰਮਕ ਨੇਤਾਵਾਂ ਨਾਲ ਗੋਸ਼ਟੀ ਕਰਕੇ ਉਨ੍ਹਾਂ ਨੂੰ ਵੀ ਸੱਚੇ ਮਾਰਗ ਦੀ ਸੋਝੀ ਕਰਾਈ। ਜੋਗੀਆਂ ਨੂੰ ਜੋਗ ਬਾਰੇ ਵਿਚਾਰ ਚਰਚਾ ਕਰਕੇ ਸੱਚੇ ਜੋਗ ਦਾ ਮਾਰਗ ਦੱਸਿਆ। ਕਾਜੀ, ਬ੍ਰਾਹਮਣ ਤੇ ਮੁਸਲਮਾਨ ਨੂੰ ਘਰਮ ਦੇ ਮਾਰਗ ਦੀ ਸਪੱਸ਼ਟਤਾ ਦੱਸੀ।

**ਸੋ ਜੋਗੀ ਜੋ ਜੁਗਤਿ ਪਛਾਣੈ।। ਗੁਰ ਪਰਸਾਦੀ ਏਕੋ ਜਾਣੈ।।**
**ਕਾਜੀ ਸੋ ਜੋ ਉਲਟੀ ਕਰੈ।। ਗੁਰ ਪਰਸਾਦੀ ਜੀਵਤ ਮਰੈ।।**
**ਸੋ ਬ੍ਰਾਹਮਣ ਜੋ ਬ੍ਰਾਹਮ ਬੀਚਾਰੈ।। ਆਪ ਤਰੈ ਸਗਲੇ ਕੁਲ ਤਾਰੈ।।**
**ਦਾਨਬਸੰਦੁ ਸੋਈ ਦਿਲਿ ਧੋਵੈ।। ਮੁਸਲਮਾਨ ਸੋਈ ਮਲ ਖੋਵੈ।।**
**ਪੜਿਆ ਬੂਝੇ ਸੋ ਪਰਵਾਣ।। ਜਿਸੁ ਸਿਰਿ ਦਰਗਹ ਕਾ ਨੀਸਾਣੁ।।**
(ਪੰਨਾ 662)

ਅੱਜ ਸਾਨੂੰ ਲੋੜ ਹੈ, ਗੁਰਮਤਿ ਦੇ ਸਹੀ ਮਾਰਗ ਨੂੰ ਸਮਝਕੇ ਆਪਣੇ ਜੀਵਨ ਤੇ ਘਟਾਈਐ। ਕਦੇ ਇਹ ਨਾ ਸਮਝ ਲਈਏ ਕਿ ਗੁਰੂ ਨਾਨਕ ਸਾਹਿਬ ਜੋਗੀਆਂ, ਕਾਜੀਆਂ, ਬਿਪਰ ਪੁਜਾਰੀਆਂ ਜਾਂ ਮੁਸਲਮਾਨਾਂ ਨੂੰ ਹੀ ਸੰਦੇਸ਼ ਦੇ ਰਹੇ ਹਨ, ਉਨ੍ਹਾਂ ਦਾ ਸੰਦਸ਼ ਸਰਬ ਲੋਕਾਈ ਲਈ ਹੈ। ਜਿਥੇ ਉਨ੍ਹਾਂ ਨੇ ਰੱਬੀ ਏਕਤਾ ਤੇ ਏਕਤ ਮਾਨਵਤਾ ਦੀ ਗੱਲ ਕੀਤੀ, ਉਥੇ ਧਰਮ ਦੀ ਕਿਰਤ ਕਰਨੀ ਅਤੇ ਵੰਡ ਛਕਣ ਦੇ ਉਚ ਸਿਧਾਂਤਾਂ ਨੂੰ ਪ੍ਰਚਾਰਿਆ। ਮਨੁੱਖਤਾ ਦੀ ਸੇਵਾ ਨੂੰ ਮਹਾਨ ਦੱਸਿਆ।

**''ਵਿਚ ਦੁਨੀਆ ਸੇਵ ਕਮਾਈਐ''**
**ਤਾਂ ਦਰਗਹ ਬੈਸਣੁ ਪਾਈਐ।।**
(ਪੰਨਾ 26)

**ਇਸ ਦੇ ਨਾਲ ਹੀ ਆਖਦੇ ਹਨ ਕਿ**
**ਬਿਨ ਸੇਵ ਫਲੁ ਕਬਹੁ ਨ ਪਾਵਸਿ,**
**ਸੇਵਾ ਕਰਨੀ ਸਾਰੀ।।** (ਪੰਨਾ 992)

ਇਹ ਸ਼ੁਭ ਕਰਮ ਤਦ ਹੀ ਸੰਭਵ ਹਨ, ਜੇਕਰ ਅਸੀਂ ਉਸ ਰੱਬੀ ਜੋਤਿ ਨੂੰ ਘਟਿ ਘਟਿ ਵਿਚ ਦੇਖਾਂਗੇ ਅਤੇ ਆਪਣੇ ਅੰਦਰ ਹਉਮੈ ਨਾ ਹੋਵੇ ਅਤੇ ਮਿਠਾਸ ਤੇ ਨਿਮਰਤਾ ਦੇ ਗੁੱਣ ਭਰਪੂਰ ਹੋਵਣ। ਰੱਬੀ ਹੁਕਮ ਨੂੰ ਮੰਨ ਕੇ ਉਸ ਦੀ ਰਜ਼ਾ ਵਿਚ ਵਿਗਸੀਏ। ਸਮੂਹ ਸੰਸਾਰ ਅੰਦਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ, ਪਰ ਜਿਥੋਂ ਤੱਕ ਉਨ੍ਹਾਂ ਦੇ ਸੰਦੇਸ਼ ਹਨ, ਉਨ੍ਹਾਂ ਨੂੰ ਬਹੁਤ ਘੱਟ ਦ੍ਰਿੜ ਕੀਤਾ ਜਾਂਦਾ ਹੈ। ਆਓ, ਗੁਰੂ ਸਾਹਿਬ ਦੇ ਮਹਾਨ ਫਲਸਫ਼ੇ ਨੂੰ ਖ਼ੁਦ ਅਪਨਾਈਏ ਤੇ ਸਮੂਹ ਲੋਕਾਈ ਨੂੰ ਉਨ੍ਹਾਂ ਦੇ ਮਹਾਨ ਉਪਦੇਸ਼ਾਂ ਤੋਂ ਜਾਣੂੰ ਕਰਾਈਏ।

# ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ

**ਕੇਹਰ ਸ਼ਰੀਫ਼**

ਕਿਸੇ ਵੀ ਦਿਹਾੜੇ ਦਾ ਮਹੱਤਵ ਉਸ ਦਿਨ ਨਾਲ ਜੁੜੇ ਘਟਨਾਕ੍ਰਮ ਕਰਕੇ ਹੁੰਦਾ ਹੈ। ਅੱਜ ਉਸ ਦਿਹਾੜੇ ਦੀ ਗੱਲ ਕੀਤੀ ਜਾਣੀ ਹੈ, ਜਿਸ ਦਿਹਾੜੇ ਬਾਬਾ ਨਾਨਕ ਇਸ ਜਗਤ ਵਿਚ ਆਏ, ਪਰ ਇਕ ਗੱਲ ਏਥੇ ਸਾਫ ਕਰ ਦਿੱਤੀ ਜਾਵੇ ਕਿ ਅੱਜ ਵਿਚਾਰ ਕਰਦਿਆਂ ਥੋਥੀਆਂ ਸਾਖੀਆਂ ਜੋ ਬਹੁਤੀਆਂ ਝੂਠ ਤੇ ਅਧਾਰਤ ਹਨ, ਸੱਪ ਵਲੋਂ ਬਾਬੇ ਦੇ ਚਿਹਰੇ ਤੇ ਛਾਂ ਕਰਨ ਦੀ, ਵਿਹਲੜਾਂ ਨੂੰ ਭੋਜਨ ਛਕਾਉਣ ਦੀ ਜਾਂ ਹੋਰ ਬਹੁਤ ਸਾਰੀਆਂ ਅਜਿਹੀਆਂ ਘੜੀਆਂ ਹੋਈਆਂ ਸਾਖੀਆਂ ਬਾਰੇ ਵਿਚਾਰ ਕਰਨ ਤੇ ਸਮਾਂ ਬਰਬਾਦ ਕਰਨਾ ਚੰਗਾ ਨਹੀਂ ਲਗਦਾ।
ਬਾਬਾ ਨਾਨਕ ਜੀ ਦੇ ਆਗਮਨ ਤੇ ਭਾਈ ਗੁਰਦਾਸ ਜੀ ਨੇ ਲਿਖਿਆ :

**ਸਤਿਗੁਰ ਨਾਨਕ ਪ੍ਰਗਟਿਆਂ,**
**ਮਿਟੀ ਧੁੰਦ ਜੱਗ ਚਾਨਣ ਹੋਆ**
**ਜਿਉਂ ਕਰ ਸੂਰਜ ਨਿਕਲਿਆ**
**ਤਾਰੇ ਛਪੇ ਅੰਧੇਰ ਪਲੋਆ ॥**

ਧੁੰਦ ਭਰੀ ਸਥਿਤੀ ਅਜਿਹੀ ਹੀ ਹੁੰਦੀ ਹੈ ਜਿਸ ਵਿੱਚ ਨਜ਼ਰ ਹੀ ਕੁੱਝ ਨਹੀਂ ਆਉਂਦਾ, ਇਹਨੂੰ ਦੂਰ ਕਰਨ ਵਾਸਤੇ ਤਾਂ ਸੂਰਜ ਦੀ ਲੋੜ ਪੈਂਦੀ ਹੈ। ਉਦੋਂ ਦੇ ਅਜਿਹੇ ਮਾੜੇ ਸਮੇਂ ਵਿੱਚ ਬਾਬਾ ਨਾਨਕ ਸੂਰਜ ਬਣਕੇ ਆਏ ਜਿਨ੍ਹਾ ਨੇ ਲੋਕਾਂ ਦੇ ਮਨਾਂ ਤੋਂ ਵਹਿਮਾਂ ਭਰਮਾ, ਟੂਣੇ-ਟਾਮਣਾਂ ਅਤੇ ਆਪਣੇ ਆਪ ਤੇ ਬੇਵਿਸ਼ਵਾਸੀ ਦਾ ਆਲਮ ਰੋਕਣ ਵਾਸਤੇ ਲੋਕਾਂ ਨੂੰ ਜਗਾਉਣ ਦੇ ਰਾਹੇ ਪਾਉਣ ਦਾ ਕਾਰਜ ਆਰੰਭਿਆ
ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਨੂੰ ਰਾਇ ਭੋਇ ਦੀ ਤਲਵੰਡੀ ਵਿਖੇ ਵਿਖੇ ਹੋਇਆ (ਜੋ ਹੁਣ ਪਾਕਿਸਤਾਨ ਵਿਚ ਹੈ ਅਤੇ ਜਿਸਨੂੰ ਹੁਣ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ), । ਇਨ੍ਹਾਂ ਦੀ ਮਾਤਾ ਦਾ ਨਾਂ ਤ੍ਰਿਪਤਾ ਸੀ ਇਹਨਾਂ ਦੇ ਪਿਤਾ, ਮਹਿਤਾ ਕਾਲੂ ਜੋ ਪਿੰਡ ਤਲਵੰਡੀ ਵਿਖੇ ਮਾਲ ਮਹਿਕਮੇ ਦੇ ਪਟਵਾਰੀ ਸਨ ਅਤੇ ਉਸ ਇਲਾਕੇ ਦੇ ਇੱਕ ਮੁਸਲਮਾਨ ਜਿਮੀਂਦਾਰ ਰਾਇ ਬੁਲਾਰ ਹੇਠ ਨੌਕਰੀ ਕਰਦੇ ਸਨ। ਇਨ੍ਹਾਂ ਦੀ ਵੱਡੀ ਭੈਣ ਦਾ ਨਾਂ ਬੇਬੇ ਨਾਨਕੀ ਸੀ ।
ਬੇਬੇ ਨਾਨਕੀ ਦਾ ਵਿਆਹ ਜੈ ਰਾਮ ਨਾਲ ਸੁਲਤਾਨਪੁਰ ਲੋਧੀ ਵਿਖੇ ਹੋਇਆ ਜੋ ਲਾਹੌਰ ਦੇ ਗਵਰਨਰ ਦੌਲਤ ਖ਼ਾਨ ਦੇ ਮੋਦੀਖਾਨੇ ਵਿੱਚ ਕੰਮ ਕਰਦੇ ਸਨ। ਗੁਰੂ ਨਾਨਕ ਦਾ ਵੱਡੀ ਭੈਣ ਨਾਲ ਕਾਫ਼ੀ ਪਿਆਰ ਹੋਣ ਕਾਰਨ ਪੁਰਾਤਨ ਰਸਮਾਂ ਮੁਤਾਬਕ ਉਹ ਵੀ ਸੁਲਤਾਨਪੁਰ ਆਪਣੇ ਜੀਜੇ ਦੇ ਘਰ ਰਹਿਣ ਚਲੇ ਗਏ। ਉੱਥੇ ਉਹ 16 ਸਾਲ ਦੀ ਉਮਰ ਵਿੱਚ ਮੋਦੀਖਾਨੇ ਵਿੱਚ ਹੀ ਕੰਮ ਕਰਨ ਲੱਗ ਪਏ। ਪੁਰਾਤਨ ਜਨਮ-ਸਾਖੀਆਂ ਮੁਤਾਬਕ ਇਹ ਸਮਾਂ ਗੁਰੂ ਨਾਨਕ ਲਈ ਇੱਕ ਰਚਨਾਤਮਕ ਸਮਾਂ ਸੀ ਅਤੇ ਇਸ ਦੌਰਾਨ ਹੀ ਇਨ੍ਹਾਂ ਦੀ ਅਕਾਲ ਪੁਰਖ ਨੂੰ ਮਿਲਣ ਦੀ ਤਾਂਘ ਵਧੀ।
1475 ਈ: ਵਿੱਚ ਆਪ ਨੂੰ ਗੋਪਾਲ ਪੰਡਿਤ ਕੋਲ ਪੜ੍ਹਨ ਭੇਜਿਆ ਗਿਆ। ਪੰਡਿਤ ਨਾਲ ਹੋਏ ਵਿਚਾਰ ਵਟਾਂਦਰੇ ਨੂੰ ਆਪ ਨੇ ਆਪਣੀ ਰਚਨਾ 'ਪੱਟੀ' ਵਿੱਚ ਦਰਜ਼ ਕੀਤਾ ਹੈ। 1478 ਈ: ਵਿੱਚ ਪੰਡਿਤ ਬ੍ਰਿਜਨਾਥ ਸ਼ਰਮਾ ਪਾਸ ਸੰਸਕ੍ਰਿਤ ਪੜ੍ਹਨ ਭੇਜਿਆ ਗਿਆ। ਉਸ ਨਾਲ ਵੀ ਗੁਰੂ ਜੀ ਨੇ ਸੁਚੱਜਾ ਵਿਚਾਰ ਵਟਾਂਦਰਾ ਕੀਤਾ। 1480 ਈ: ਵਿੱਚ ਫ਼ਾਰਸੀ ਪੜ੍ਹਨ ਲਈ ਕੁਤਬ ਦੀਨ ਮੌਲਾਨਾ ਪਾਸ ਭੇਜਿਆ ਗਿਆ। ਕਿਹਾ ਜਾਂਦਾ ਹੈ ਕਿ ਇਸ ਸਮੇਂ ਆਪ ਨੇ 'ਸੀਹਰਫੀ' ਉਚਾਰੀ ਜੋ ਜਨਮ ਸਾਖੀਆਂ ਵਿੱਚ ਮਿਲਦੀ ਹੈ।
ਹੁਣ ਹਾਲਤ ਕੀ ਨੇ ਕਿ ਗੁਰੂ ਘਰਾਂ ਅੰਦਰ ਸ਼ਰਧਾਪੂਰਵਕ ਵਿਸ਼ੇਸ਼ ਸਮਾਗਮ ਕੀਤੇ ਜਾ ਰਹੇ ਹਨ। ਗੁਰੂ ਬਾਬੇ ਦੀਆਂ ਸਿੱਖਿਆਵਾਂ ਬਾਰੇ ਵਿਚਾਰਾਂ ਕਰਕੇ, ਉਨ੍ਹਾਂ ਦੀਆਂ ਸਿਖਿਆਵਾਂ ਨਾਲ ਜੁੜਨ ਦਾ ਸੱਦਾ ਦਿੱਤਾ ਜਾ ਰਿਹਾ ਹੈ, ਉਨ੍ਹਾਂ ਤੇ ਅਮਲ ਕਰਕੇ ਇਸ ਦੁਨੀਆਂ ਦੇ ਜੋ ਆਮ ਕੁਚੱਜੇ ਵਹਿਣ ਨੇ ਉਨ੍ਹਾਂ ਨੂੰ ਮਨੁੱਖਵਾਦੀ ਧਾਰਾ ਵੱਲ ਮੋੜਨ ਦੇ ਸੱਦੇ ਦਿੱਤੇ ਜਾ ਰਹੇ ਹਨ। ਇਹ ਕਾਰਜ ਬਹੁਤ ਔਖਾ ਹੈ, ਪਰ ਇੱਥੇ ਗੱਲ ਕਰਦਿਆਂ ਸਾਨੂੰ ਇਹ ਵੀ ਤਾਂ ਸੋਚਣਾ ਚਾਹੀਦਾ ਹੈ ਕਿ ਸਮਾਜ ਦੀ ਵਿਗੜ ਰਹੀ ਧਾਰਾ ਨੂੰ ਸਹੀ ਰਸਤੇ ਵੱਲ ਮੋੜਨਾ ਕੋਈ ਸੌਖਾਂ ਕੰਮ ਤਾਂ ਨਹੀਂ ਹੁੰਦਾ। ਇਸ ਬਾਰੇ ਸਖਤ ਮਿਹਨਤ-ਮੁਸ਼ੱਕਤ ਤਾਂ ਕਰਨੀ ਹੀ ਪਵੇਗੀ, ਸੋ, ਇਹ ਭਲਾਂ ਸੌਖਾ ਕਾਰਜ ਕਿਵੇਂ ਹੋ ਸਕਦਾ ਹੈ ? ਪਰ ਇਨ੍ਹਾਂ ਸਿਖਿਆਵਾਂ ਨਾਲ ਜੁੜੇ ਬਗੈਰ ਅਤੇ ਉਨ੍ਹਾਂ ਉੱਤੇ ਅਮਲ ਕੀਤੇ ਬਿਨਾਂ ਸਭ ਵਿਖਿਆਨ ਥੋਥੇ ਹਨ ਜਿਵੇਂ ਆਮ ਹੀ ਕਿਹਾ ਜਾਂਦਾ ਹੈ ਕਿ ਕੋਈ ਵੀ ਥੀਊਰੀ ਜਾਂ ਵਿਚਾਰ ਜਦੋਂ ਤੱਕ ਉਸ ਉੱਤੇ ਹੁੰਦੇ ਅਮਲ ਨੂੰ ਨਾ ਪਰਖਿਆ ਜਾਵੇ ਉਸ ਦਾ ਪੂਰਾ ਸੱਚ ਪੱਲੇ ਨਹੀਂ ਪੈਂਦਾ। ਜੋ ਸੱਚ ਨੂੰ ਨਾ ਪਰਖੇ ਜਾਂ ਹੁੰਘਾਲੇ ਉਹ ਕਾਹਦਾ ਵਿਚਾਰ ? ਲੋੜ ਹੈ ਅੱਜ ਦੀ ਸਥਿਤੀ ਤੇ ਘੋਖਵੀਂ ਤੇ ਡੂੰਘੀ ਨਜ਼ਰ ਮਾਰਨ ਦੀ ਵਿਚਾਰਨ ਤੇ ਪਰਖ ਕਰਨ ਦੀ।
ਅੱਜ ਦਾ ਸਮਾਂ ਉਸ ਸਮੇਂ ਤੋਂ ਬਹੁਤ ਵੱਖਰਾ ਹੈ ਜਿਸ ਸਮੇਂ ਬਾਬਾ ਨਾਨਕ ਦਾ ਇਸ ਜੱਗ ਵਿੱਚ ਆਗਮਨ ਹੋਇਆ ਸੀ। ਉਦੋਂ ਸਮਾਜ ਅੰਦਰ ਸਿਰੇ ਦੀ ਗੁਰਬਤ ਸੀ, ਹਰ ਪਾਸੇ ਧੁੰਦ ਹੀ ਧੁੰਦ ਸੀ ਵਹਿਮਾਂ ਭਰਮਾਂ ਵਿੱਚ ਸਾਡਾ ਸਮਾਜ ਗਰਕਿਆ ਪਿਆ ਸੀ, (ਸੈਂਕੜੇ ਸਾਲ ਬੀਤ ਜਾਣ ਤੋਂ ਬਾਅਦ ਵੀ ਅਸੀਂ ਅਜੇ ਉਸੇ ਜਿੱਲਣ ਵਿਚ ਫਸੇ ਬੈਠੇ ਹਾਂ) ਬ੍ਰਾਹਮਣੀ ਮੱਤ ਵਲੋਂ ਦਿੱਤੀ ਵਿਤਕਰੇ ਭਰਪੂਰ ਅਣਮਨੁੱਖੀ ਸੋਚ ਜਾਤ-ਪਾਤ (ਵਰਣ-ਵਿਵਸਥਾ) ਦੇ ਅਧਾਰ 'ਤੇ ਮਨੁੱਖ ਦੇ ਚੰਗੇ ਮੰਦੇ ਹੋਣ ਦੀ ਪਰਖ ਕੀਤੀ ਜਾਂਦੀ ਸੀ। ਤਕੜਾ ਮਾੜੇ ਨੂੰ ਦਬਾਈ ਜਾ ਰਿਹਾ ਸੀ, ਮਾੜੇ ਦਾ ਜੀਣ ਬਹੁਤ ਔਖਾ ਸੀ। ਦਸਾਂ ਨੌਹਾਂ ਦੀ ਕਿਰਤ ਕਰਨ ਵਾਲਾ ਹੀ ਸਭ ਤੋਂ ਔਖਾ ਜੀਵਨ ਬਸਰ ਕਰਦਾ ਸੀ, ਵਿਹਲੜ ਉਦੋਂ ਵੀ ਅੱਜ ਦੇ ਵਿਹਲੜਾਂ ਵਾਂਗ ਹੀ ਮੌਜਾਂ ਮਾਣਦੇ ਸਨ। ਆਪਣੇ ਆਪ ਨੂੰ ਸਮਾਜ ਦੀ ਅਗਵਾਈ ਕਰਨ ਵਾਲੇ ਸੰਤ -ਮਹਾਤਮਾਂ ਕਹਾਉਂਦੇ ਲੋਕ ਪਖੰਡਾਂ ਵਿੱਚ ਗਲਤਾਨ ਸਨ ਜਿਵੇਂ ਅੱਜ ਹਨ, ਆਪਣੀ ਹੀ ਪੂਜਾ ਕਰਵਾਈ ਜਾਂਦੇ ਹਨ। ਉਨ੍ਹਾਂ ਨੂੰ ਸਮਾਜ ਨਾਲੋਂ ਵੱਧ ਆਪਣੇ ਸੁੱਖਾਂ ਭਰੇ ਜੀਵਨ ਦਾ ਫਿਕਰ ਸੀ। ਉਨ੍ਹਾਂ ਵਿੱਚੋਂ ਬਹੁਤ ਸਾਰੇ ਇਸ ਜੀਵਨ ਅਤੇ ਜਹਾਨ ਵਲੋਂ ਉਦਾਸ ਤੇ ਉਪਰਾਮ ਹੋਏ ਪਹਾੜੀ ਜਾ ਚੜ੍ਹੇ, ਭਗਤੀ ਦੀਆਂ ਗੱਲਾਂ ਕਰਨ ਲੱਗੇ। ਪਰ ਜੀਣ ਦੇ ਸਾਰੇ ਸਾਧਨ ਉਹ ਫੇਰ ਵੀ ਉਸ ਸਮਾਜ ਤੋਂ ਹੀ ਮੰਗਦੇ ਰਹੇ ਜਿਸ ਨੂੰ ਤਿਆਗਣ ਦਾ ਉਹ ਪਾਖੰਡ ਕਰਦੇ ਸਨ। ਪਰ ਜਿਸ ਸਮਾਜ ਨੂੰ ਚੰਗੀ ਅਗਵਾਈ ਦੀ ਲੋੜ ਹੋਵੇ ਜੇ ਉਦੋਂ ਆਪਣੇ ਆਪ ਨੂੰ ਸੇਧ ਦੇਣ ਵਾਲੇ ਵੀ ਸੇਧ ਹੀਣ ਹੋ ਜਾਣ ਤਾਂ ਉਸ ਸਮਾਜ ਨੂੰ ਢਹਿੰਦੀਆਂ ਕਲਾਂ ਵੱਲ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਉਦੋਂ ਹਾਲਤ ਵੀ ਇਵੇਂ ਦੀ ਹੀ ਸੀ, ਤੇ ਹੋਇਆ ਵੀ ਇਵੇਂ ਹੀ ਸੀ।
ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਬਾਬਾ ਨਾਨਕ ਅਜਿਹੇ ਨਾਥ ਜੋਗੀਆਂ ਦੇ ਡੇਰਿਆਂ ਤੇ ਪਹੁੰਚੇ ਉਨ੍ਹਾਂ ਨਾਲ ਵਿਚਾਰਾਂ ਕੀਤੀਆਂ, ਉਨ੍ਹਾਂ ਨੂੰ ਠੀਕ ਰਾਹ ਦੀ ਦੱਸ ਪਾਈ। ਇਹ ਗੱਲਾਂ-ਬਾਤਾਂ ਜਿਨ੍ਹਾਂ ਨੂੰ ਗੋਸ਼ਟਿ ਭਾਵ ਵਿਚਾਰ ਵਟਾਂਦਰਾ ਕਰਨਾ ਵੀ ਕਿਹਾ ਜਾਂਦਾ ਹੈ। ਅੱਜ ਸੋਚਦੇ ਹਾਂ ਕਿ ਇੱਥੋਂ ਹੀ ਅੱਜ ਦੀ ਗੋਸ਼ਟੀ, ਸੈਮੀਨਾਰ ਵਿਚਾਰ-ਵਟਾਂਦਰੇ ਆਦਿ ਦੀ ਸ਼ੁਰੂਆਤ ਹੋਈ ਹੋਵੇਗੀ, ਕਿ ਦੂਜੇ ਦੀ ਗੱਲ ਸੁਣਨੀ ਤੇ ਆਪਣੀ ਕਹਿਣੀ ਵਾਲੀ ਰਵਾਇਤ ਤੁਰੀ, ਜੋ ਅੱਜ ਦੇ ਸੰਸਾਰ ਅੰਦਰ ਹਰ ਪਾਸੇ ਹੀ ਵਰਤੀ ਜਾ ਰਹੀ ਹੈ। ਇਸੇ ਕਰਕੇ ਤਾਂ ਬਾਬੇ ਨਾਨਕ ਨੇ ਕਿਹਾ ਸੀ :-

**ਜਬ ਲਗ ਦੁਨੀਆਂ ਰਹੀਏ ਨਾਨਕ**
**ਕਿਛੁ ਸੁਣੀਐਂ, ਕਿਛੁ ਕਹੀਐ ॥**

ਅਜਿਹੀ ਸਥਿਤੀ ਬਾਰੇ ਕਿਸੇ ਕਵੀ ਮਨ ਨੇ ਦੁੱਖ ਪ੍ਰਗਟ ਕਰਦਿਆਂ ਲਿਖਿਆ ਕਿ ਬਾਬੇ ਨੇ ਸਿੱਧਾਂ ਦੇ ਮਨ ਤਾਂ ਬਦਲੇ ਪਰ ਅਸੀਂ ਆਪਣੇ ਮਨਾਂ ਤੇ ਡੇਰਿਆਂ ਵਿਚ ਚਾਨਣ ਹੋਣ ਹੀ ਨਹੀਂ ਦੇਣਾ ਚਾਹੁੰਦੇ । ਕਵੀ ਕਹਿੰਦਾ ਹੈ :-

**ਛੱਟਾ ਤਾਰਿਆਂ ਦਾ ਸੁੱਟਿਆ ਹਨੇਰਿਆਂ ਦੇ ਵਿਚ**
**ਲੱਖਾਂ ਕਿਰਨਾਂ ਬਖੇਰੀਆਂ ਸਵੇਰਿਆਂ ਦੇ ਵਿਚ**
**ਸਿੱਧਾਂ ਜੋਗੀਆਂ ਦੇ ਅੰਬਰਾਂ 'ਚ ਤਾਰੇ ਚਾਹੜ ਦਿੱਤੇ**
**ਲੋਅ ਫੇਰ ਵੀ ਨਾ ਹੋਈ ਸਾਡੇ ਡੇਰਿਆਂ ਦੇ ਵਿਚ।**

ਸਾਡੇ ਹੁਣ ਦੇ ਡੇਰੇ ਤਾਂ ਵੰਡਦੇ ਹੀ ਹਨੇਰਾ ਹਨ- ਇਨ੍ਹਾਂ ਤੋਂ ਬਚਣ ਦਾ ਹੋਕਾ ਦੇਣਾ ਸਾਡਾ ਫ਼ਰਜ਼ ਹੈ।
ਗੁਰੂ ਜੀ ਤਿੱਬਤ, ਲੰਕਾ ਅਤੇ ਅਰਬ ਦੇਸ਼ਾਂ ਵਿੱਚ ਵੀ ਗਏ। ਉੱਘੇ ਧਰਮ ਅਸਥਾਨਾਂ ਵਿੱਚ ਜਾ ਕੇ ਪੰਡਤਾਂ, ਮੁਲਾਣਿਆਂ ਅਤੇ ਆਮ ਲੋਕਾਂ ਨੂੰ ਅਸਲੀ ਧਰਮ ਦੀ ਸੋਝੀ ਕਰਵਾਈ। ਸੰਸਾਰ ਦੇ ਧਾਰਮਿਕ ਆਗੂਆਂ ਵਿਚੋਂ ਸਭ ਤੋਂ ਵੱਧ ਸਫਰ ਕਰਨ ਵਾਲੇ ਆਪ ਹੀ ਸਨ। ਆਪ ਨੇ ਬਾਣੀ ਰਾਹੀਂ ਥਾਂ-ਥਾਂ ਤੇ ਪ੍ਰਚਾਰ ਕੀਤਾ। ਆਪ ਨੇ ਕਾਵਿ ਰਚਨਾ ਬਚਪਨ ਤੋਂ ਹੀ ਆਰੰਭ ਕਰ ਦਿੱਤੀ ਸੀ। 1480 ਈ: ਵਿੱਚ ਸਮਾਜੀ ਸੰਸਕਾਰ ਦੀ ਪੂਰਤੀ ਲਈ ਬੁਲਾਏ ਗਏ ਪ੍ਰੋਹਤ ਨੂੰ ਗੁਰੂ ਜੀ ਨੇ ਜੰਝੂ ਬਾਰੇ ਗਿਆਨ ਦਿੱਤਾ। ਇਸ ਤਰ੍ਹਾਂ ਬਚਪਨ ਤੋਂ ਆਪ ਦਾ ਕਾਵਿ ਸਫਰ ਆਰੰਭ ਹੁੰਦਾ ਹੈ ਤੇ ਸਮਾਂ ਬੀਤਣ ਨਾਲ ਇਸ ਦਾ ਵਿਕਾਸ ਹੁੰਦਾ ਹੈ।
ਬਾਬਾ ਨਾਨਕ ਬਚਪਨ ਤੋਂ ਹੀ ਅਜਿਹੇ ਕਿਰਦਾਰ ਨਾਲ ਵਿਚਰਨ ਲੱਗੇ ਕਿ ਉਨ੍ਹਾਂ ਦਾ ਹਰ ਕਾਰਜ ਹੀ ਨਵਾਂ ਅਤੇ ਨਵੇਕਲਾ ਸੀ। ਉਦੋਂ ਦੀ ਸਮਾਜਿਕ ਰੀਤ ਸੀ ਕਿ ਜਦੋਂ ਬੱਚੇ ਨੂੰ ਸਮਾਜ ਵਿੱਚ ਸ਼ਾਮਲ ਕੀਤਾ ਜਾਂਦਾ ਸੀ ਤਾਂ ਬ੍ਰਾਹਮਣੀ ਰੀਤਾਂ ਅਨੁਸਾਰ ਉਸਦੇ ਗਲ ਵਿੱਚ ਜਨੇਊ ਪਾਇਆ ਜਾਂਦਾ ਸੀ। ਸੂਤ ਦੀ ਵੱਟੀ ਡੋਰ ਨੂੰ ਹੀ ਜਨੇਊ ਕਿਹਾ ਜਾਂਦਾ ਹੈ। ਜਦੋਂ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਨੇ ਆਪਣੇ ਘਰ ਪੰਡਿਤ ਨੂੰ ਬੁਲਾ ਕੇ ਨਾਨਕ ਦੇ ਗਲ ਜਨੇਊ ਪਾਉਣ ਵਾਸਤੇ ਕਿਹਾ ਤਾਂ ਬਾਬੇ ਨਾਨਕ ਨੇ ਅਜਿਹੇ ਜਨੇਊ ਦੀ ਮੰਗ ਕੀਤੀ ਕਿ ਜੋ ਦਇਆ ਭਰਪੂਰ ਹੋਵੇ, ਸਬਰ, ਸੰਜਮ ਤੇ ਸੰਤੋਖ ਵਾਲਾ ਹੋਵੇ, ਜੋ ਟੁੱਟੇ ਨਾ, ਜੋ ਜਲ਼ੇ ਨਾ ਤੇ ਮੈਲ਼ਾ ਨਾ ਹੋਵੇ ਆਦਿ ਤੇ ਪੰਡਿਤ ਨੂੰ ਕਿਹਾ :-

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ**
**ਏਹੁ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ ।**

ਇਸ ਤਰ੍ਹਾਂ ਸਬਰ, ਸੰਤੋਖ, ਸੰਜਮ ਵਾਲੇ ਅਤੇ ਨਾ ਜਲਣ ਵਾਲੇ ਤੇ ਨਾ ਮੈਲ਼ਾ ਹੋਣ ਵਾਲੇ ਤੇ ਨਾ ਟੁੱਟਣ ਵਾਲੇ ਜਨੇਊ ਦੀ ਮੰਗ ਕਰਕੇ ਬਾਬੇ ਨਾਨਕ ਨੇ ਸੂਤ ਦੇ ਵੱਟੇ ਧਾਗਿਆਂ ਵਾਲੇ ਜਨੇਊ ਨੂੰ ਹੀ ਰੱਦ ਕਰ ਦਿੱਤਾ। ਪਰ ਪੰਡਤ ਅਜਿਹੇ ਜਨੇਊ ਬਾਰੇ ਜਾਣਦਾ ਹੀ ਕੁੱਝ ਨਹੀਂ ਸੀ ਜਿਹੜਾ ਬਾਬੇ ਨਾਨਕ ਨੇ ਮੰਗਿਆ। ਉਸ ਸਮੇਂ ਦਲੀਲ ਨਾਲ ਰਵਾਇਤੀ ਕਿਸਮ ਦੇ ਜਨੇਊ ਨੂੰ ਪਾਉਣ ਤੋਂ ਕੀਤੀ ਗਈ ਨਾਂਹ ਵਿਚੋਂ ਨਵਾਂ ਵਿਚਾਰ ਨਵਾਂ ਰਾਹ ਭਾਵ ਸਿੱਖੀ ਦੇ ਰਾਹ ਦੀ ਧਾਰਾ ਫੁੱਟਦੀ ਹੈ, ਇਹ ਸਾਨੂੰ ਅੱਜ ਸਮਝਣਾ ਸੌਖਾ ਹੈ, ਉਦੋਂ ਭਾਵੇਂ ਔਖਾ ਲੱਗਿਆ ਹੋਵੇ। ਫਰਜ਼ ਕਰੋ ਬਾਬਾ ਨਾਨਕ ਉਸ ਦਿਨ ਜਦੋਂ ਪਿਤਾ ਕਾਲੂ ਜੀ ਨੇ ਪੰਡਿਤ ਨੂੰ ਘਰ ਸੱਦਿਆ ਜੇ ਉਦੋਂ ਪੰਡਿਤ ਦੇ ਕਹੇ ਜਨੇਊ ਪਾ ਲੈਂਦੇ ਤਾਂ ਕੀ ਅੱਜ ਇਹ ਸਥਿਤੀ ਹੁੰਦੀ ਜਿਸ ਵਿੱਚ ਆਪਾਂ ਸਾਰੇ ਗੁਜ਼ਰ ਰਹੇ ਹਾਂ, ਆਪਾਂ ਰਲਕੇ ਬੈਠਦੇ ਹਾਂ, ਸਾਂਝੀਆਂ ਵਿਚਾਰਾਂ ਕਰਦੇ ਹਾਂ ਇਹ ਉਸ ਦਿਨ ਬਾਬਾ ਨਾਨਕ ਵਲੋਂ ਰਵਾਇਤੀ ਕਿਸਮ ਦੇ ਜਨੇਊ ਪਾਉਣ ਤੋਂ ਕੀਤੀ ਗਈ ਨਾਂਹ ਦਾ ਸਿੱਟਾ ਹੀ ਹੈ ਕਿ ਇਹ ਨਵਾਂ ਰਾਹ ਤੁਰਿਆ ਜੋ ਸਿੱਖੀ ਦਾ ਰਾਹ ਬਣ ਗਿਆ।
ਇੱਥੇ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬਾਬਾ ਨਾਨਕ ਤੋਂ ਪਹਿਲਾਂ ਰਵਿਦਾਸ ਜੀ, ਕਬੀਰ ਜੀ ਨੇ ਵੀ ਇਸ ਖੋਟ ਅਤੇ ਵਿਤਕਰੇ ਭਰੇ ਬ੍ਰਾਹਮਣੀ ਰਾਹ ਨੂੰ ਰੱਦ ਕੀਤਾ ਅਤੇ ਭਗਤੀ ਲਹਿਰ ਦੇ ਬਾਕੀ ਰਹਿਬਰ ਜਾਂ ਹੋਰ ਭਗਤ ਉਸ ਸਮੇਂ ਦੇ ਝੂਠੇ ਬ੍ਰਾਹਮਣੀ ਕਰਮ ਕਾਂਡਾ ਨੂੰ ਰੱਦ ਕਰਨ ਵਾਲੇ ਸਭ ਤੋਂ ਪਹਿਲੇ ਸਨ। ਇਸੇ ਰਾਹ ਨੂੰ ਬਾਬਾ ਨਾਨਕ ਨੇ ਅੱਗੇ ਤੋਰਿਆ। ਬਹੁਤ ਸਾਰੇ ਸੂਝਵਾਨ ਇਸ ਮੱਤ ਦਾ ਪੱਕੇ ਹਮਾਇਤੀ ਹਨ ਕਿ ਭਗਤੀ ਲਹਿਰ ਹੀ ਸਿਖਰ ਹੀ ਸਿੱਖ ਲਹਿਰ ਦੀ ਬੁਨਿਆਦ ਬਣੀ ਸੀ। ਇਸ ਦਾ ਸਬੂਤ ਹੀ ਹੈ ਸਿੱਖਾਂ ਦੇ ਧਾਰਮਿਕ ਗ੍ਰੰਥ ਵਿਚ ਭਗਤ ਬਾਣੀ ਦਾ ਸ਼ਾਮਲ ਹੋਣਾ। ਗੁਰੂਆਂ ਤੇ ਭਗਤਾਂ ਦੀ ਸਾਂਝੀ ਮੱਤ ਜੋ ਸਾਨੂੰ ਆਪਣੀ ਸੋਚ ਦਾ ਹਿੱਸਾ ਬਣਾ ਲੈਣੀ ਚਾਹੀਦੀ ਹੈ ਕਿ ਜਿਹੜੀ ਵੀ ਗੱਲ ਦਲੀਲ ਭਰਪੂਰ ਨਹੀਂ ਜਾਂ ਤਰਕ ਸੰਗਤ ਨਹੀਂ ਉਸ ਨੂੰ ਹੌਸਲੇ ਨਾਲ ਰੱਦ ਕਰ ਸਕੀਏ ਤਾਂ ਕਿ ਅਸੀਂ ਨੇਰ੍ਹਾ ਢੋਣ ਤੋਂ ਬਚ ਸਕੀਏ, ਕਿਸੇ ਵੀ ਗੱਲ ਬਾਰੇ ਸਹੀ ਫੈਸਲਾ ਲੈ ਸਕੀਏ। ਇਹ ਨਾਨਕ ਦਾ ਰਾਹ ਹੈ ਜੋ ਜੱਗ ਚਾਨਣ ਕਰਦਾ ਹੈ। ਪਰ ਬਹੁਤ ਵਾਰ ਅਸੀਂ ਇਸ ਦਲੀਲ ਭਰੇ ਰਾਹ ਤੋਂ ਪਾਸੇ ਜਾਂਦਿਆਂ ਅਣਜਾਣੇ ਹੀ ਵਹਿਮਾਂ-ਭਰਮਾਂ ਵਾਲੇ ਰਾਹ ਤੁਰ ਪੈਂਦੇ ਹਾਂ, ਇਸ ਵਿੱਚ ਔਖ ਨਹੀਂ, ਲੋਕ ਟੋਕਦੇ ਨਹੀਂ, ਕਿਉਂਕਿ ਪੈੜ ਵਿੱਚ ਪੈੜ ਰੱਖਣੀ ਸੌਖੀ ਹੁੰਦੀ ਹੈ। ਪਰ ਇਹ ਰਾਹ ਫੇਰ ਨਾਨਕ ਦਾ ਰਾਹ ਨਹੀਂ। ਨਵੇਂ ਰਾਹੇ ਤੁਰਨ ਕਰਕੇ ਤਾਂ ਬਾਬਾ ਨਾਨਕ ਨੂੰ ਸਮਾਜ ਅੰਦਰ ਜੀਅ ਰਹੇ ਦੰਭੀਆਂ ਨੇ ਕੁਰਾਹੀਆਂ ਤੱਕ ਕਿਹਾ। ਇੱਥੋਂ ਹੀ ਪਤਾ ਲਗਦਾ ਹੈ ਕਿ ਚੱਲ ਰਹੀ ਰੀਤ ਦੀ ਥਾਵੇਂ ਨਵਾਂ ਰਾਹ ਪਾਉਣਾ ਸੌਖਾ ਨਹੀਂ ਸਗੋਂ ਬਹੁਤ ਹੀ ਔਖਾ ਹੁੰਦਾ ਹੈ। ਇਸ ਬਾਰੇ ਬਹੁਤ ਕੁੱਝ ਸੁਣਨਾ ਤੇ ਸਹਿਣਾ ਪੈਂਦਾ ਹੈ।
ਬ੍ਰਾਹਮਣੀ ਸਮਾਜ ਵਲੋਂ ਔਰਤ ਨੂੰ ਪੈਰ ਦੀ ਜੁੱਤੀ ਕਹਿਣ ਅਤੇ ਅਜਿਹੇ ਹੀ ਕੁਲੈਹਣੇ ਹੋਰ ਨਹੋਰਿਆਂ ਦਾ ਵਿਰੋਧ ਕੀਤਾ। ਸਦੀਆਂ ਤੋਂ ਦੁਰਕਾਰੀ ਅਤੇ ਲਤਾੜੀ ਜਾ ਰਹੀ ਔਰਤ ਦੇ ਸਵੈਮਾਣ ਦੇ ਹੱਕ 'ਚ ਬਾਬੇ ਨੇ ਅਵਾਜ਼ ਬੁਲੰਦ ਕੀਤੀ ਤੇ ਕਿਹਾ :-

**ਭੰਡਿ ਜੰਮੀਐ ਭੰਡ ਨਿੰਮੀਐ ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੇ ਬੰਧਾਨ ॥**
**ਸੋ ਕਿਉਂ ਮੰਦਾ ਆਖੀਐ ਜਿਤਿ ਜੰਮੈ ਰਾਜਾਨ ॥**

ਅੱਜ ਦੇ ਸਮੇਂ ਸਾਨੂੰ ਆਪਣੇ ਜੀਵਨ ਆਪਣੇ ਘਰ ਤੇ ਆਪਣੇ ਸਮਾਜ ਜਾਂ ਆਪਣੇ ਆਲ਼ੇ-ਦੁਆਲ਼ੇ ਨਿਗਾਹ ਮਾਰ ਕੇ ਦੇਖਣਾ ਚਾਹੀਦਾ ਹੈ ਕਿ ਦਰਅਸਲ ਹੋ ਕੀ ਰਿਹਾ ਹੈ ? ਕੀ ਬਾਬਾ ਨਾਨਕ ਵਲੋਂ ਆਪਣੇ ਸਮੇਂ ਵਿੱਚ ਲੋਕਾਈ ਨੂੰ ਦਿੱਤੇ ਉਪਦੇਸ਼ ਲੋਕਾਂ ਨੇ ਆਪਣੇ ਜੀਵਨ ਵਿੱਚ ਅਪਣਾਏ ਵੀ ਹਨ, ਜਾਂ ਫੇਰ ਅੱਜ ਅਸੀਂ ਢੋਲਕੀਆਂ-ਛੈਣੇ ਕੁੱਟਣ ਤੇ ਹੀ ਜੋਰ ਲਾਈ ਜਾ ਰਹੇ ਹਨ। ਕਿ ਬਾਬਾ ਨਾਨਕ ਹੀ ਫੇਰ ਆਵੇ ਤੇ ਉਹ ਹੀ ਸਭ ਕੁੱਝ ਕਰੇ। ਕੀ ਅਸੀਂ ਜਦੋਂ ਕਦੇ ਕੋਈ ਭਲਾਈ ਦਾ ਕੰਮ ਕਰਦੇ ਹਾਂ ਉਹ ਆਪਣੇ ਦਿਲੋਂ-ਮਨੋਂ ਕਰਦੇ ਹਾਂ ਜਾਂ ਸਮਾਜ ਵਿੱਚ ਆਪਣੀ ਟੌਹਰ ਬਨਾਉਣ ਖਾਤਰ ਜਾਂ ਦਿਖਾਵੇ ਵਾਸਤੇ ਹੀ ਕਰਦੇ ਹਾਂ। ਜੇ ਅਜਿਹਾ ਹੈ ਤਾਂ ਅਸੀਂ ਬਾਬੇ ਨਾਲ ਵੀ ਤੇ ਆਪਣੇ ਲੋਕਾਂ ਨਾਲ ਵੀ ਧੋਖਾ ਹੀ ਕਰ ਰਹੇ ਹੁੰਦੇ ਹਾਂ ਜੇ ਅਸਲ ਕਹਿਣਾ ਹੋਵੇ ਤਾਂ ਇੰਜ ਕਿਹਾ ਜਾ ਸਕਦਾ ਹੈ ਕਿ ਦਰਅਸਲ ਅਸੀਂ ਆਪਣੇ ਆਪ ਨਾਲ ਹੀ ਧੋਖਾ ਕਰ ਰਹੇ ਹੁੰਦੇ ਹਾਂ। ਜੋ ਬਾਬੇ ਦੀ ਸਿੱਖਿਆ ਨਹੀਂ ਸਗੋਂ ਉਸਦੇ ਉਲਟ ਹੈ।
ਬਾਬੇ ਨਾਨਕ ਦੀਆਂ ਸਿਖਿਆਵਾਂ ਬਾਰੇ ਸੋਚਦਿਆਂ ਸਾਨੂੰ ਇਸ ਗੱਲ ਵੱਲ ਬਹੁਤ ਸੁਚੇਤ ਹੋਣਾ ਚਾਹੀਦਾ ਹੈ ਕਿ ਕੀ ਘਰ ਪਰਿਵਾਰ ਅੰਦਰ ਰਹਿੰਦੇ ਹੋਏ ਆਪਣਾ ਧਰਮ ਪਾਲਦੇ ਹਾਂ, ਆਪਣੇ ਮਾਤਾ ਪਿਤਾ, ਆਪਣੇ ਜੀਵਨ ਸਾਥੀ ਜਾਂ ਜੀਵਨ ਸਾਥਣ ਨੂੰ ਬਣਦਾ ਮਾਣ ਸਤਿਕਾਰ ਦੇ ਰਹੇ ਹਾਂ, ਕਿਧਰੇ ਮਨ ਵਿੱਚ ਇਸ ਨੂੰ ਵਾਧੂ ਦਾ ਪੁਆੜਾ ਤਾਂ ਨਹੀਂ ਸਮਝ ਰਹੇ ? ਕੀ ਬੱਚਿਆਂ ਪ੍ਰਤੀ ਜਾਂ ਉਨ੍ਹਾਂ ਦੇ ਭਵਿੱਖ ਪ੍ਰਤੀ ਚਿੰਤਾਵਾਨ ਹੁੰਦੇ ਹੋਏ ਵੀ ਚਿੰਤਾ ਮੁਕਤ ਜੀਵਨ ਬਿਤਾਉਣ ਦੀ ਕੋਸ਼ਿਸ਼ ਕਰਦੇ ਹਾਂ, ਜਾਂ ਫੇਰ ਇੱਥੇ ਵੀ ਲੋਕ ਦਿਖਾਵਾ ਕਰਕੇ ਹੀ ਬੁੱਤਾ ਸਾਰਿਆ ਚਾਹੁੰਦੇ ਹਾਂ। ਕੀ ਅਸੀਂ ਬ੍ਰਾਹਮਣੀ ਮੱਤ ਵਲੋਂ ਸਿਰਜੇ ਜਾਤ ਪਾਤ ਵਾਲੇ ਅਣਮਨੁੱਖੀ, ਦੰਭੀ ਅਤੇ ਵਿਤਕਰੇ ਭਰੀ, ਮਨੁੱਖਾਂ ਨੂੰ ਹੀਣੇ ਕਰਨ ਵਾਲੀ ਸੋਚ ਤੋਂ ਖਹਿੜਾ ਛੁਡਵਾ ਲਿਆ ਹੈ ? ਜੇ ਨਹੀਂ ਤਾਂ ਫੇਰ ਆਪਣੀ ਸੋਚ ਦੀ ਪੀੜ੍ਹੀ ਹੇਠ ਸੋਟਾ ਫੇਰਨ ਦਾ ਜਤਨ ਕਰੀਏ ਤੇ ਬਾਬੇ ਦੀ ਸਿੱਖਿਆ ਦੇ ਗਜ਼ ਨਾਲ ਆਪਣੇ ਅਮਲ ਪਰਖੀਏ। ਜੇ ਊਣੇ ਹੋਈਏ ਤਾਂ ਆਪਣੇ ਆਪ ਤੇ ਆਪਣੇ ਅਮਲਾਂ ਨੂੰ ਸੁਧਾਰਨ ਦਾ ਜਤਨ ਕਰੀਏ।
ਅੱਜ ਦੇ ਸਾਡੇ ਸਮਾਜਿਕ ਰਿਸ਼ਤੇ ਬਹੁਤ ਹੀ ਗੰਧਲੇ ਹੋ ਗਏ ਹਨ। ਜਾਇਦਾਦਾਂ ਜਾਂ ਕਿਸੇ ਹੋਰ ਗੱਲ ਨੂੰ ਲੈ ਕੇ ਜਾਂ ਹਉਮੈਂ ਖਾਤਰ ਭੈਣਾਂ-ਭਰਾਵਾਂ ਦੇ ਝਗੜੇ ਵੇਲੇ ਸਾਨੂੰ ਕਿਉਂ ਯਾਦ ਨਹੀਂ ਆਉਂਦਾ ਬੇਬੇ ਨਾਨਕੀ ਤੇ ਬਾਬੇ ਨਾਨਕ ਦਾ ਪਿਆਰ ਤੇ ਸਤਿਕਾਰ ਭਰਿਆ ਰਿਸ਼ਤਾ। ਇਸੇ ਹੀ ਤਰ੍ਹਾਂ ਜਦੋਂ ਨਿੱਤ ਦਿਨ ਸੱਸ-ਨੂੰਹ, ਅਤੇ ਨਣਦ ਭਰਜਾਈ ਦੇ ਰਿਸ਼ਤੇ ਦੀਆਂ ਗੁੰਝਲਾਂ ਭਰੀਆਂ ਕਹਾਣੀਆਂ ਸੁਣਦੇ ਹਾਂ ਤਾਂ ਕਿਉਂ ਸਾਨੂੰ ਨਹੀਂ ਚੇਤਾ ਆਉਂਦਾ ਬੇਬੇ ਨਾਨਕੀ ਤੇ ਮਾਤਾ ਸੁਲੱਖਣੀ ਜੋ ਨਣਦ ਭਰਜਾਈ ਵੀ ਸਨ ਪਰ ਅਸਲ ਵਿੱਚ ਭੈਣਾਂ ਵਰਗਾ ਮੋਹ ਭਰਿਆ ਰਿਸ਼ਤਾ ਨਿਭਾਉਂਦੀਆਂ ਰਹੀਆਂ ਹਨ, ਜਦੋਂ ਬਾਬਾ ਨਾਨਕ ਦਾ ਸਹੁਰਾ ਪਰਿਵਾਰ ਸੁਲੱਖਣੀ ਬਾਰੇ ਫਿਕਰਮੰਦ ਹੋ ਕੇ ਨਾਨਕ ਦੇ ਪਰਿਵਾਰ ਨੂੰ ਆਪਣੀ ਧੀ ਬਾਰੇ ਫਿਕਰਮੰਦੀ ਬਾਰੇ ਕੁੱਝ ਆਖਦਾ ਹੈ ਤਾਂ ਬੇਬੇ ਨਾਨਕੀ ਹੀ ਸੁਲੱਖਣੀ ਬਾਰੇ ਉਨ੍ਹਾਂ ਨੂੰ ਬੇਫਿਕਰੇ ਹੋਣ ਦੀ ਆਖਦੀ ਹੈ। ਕੀ ਨਾਨਕ ਨਾਮ ਲੇਵਿਆਂ ਵਾਲੇ ਪਰਿਵਾਰਾਂ ਦੇ ਲੋਕ ਅੱਜ ਦੀਆਂ ਨਣਦਾਂ ਤੇ ਭਰਜਾਈਆਂ ਲਈ ਬੇਬੇ ਨਾਨਕੀ ਤੇ ਸੁਲੱਖਣੀ ਦੇ ਰਿਸ਼ਤੇ ਨੂੰ ਆਪਣਾ ਆਦਰਸ਼ ਨਹੀਂ ਬਣਾ ਸਕਦੀਆਂ ? ਇਹ ਸਾਂਝਾਂ ਤੇ ਮੋਹ ਭਰਿਆ ਚਿੰਤਾ ਮੁਕਤ ਜੀਵਨ ਦਾ ਰਾਹ ਹੈ ਫੇਰ ਕਿਉਂ ਨਾ ਅਪਣਾਇਆ ਜਾਵੇ ? ਕਿਉਂ ਨਾ ਅਜਿਹੀ ਸੋਚ ਦੇ ਲੜ ਲੱਗਿਆ ਜਾਵੇ ? ਇਸੇ ਤਰ੍ਹਾਂ ਮਾਤਾ ਤ੍ਰਿਪਤਾ ਤੇ ਸੁਲੱਖਣੀ ਦਾ ਸੱਸ ਨੂੰਹ ਵਾਲਾ ਰਿਸ਼ਤਾ ਵੀ ਸਾਡੇ ਸਮਾਜ ਵਿੱਚ ਸੱਸਾਂ ਬਣਨ ਵਾਲੀਆਂ ਬੀਬੀਆਂ ਨੂੰ ਕਿਉਂ ਚੇਤੇ ਨਹੀਂ ਆਉਂਦਾ ? ਇਹਦੇ ਵਿੱਚ ਭਲਾਂ ਔਕੜ ਕੀ ਹੈ ? ਕਿਉਂ ਸਾਨੂੰ ਨਿੱਤ ਪੜ੍ਹਨ ਨੂੰ ਮਿਲਦਾ ਹੈ ਸੱਸ ਵਲੋਂ ਨੂੰਹ ਉੱਤੇ ਹੁੰਦੇ ਜੁਲਮ ਬਾਰੇ ਜਾਂ ਫੇਰ ਨਣਾਨ ਵਲੋਂ ਭਰਜਾਈ ਨਾਲ ਹੁੰਦੇ ਵਿਤਕਰੇ ਬਾਰੇ। ਕੀ ਹੈ ਇਹ ਸੋਚੀਏ ਤਾਂ ਸਹੀ ਕਿ ਅਸੀਂ ਕਿਹੜੇ ਰਾਹ ਪਏ ਹੋਏ ਹਾਂ ? ਕੀ ਇਹ ਬਾਬੇ ਨਾਨਕ ਦੇ ਰਾਹ ਨੂੰ ਨਕਾਰਨ ਵਾਲਾ ਰਾਹ ਨਹੀਂ ? ਸੋਚੀਏ ਤਾਂ ਸਹੀ।
ਬਾਬੇ ਨਾਨਕ ਦੀ ਸੋਚ ਨੂੰ ਅਪਨਾਉਣ ਵਾਲੇ ਸੱਚ ਦਾ ਸਾਥ ਦਿੰਦੇ ਹਨ। ਪਰ ਅੱਜ ਸਾਡੇ ਸਮਾਜ ਦੀ ਖਾਸ ਕਰਕੇ ਧਾਰਮਿਕ ਪੱਧਰ ਤੇ ਅਗਵਾਈ ਕਰਨ ਵਾਲਿਆਂ ਵਿਚੋਂ ਬਹੁਤੇ ਆਪ ਬਾਬੇ ਨਾਨਕ ਦੀ ਸੋਚ ਨਾਲ ਨਹੀਂ ਜੁੜੇ ਹੋਏ। ਜੇ ਉਨ੍ਹਾਂ ਨੂੰ ਆਪਣੇ ਸਵਾਰਥਾਂ ਖਾਤਰ ਇਹ ਕੁੱਝ ਕਰਨ ਵਾਲੇ ਭੇਖੀ ਜਾਂ ਦੰਭੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ? ਅਜਿਹੇ ਲੋਕਾਂ ਨੇ ਮਨੁੱਖਾਂ ਵਿੱਚ ਬ੍ਰਾਮਣੀ ਮੱਤ ਦੀ ਤਰਕ ਵਿਹੂਣੀ ਸੋਚ ਵਲੋਂ ਜਾਤ-ਪਾਤ ਤੇ ਅਧਾਰਤ ਪਾਈਆਂ ਵੰਡੀਆਂ ਮਿਟਣ ਨਹੀਂ ਦਿੱਤੀਆਂ । ਸਿਤਮ ਇੱਥੋਂ ਤੱਕ ਕਿ ਇਨ੍ਹਾਂ ਨੇ ਤਾਂ ਗੁਰੂ ਦੇ ਘਰ ਵੀ ਜਾਤ-ਪਾਤ ਦੇ ਅਧਾਰ ਤੇ ਵੰਡ ਲਏ, ਇਹ ਹੋਇਆ ਵੀ ਜਾਤ ਅਭਿਮਾਨੀਆਂ ਦੀ ਘਟੀਆਂ ਮਾਨਸਿਕਤਾ ਕਰਕੇ, ਅਫਸੋਸ ਕਿ ਅਜਿਹੇ ਲੋਕ ਆਪਣੇ ਆਪ ਨੂੰ ਬਾਬੇ ਨਾਨਕ ਦੇ ਨਾਮ ਲੇਵਾ ਵੀ ਆਖਦੇ ਹਨ। ਕੀ ਅਜਿਹੇ ਵਿਤਕਰੇ ਭਰਪੂਰ ਜੀਵਨ ਜੀਅ ਰਹੇ ਲੋਕਾਂ ਨੂੰ ਬਾਬੇ ਨਾਨਕ ਦੀ ਸੋਚ ਦੇ ਵਾਰਿਸ ਕਿਹਾ ਜਾ ਸਕਦਾ ਹੈ ? ਬਿਲਕੁੱਲ ਨਹੀਂ। ਕਦੇ ਵੀ ਨਹੀਂ !!
ਚਾਨਣ ਦੀ ਲੋਅ ਗਿਆਨ ਬਣ ਪਸਰੀ। ਅਗਿਆਨ ਦੀ ਧੁੰਦ ਸਹਿਜੇ ਸਹਿਜੇ ਘਟਣ ਲੱਗੀ। ਦੂਜਿਆ ਦਾ ਹੱਕ ਮਾਰ ਕੇ ਜੀਊਣ ਵਾਲੇ ਮਲਕ ਭਾਗੋ ਨੂੰ ਫਿਟਕਾਰਿਆ ਅਤੇ ਹੱਕ ਹਲਾਲ ਦੀ ਸੁੱਚੀ ਕਿਰਤ ਕਰਨ ਵਾਲੇ ਭਾਈ ਲਾਲੋ ਨੂੰ ਸਤਿਕਾਰਿਆ ਅਤੇ ਉੱਚਾ ਦਰਸਾਇਆ। ਬਾਬਾ ਨਾਨਕ ਨੇ ਮਲਕ ਭਾਗੋ ਵਲੋਂ ਜ਼ਬਰ-ਜੁਲਮ ਅਤੇ ਠੱਗੀ ਦੇ ਜ਼ੋਰ ਇਕੱਠੇ ਕੀਤੇ ਮਾਹਲ-ਪੂੜਿਆਂ ਨੂੰ ਲੱਤ ਮਾਰ ਕੇ ਭਾਈ ਲਾਲੋ ਵਲੋਂ ਦਸਾਂ ਨੌਹਾਂ ਦੀ ਸੁੱਚੀ ਕਿਰਤ ਕਰਕੇ ਕਮਾਈ ਕੋਧਰੇ ਦੀ ਰੋਟੀ ਨੂੰ ਭਾਗ ਲਾਏ। ਲੁੱਟ ਦਾ ਮਾਲ ਛਕਣ ਵਾਲੇ ਅਤੇ ਕਿਰਤ ਕਰਕੇ ਖਾਣ ਵਾਲਿਆਂ ਦੇ ਫਰਕ ਨੂੰ ਦਰਸਾਇਆ, ਕਿਰਤ ਅਤੇ ਕਿਰਤੀ ਦੋਹਾਂ ਨੂੰ

ਵਡਿਆਇਆ ਤੇ ਸਤਿਕਾਰਿਆ।

ਕਦੇ ਵੀ ਹੱਥੀਂ ਡੱਕਾ ਭੰਨ ਕੇ ਦੂਹਰਾ ਨਾ ਕਰਨ ਵਾਲੇ ਆਪੇ ਬਣੇ ਅੱਜ ਦੇ "ਮਹਾਂਪੁਰਸ" ਲੋਕਾਂ ਨੂੰ ਸੱਚੀ ਕਿਰਤ ਕਰਨ ਦਾ ਸੁਨੇਹਾ ਦਿੰਦੇ ਫਿਰਦੇ ਹਨ। ਮੱਤਾਂ ਦਿੰਦੇ ਫਿਰਦੇ ਇਹ ਐਸ਼ ਧਾਰੀ ਸਾਧ-ਸੰਤ ਪਰ ਆਪ ਇਸ ਅਮਲ ਤੋਂ ਸੱਖਣੇ ਹਨ ਬਿਲਕੁੱਲ ਕੋਰੇ। ਸਗੋਂ ਆਪ ਰਾਜਿਆਂ-ਰਜਵਾੜਿਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ, ਮਹੱਲਾਂ ਵਰਗੇ ਆਪਣੇ ਡੇਰੇ ਉਸਾਰਦੇ ਹਨ। ਆਪਣਿਆਂ ਡੇਰਿਆਂ ਵਿੱਚ ਹੀ ਆਪਣੇ ਜਾਤੀ ਸੇਵਾਦਾਰ ਰੱਖਦੇ ਹਨ। ਇਹ ਨਾਮ ਜਪਾਉਣ ਵਾਲੇ ਨਹੀਂ ਮਹਿੰਗੇ ਭਾਅ ਨਾਮ ਵੇਚਣ ਵਾਲੇ ਹਨ। ਗੁਰੂ ਬਾਬਾ ਨਾਨਕ ਗਿਆਨ ਵੰਡਣ ਤੁਰੇ ਉਦਾਸੀਆਂ ਦੇ ਰੂਪ ਵਿੱਚ ਸਫਰ ਕਰਦੇ ਆਪਣੇ ਸਾਥੀ ਮਰਦਾਨੇ ਨਾਲ ਦੂਰ ਦੁਰਾਡੇ ਤੱਕ ਪਹੁੰਚੇ। ਜਿੱਥੇ ਵੀ ਗਏ ਲੋਕਾਂ ਨੂੰ ਸੰਵਾਦ ਰਾਹੀਂ ਵਿਚਾਰ ਦੇ ਲੜ ਲਾਉਣ ਦਾ ਜਤਨ ਕੀਤਾ। ਸੂਝ ਵਿਹੂਣੇ ਲੋਕਾਂ ਦੇ ਹਨੇਰੇ ਮਨਾਂ ਵਿੱਚ ਸੂਝ ਦੇ , ਗਿਆਨ ਦੇ ਦੀਵੇ ਬਾਲੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੈਵੀ ਸੰਦੇਸ਼ ਨੂੰ ਦੂਰ ਦੁਰਾਡੇ ਤੱਕ ਪਹੁੰਚਾਉਣ ਵਾਸਤੇ ਸੰਸਾਰ-ਯਾਤਰਾ ਆਰੰਭ ਕੀਤੀ, ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ ਬਾਬੇ ਨਾਨਕ ਵਲੋਂ ਕੀਤੀਆਂ ਉਦਾਸੀਆਂ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ:

**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ ॥ (ਵਾਰ 1:24)**

ਇਨ੍ਹਾਂ ਉਦਾਸੀਆਂ ਬਾਰੇ ਦਾ ਥੋੜਾ ਜਿਹਾ ਵੇਰਵਾ- ਜੋ ਗੁਰਮਤ ਪ੍ਰਕਾਸ਼ ਵਿਚੋਂ ਧਨਵਾਦ ਸਹਿਤ ਲਿਆ ਹੈ:

ਪਹਿਲੀ ਉਦਾਸੀ ਜੋ ਪੂਰਬ ਵਾਲੀ ਉਦਾਸੀ ਕਹੀ ਜਾਂਦੀ ਹੈ

ਪ੍ਰੋ. ਸਾਹਿਬ ਸਿੰਘ ਜੀ ਅਨੁਸਾਰ ਪਹਿਲੀ ਉਦਾਸੀ ਦਾ ਸਮਾਂ 8 ਸਾਲ ਦਾ ਬਣਦਾ ਹੈ ਸੰਨ 1507 ਤੋਂ 1515 ਈ. ਤਕ । ਇਸ ਯਾਤਰਾ ਦੌਰਾਨ ਆਪ ਜੀ ਨੇ ਛੇ-ਸੱਤ ਹਜ਼ਾਰ ਮੀਲ ਦਾ ਸਫ਼ਰ ਕੀਤਾ। ਇਸ ਉਦਾਸੀ ਵਿਚ ਬਾਬਾ ਨਾਨਕ ਨੇ ਪ੍ਰਸਿੱਧ ਹਿੰਦੂ ਤੀਰਥਾਂ ਹਰਿਦੁਆਰ, ਗੋਰਖ ਮਤਾ, ਅਯੁੱਧਿਆ, ਪ੍ਰਯਾਗ, ਬਨਾਰਸ, ਗਯਾ, ਜਗਨਨਾਥਪੁਰੀ,

ਮਦੁਰਾਈ, ਰਾਮੇਸ਼੍ਵਰਮ, ਸੋਮਨਾਥ, ਦਵਾਰਕਾ, ਪੁਸ਼ਕਰ, ਮਥਰਾ, ਬਿੰਦਰਾਬਨ ਅਤੇ ਕੁਰੂਕਸ਼ੇਤਰ ਆਦਿ ਤੋਂ ਇਲਾਵਾ ਸਿੰਗਲਾ ਦੀਪ, ਸਿੱਕਮ, ਆਸਾਮ, ਬੰਗਾਲ, ਉੜੀਸਾ, ਦਰਾਵੜ ਦੇਸ਼ ਬੰਬਈ, ਔਰੰਗਾਬਾਦ, ਉਜੈਨ, ਕੱਛ, ਅਜਮੇਰ ਆਦਿ ਸਥਾਨਾਂ ਦੀ ਯਾਤਰਾ ਕੀਤੀ। ਇਸ ਉਦਾਸੀ ਦੌਰਾਨ ਹੀ ਸਤਿਗੁਰੂ ਜੀ ਨੇ ਆਪਣੇ ਅਧਿਆਤਮਕ ਅਨੁਭਵਾਂ ਨੂੰ ਇਕ ਸੁਨਿਸ਼ਚਿਤ ਤੇ ਵਿਧੀਵਤ ਜੀਵਨਦਰਸ਼ਨ ਦਾ ਰੂਪ ਦਿੱਤਾ ਅਤੇ ਇਸ ਦੇ ਪ੍ਰਚਾਰ ਲਈ ਕੇਂਦਰ ਸਥਾਪਤ ਕਰਨ ਦੀ ਯੋਜਨਾ ਬਣਾਈ। ਇਸ ਉਦਾਸੀ ਤੋਂ ਵਾਪਸ ਆ ਕੇ ਆਪ ਜੀ ਆਪਣੇ ਕੁਝ ਕੁ ਪ੍ਰਮੁੱਖ ਸਿੱਖ ਸ਼ਰਧਾਲੂਆਂ ਦੀ ਸਹਾਇਤਾ ਨਾਲ ਗੁਰਦਾਸਪੁਰ ਜ਼ਿਲ੍ਹੇ ਵਿਚ ਰਾਵੀ ਦੇ ਕੰਢੇ 'ਤੇ ਇਕ ਨਵਾਂ ਪਿੰਡ ਕਰਤਾਰਪੁਰ ਵਸਾਇਆ। ਜਦੋਂ ਇਥੇ ਇਕ ਛੋਟੀ ਜਿਹੀ ਧਰਮਸ਼ਾਲ ਬਣ ਗਈ ਤਾਂ ਆਪ ਜੀ ਦੇ ਮਾਤਾ-ਪਿਤਾ ਵੀ ਇਥੇ ਹੀ ਆ ਗਏ। ਭਾਈ ਮਰਦਾਨਾ ਜੀ ਦਾ ਪਰਵਾਰ ਵੀ ਇਥੇ ਹੀ ਆ ਵੱਸਿਆ। ਕੁਝ ਚਿਰ ਸਤਿਗੁਰੂ ਜੀ ਨਗਰ ਵਸਾਉਣ ਦੇ ਆਹਰ ਵਿਚ ਰੁੱਝੇ ਰਹੇ ਪਰੰਤੂ ਛੇਤੀ ਹੀ ਦੂਜੀ ਉਦਾਸੀ ਲਈ ਚੱਲ ਪਏ।

ਇੱਥੇ ਚੇਤੇ ਰੱਖਣ ਵਾਲੀ ਗੱਲ ਹੈ ਕਿ ਜਗਨਨਾਥ ਪੁਰੀ ਦੇ ਮੰਦਰਾਂ ਵਿਚ ਜਦੋਂ ਬਾਬੇ ਨੇ ਆਰਤੀਆਂ ਹੁੰਦੀਆਂ ਦੇਖੀਆਂ ਤਾਂ ਆਪ ਆਰਤੀ ਲਿਖੀ :

**ਗਗਨ ਮੈ ਥਾਲੁ ਰਵਿ ਚੰਦ ਦੀਪਕ**
**ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲ ਆਨਲੋ ਪਵਣੁ ਚਵਰੋ**
**ਕਰੇ ਸਗਲ ਬਨਰਾਇ ਫੂਲੰਤ ਜੋਤੀ ॥ 1 ॥**
**ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ**

**ਦੂਜੀ ਉਦਾਸੀ ਉੱਤਰ ਦੀ**

ਦੂਜੀ ਉਦਾਸੀ ਦੋ-ਤਿੰਨ ਕੁ ਸਾਲਾਂ ਦੀ ਸੀ। ਪ੍ਰੋ. ਸਾਹਿਬ ਸਿੰਘ ਅਨੁਸਾਰ ਇਹ ਉਦਾਸੀ ਸੰਨ 1517 ਤੋਂ 1518 ਤਕ ਦੀ ਸੀ। ਇਸ ਉਦਾਸੀ ਦੌਰਾਨ ਗੁਰੂ ਜੀ ਨੇ ਜੰਮੂ ਤੇ ਕਸ਼ਮੀਰ ਦੀ ਯਾਤਰਾ ਕੀਤੀ। ਆਪ ਗਿਆਨ ਕੋਟ ਅਤੇ ਜੰਮੂ ਤੋਂ ਹੁੰਦੇ ਹੋਏ ਪਹਿਲਾਂ ਵੈਸ਼ਨੋ ਦੇਵੀ ਗਏ, ਫਿਰ ਮਟਨ ਵਿਚ ਅਮਰਨਾਥ ਤੇ ਉਸ ਤੋਂ ਵੀ ਪਰ੍ਹੇ ਬਰਫ਼ਾਂ ਲੱਦੀ ਪਰਬਤ ਮਾਲਾ ਉੱਤੇ, ਜਿਥੇ ਕੁਝ ਸਿੱਧਾਂ ਨਾਲ ਆਪ ਜੀ ਦਾ ਸੰਵਾਦ ਹੋਇਆ।

ਭਾਈ ਗੁਰਦਾਸ ਜੀ ਦਾ ਕਥਨ ਹੈ:

**-ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟਿ ਆਈ।**
**(ਵਾਰ 1:28)**

**-ਸਬਦਿ ਜਿਤੀ ਸਿਧਿ ਮੰਡਲੀ...। (ਵਾਰ 1:31)**

ਤੀਜੀ ਉਦਾਸੀ ਪੱਛਮ ਵਲ ਕੀਤੀ

ਤੀਜੀ ਉਦਾਸੀ (ਸੰਨ 1518 ਤੋਂ 1521) ਤਕ ਹੈ, ਆਪ ਜੀ ਕਰਤਾਰਪੁਰ ਤੋਂ ਪੱਛਮ (ਮੱਧ ਪੂਰਬ) ਦੇ ਦੇਸ਼ਾਂ ਦੀ ਯਾਤਰਾ ਲਈ ਚੱਲੇ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:

**ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।**
**(ਵਾਰ 1:32)**

ਓਪਰੀਆਂ ਧਰਤੀਆਂ ਓਪਰੇ ਲੋਕ ਪਰ ਸਤਿਗੁਰੂ ਜੀ ਨੂੰ ਤਾਂ ਕੁਝ ਵੀ ਓਪਰਾ ਨਹੀਂ ਸੀ ਲੱਗਦਾ। ਸਾਰੇ ਹੀ ਆਪਣੇ ਸਨ। ਇਸ ਵਾਰ ਆਪ ਜੀ ਕਰਤਾਰਪੁਰ ਤੋਂ ਤੁਰੇ ਤਾਂ ਕਸੂਰ, ਪਾਕਪਟਨ, ਤੁਲੰਭਾ, ਮੁਲਤਾਨ, ਬਹਾਵਲਪੁਰ, ਸ਼ੱਖਰ ਆਦਿ ਕਈ ਥਾਵਾਂ ਤੋਂ ਹੁੰਦੇ ਹੋਏ ਮੁਸਲਿਮ ਹਾਜ਼ੀਆਂ ਦੇ ਕਾਫ਼ਿਲੇ ਵਿਚ ਸ਼ਾਮਿਲ ਹੋ ਕੇ ਮਕਰਾਨ ਦੇ ਇਲਾਕੇ ਵਿਚ ਪੁੱਜੇ। ਫਿਰ ਮੱਕੇ ਗਏ। ਮੱਕੇ ਹਾਜ਼ੀਆਂ ਨਾਲ ਗੁਰੂ ਜੀ ਦਾ ਵਿਚਾਰ-ਵਟਾਂਦਰਾ ਹੋਇਆ। ਰੁਕਨਦੀਨ ਨਾਲ ਬਹਿਸ ਹੋਈ। ਫਿਰ ਮਦੀਨੇ ਗਏ, ਫਿਰ ਬਸਰੇ ਤੇ ਬਸਰੇ ਤੋਂ ਕਰਬਲਾ, ਫਿਰ ਬਗ਼ਦਾਦ।

ਇਸ ਫੇਰੀ ਵਿਚ ਬਾਬਾ ਨਾਨਕ ਜੀ ਦੇ ਜਿਹੜੇ ਚਿਤਰ ਮਿਲਦੇ ਹਨ ਉਨ੍ਹਾਂ ਵਿਚ ਬਾਬਾ ਨਾਨਕ ਨੇ ਸੇਲੀ ਟੋਪੀ ਪਹਿਨੀ ਹੋਈ ਹੁੰਦੀ ਹੈ। ਇਹ ਗੱਲ ਸੁਭਾਵਕ ਹੀ ਲਗਦੀ ਹੈ ਕਿਉਂਕਿ ਮੱਕਾ ਜਾਂ ਮਦੀਨਾ ਜਾਣ ਦੀ ਇਜਾਜ਼ਤ ਵੀ ਸਿਰਫ ਮੁਸਲਮਾਨਾਂ ਨੂੰ ਹੀ ਸੀ ਉਹੋ ਜਿਹਾ ਰੂਪ ਧਾਰਨਾ ਕੋਈ ਅਲੋਕਾਰ ਗੱਲ ਨਹੀਂ ਲਗਦੀ।

ਇਸ ਫੇਰੀ ਦਾ ਵਰਨਣ ਭਾਈ ਗੁਰਦਾਸ ਜੀ ਨੇ ਕੀਤਾ ਹੈ: ਭਾਈ ਗੁਰਦਾਸ ਜੀ ਨੇ ਬਾਲੇ ਵਾਲਾ ਭੁਲੇਖਾਂ ਵੀ ਕੱਢਿਆ ਹੈ ਜਦੋਂ ਉਹ ਲਿਖਦੇ ਹਨ

**ਫਿਰਿ ਬਾਬਾ ਗਇਆ ਬਗਦਾਦਿ**
**ਨੋ ਬਾਹਰਿ ਜਾਇ ਕੀਆ ਅਸਥਾਨਾ।**
**ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।**
**(ਵਾਰ 1:35)**

ਰਾਗ ਨੂੰ ਹਰਾਮ ਸਮਝੇ ਜਾਣ ਵਾਲੇ ਸ਼ਹਿਰ ਵਿਚ ਕੀਰਤਨ, ਸੱਤ ਜ਼ਿਮੀਂ, ਅਸਮਾਨ ਮੰਨਣ ਵਾਲਿਆਂ ਨੂੰ 'ਪਾਤਾਲਾ ਪਾਤਾਲ, ਲਖ ਆਗਾਸਾ ਆਗਾਸ' ਦੱਸਦੇ ਹੋਏ ਫਿਰ ਬਗ਼ਦਾਦ ਤੋਂ ਇਸਫਰਾਨ, ਤਹਿਰਾਨ, ਮਸਤੱਕ ਬੁਖ਼ਾਰਾ ਤੇ ਸਮਰਕੰਦ ਹੁੰਦੇ ਹੋਏ ਕਾਬੁਲ ਤੇ ਜਲਾਲਾਬਾਦ ਦੇ ਰਸਤੇ ਰਾਵਲਪਿੰਡੀ ਦੇ ਲਾਗੇ ਹਸਨ ਅਬਦਾਲ ਪੁੱਜੇ। ਫਿਰ ਐਮਨਾਬਾਦ ਤੋਂ ਕਰਤਾਰਪੁਰ। ਇਸ ਉਦਾਸੀ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਸਲਿਮ ਵਿਸ਼ਵਾਸਾਂ, ਰਹੁਰੀਤਾਂ ਤੇ ਧਰਮ-ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ ਕਿਹਾ ਜਾਂਦਾ ਹੈ। ਐਮਨਾਬਾਦ ਬਾਬਰ ਦਾ ਹਮਲਾ ਹੋਇਆ, ਜਿਸ ਦਾ ਵਰਣਨ ਆਪ ਜੀ ਨੇ ਆਪਣੀ ਬਾਣੀ ਵਿਚ ਕੀਤਾ।

ਬਾਬਰ ਦੇ ਹਮਲੇ ਵੇਲੇ ਸੱਚੇ ਕਹੇ ਜਾਂਦੇ ਸਿਰਜਣਹਾਰ ਨੂੰ ਵੀ ਮਿਹਣਾ ਮਾਰਦਿਆ ਆਖਿਆ ਸੀ :-

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦੁ ਨ ਆਇਆ ॥**
**ਕਲਿ ਕਾਤਿ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**

ਉਸ ਸਮੇਂ ਜਿਹੜੇ ਬ੍ਰਾਹਮਣ (ਪੰਡਿਤ) ਤੇ ਮੌਲਵੀ ਲੋਕਾਂ ਨੂੰ ਅੰਧ ਵਿਸ਼ਵਾਸ ਦੇ ਚੱਕਰ ਵਿਚ ਪਾਕੇ ਆਪਣੇ ਆਪ ਨੂੰ ਰੱਬ ਦੇ ਨੇੜੇ ਦੱਸਦੇ ਅਤੇ ਲੋਕਾਂ ਨੂੰ ਰੱਬ ਨਾਲ ਮੇਲਣ ਦੀ ਦਲਾਲੀ ਕਰਨ ਦਾ ਦੰਭ ਰਚਦੇ ਸਨ ਬਾਬੇ ਨਾਨਕ ਨੇ ਉਨ੍ਹਾਂ ਨੂੰ ਕਾਫਰ ਕਹਿੰਦੇ ਹੋਏ ਭੰਡਿਆ :-

**ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥**

ਅਤੇ ਜਿਹੜੇ ਪਖੰਡੀ ਆਪਣੇ ਆਪ 'ਚ ਗਿਆਨਵਾਨ ਹੋਣ ਦਾ ਦਾਅਵਾ ਕਰਦੇ ਸਨ, ਪਰ ਕਿਰਤ ਕਰਨ ਤੋਂ ਮੰਗਣਾਂ ਬੇਹਤਰ ਸਮਝਦੇ ਸਨ। ਅਸਲੀ ਜੀਵਨ ਤੋਂ ਭੱਜ ਰਹੇ ਸਨ, ਉਨ੍ਹਾਂ ਨੂੰ ਦੁਰਕਾਰਿਆ, ਫਿਟਕਾਰਿਆ ਅਤੇ ਸੌ ਸੌ ਲਾਅਨਤਾਂ ਪਾਉਂਦਿਆਂ ਕਿਹਾ ਸੀ :-

**ਗਿਆਨ ਵਿਹੂਣਾ ਗਾਵੈ ਗੀਤ ॥**
**ਭੁਖੇ ਮੁਲਾਂ ਘਰੇ ਮਸੀਤਿ ॥**
**ਮਖਟੂ ਹੋਇ ਕੈ ਕੰਨ ਪੜਾਏ ॥**
**ਫਕਰੁ ਕਰੇ ਹੋਰੁ ਜਾਤਿ ਗਵਾਏ ॥**
**ਗੁਰੁ ਪੀਰੁ ਸਦਾਏ ਮੰਗਣ ਜਾਇ ॥**

ਪਰ ਅੱਜ ਦਾ ਇਹ ਐਸ਼ ਭੋਗਦਾ ਸਾਧ ਲਾਣਾ ਆਪਣੀਆਂ ਮਹਿੰਗੀਆਂ ਯਾਤਰਾਵਾਂ ਰਾਹੀਂ ਧਨ ਇਕੱਠਾ ਕਰਨ ਹੀ ਨਿਕਲਦਾ ਹੈ। ਦੂਰ-ਦੁਰਾਡੇ ਤੱਕ ਕੀਤੇ ਸਫਰਾਂ ਨਾਲ ਮਾਲਾਮਾਲ ਹੋ ਕੇ ਮੁੜਦੇ ਹਨ ਇਹ ਅੱਜ ਦੇ ਬਾਬੇ। ਸੋਚੋ ਤਾਂ ਸਹੀ ਕੀ ਅਜਿਹੇ ਲੋਕ ਸਾਡੇ ਸਮਾਜ ਦੇ ਆਦਰਸ਼ ਬਣ ਸਕਦੇ ਹਨ। ਨਹੀਂ ਇਹ ਬਾਬੇ ਦੇ ਨਾਂ ਤੇ ਸਿਰਫ ਸੁਆਹ ਵੇਚ ਕੇ ਸਾਡੇ ਘਰਾਂ ਦਾ ਸੋਨਾ ਲੁੱਟ ਕੇ ਲੈ ਜਾਂਦੇ ਹਨ। ਇਨ੍ਹਾਂ ਦਾ ਰਾਹ ਬਾਬੇ ਨਾਨਕ ਦਾ ਰਾਹ ਨਹੀਂ। ਇਸ ਪਾਸਿਉਂ ਸੁਚੇਤ ਹੋ ਕੇ ਸਾਡੇ ਸਮਾਜ ਨੂੰ ਆਪਣੇ ਮਨਾਂ ਦੇ ਹਨੇਰੇ ਨੂੰ ਦੂਰ ਕਰਨ ਦੇ ਜਤਨ ਕਰਨੇ ਚਾਹੀਦੇ ਹਨ। ਆਪਣੇ ਮੱਥਿਆਂ ਦੀ ਕਾਰ ਸੇਵਾ ਕਰਕੇ ਆਪਣੇ ਮੱਥਿਆਂ ਨੂੰ ਨਿਰਮਲ ਕਰਨ ਦਾ ਜਤਨ ਕਰੀਏ। ਤਾਂ ਕਿ ਸਾਨੂੰ ਕਾਲੇ ਚਿੱਟੇ ਦਾ ਫਰਕ ਨਜ਼ਰ ਆ ਸਕੇ, ਸੋਚੀਏ ਤਾਂ ਸਹੀ । ਬਾਣੀ ਵੀ ਮੱਤ ਦਿੰਦੀ ਹੈ ਸੁਣੋ ਤਾਂ ਸਹੀ :

**ਮੂਰਖੈ ਸੰਗ ਨਾ ਲੂਝੀਐ ਪੜ ਅੱਖਰ ਆਪੈ ਬੂਝੀਐ**

ਸੋਚੀਏ ਤਾਂ ਸਹੀ ਜਿਸ ਬਾਬੇ ਨੇ ਲੋਕਾਂ ਨੂੰ ਆਪਸੀ ਭਾਈਚਾਰੇ ਦਾ ਸਿਧਾਂਤ ਦਿੱਤਾ, ਕਿਸੇ ਨੂੰ ਵੀ ਬੇਗਾਨਾ ਨਾ ਸਮਝਿਆ ਉਸਦੇ ਬਹੁਗਿਣਤੀ ਪੈਰੋਕਾਰ ਕਿਵੇਂ ਵਿਹਲੜਾਂ ਦੇ ਦਰ ਮੱਥੇ ਰਗੜੀ ਜਾਂਦੇ ਹਨ। ਬਾਬੇ ਨਾਨਕ ਨੇ ਸੁੱਚੀ-ਸੱਚੀ ਅਤੇ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਭਾਈ ਲਾਲੋ ਨੂੰ ਮਾਣ ਬਖਸ਼ਿਆ ਪਰ ਅੱਜ ਉਸ ਲਾਲੋ ਦੇ ਭਾਈਵੰਦਾਂ ਨੂੰ ਨੀਚ ਕਹਿ ਕੇ ਉਨ੍ਹਾਂ ਦੀ ਦੁਰਗਤ ਕੀਤੀ ਜਾਂਦੀ ਹੈ, ਕਿਉਂ ? ਆਖਰ ਕਿਉਂ ??? ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਲੋਕਾਂ ਤੋਂ ਬਿਨਾਂ ਕੌਣ ਕੱਢਦਾ ਹੈ ਦਸਵੰਧ ਕਿਸੇ ਹੋਰ ਵਾਸਤੇ ? ਇਹ ਹੀ ਵੰਡ ਛਕਣ ਦਾ ਅਸੂਲ ਅਪਣਾਉਂਦੇ ਹਨ। ਮਲਕ ਭਾਗੋ ਦੇ ਯਾਰ ਅੱਜ ਵੀ ਸਮਾਜ ਅਤੇ ਬਹੁਤੇ ਥਾਵੀਂ ਧਰਮ ਤੇ ਵੀ ਕਾਬਜ ਹਨ। ਧਾਰਮਿਕ ਸਥਾਨਾਂ ਅੰਦਰ ਹੁੰਦੇ ਝਗੜੇ ਇਸ ਦੀ ਮੂੰਹੋਂ ਬੋਲਦੀ ਤਸਵੀਰ ਹਨ। ਨਾਨਕ ਦਾ ਰਾਹ ਸੱਚੇ -ਸੁੱਚੇ ਜੀਵਨ ਦਾ ਹੋਕਾ ਦਿੰਦਾ ਹੈ । ਪਰ ਕੀ ਅਸੀਂ ਉਸ ਸੱਚ ਦੇ ਲੜ ਲੱਗਣ ਜੋਗੇ ਹੋ ਗਏ ਹਾਂ ? ਕੀ ਅੱਜ ਦੇ ਸੱਜਣ ਠੱਗ ਸਾਡੇ ਸਮਾਜ ਦੀ ਅਗਵਾਈ ਕਰਦੇ ਸਾਨੂੰ ਨਜ਼ਰ ਨਹੀਂ ਆਉਂਦੇ ? ਵੰਡੇ ਹੋਏ ਮਨਾਂ ਨੂੰ ਜੋੜਨਾ ਹੀ ਨਾਨਕ ਦੀ ਸਿੱਖਿਆ ਹੈ, ਅਸੀਂ ਇਸ ਰਾਹੇ ਪੈਂਦੇ ਕਿਉਂ ਨਹੀਂ ? ਜਾਂ ਸਵਾਲ ਹੈ ਕਦੋਂ ਪਵਾਂਗੇ ??

ਅਸੀਂ ਸਾਰੇ ਹੀ ਗੁਰੂਆਂ ਵਲੋਂ ਜਾਤ-ਪਾਤ ਖਤਮ ਕਰਨ ਦੇ ਬੜੇ ਪ੍ਰਵਚਨ ਸੁਣਦੇ-ਸੁਣਾਉਂਦੇ ਹਾਂ - ਪਰ ਆਪ ਅਸੀਂ ਇਸ ਬਾਰੇ ਕੋਈ ਜਤਨ ਨਹੀਂ ਕਰਦੇ - ਜੇ ਇਸ ਕੋਹੜ ਨੂੰ ਖਤਮ ਕਰਨਾ ਹੈ ਤਾਂ ਇਹ ਵੀ ਆਪਣੇ ਆਪ ਤੋਂ ਹੀ ਸ਼ੁਰੂ ਕਰਨਾ ਪਵੇਗਾ। ਪਹਿਲਾਂ ਆਪਣੇ ਮਨਾਂ ਵਿੱਚ ਝਾਕੀਏ, ਅੰਦਰ ਪਿਆ ਗੰਦ ਹੂੰਝ ਕੇ ਬਾਹਰ ਸੁੱਟਣ ਦਾ ਜਤਨ ਕਰੀਏ ਤੇ ਦੇਖੀਏ ਕਿ ਅਸੀਂ ਕਿਹੜੇ ਰਾਹ ਤੁਰ ਰਹੇ ਹਾਂ। ਆਉ ਸਾਰੇ ਰਲ ਕੇ ਹੰਭਲਾ ਮਾਰੀਏ ਤੇ ਸੱਚ ਦੇ ਰਾਹ ਵਾਲੇ ਪਾਂਧੀ ਬਣੀਏ। ਅਸੀਂ ਆਪਣੇ ਆਪ ਨੂੰ ਵੱਡੇ ਤੋਂ ਵੱਡਾ ਦੱਸਣ ਦਾ ਭਰਮ ਪਾਲ਼ਦੇ ਹਾਂ ਪਰ ਦੇਖੋ ਤਾਂ ਸਹੀ ਕਿ ਬਾਬਾ ਨਾਨਕ ਨੇ ਸਾਨੂੰ ਆਪਣਾ ਰਾਹ ਸਪਸ਼ਟ ਕਰਦਿਆਂ ਕੀ ਕਿਹਾ ਸੀ, ਕਿ :

**ਨੀਚਾਂ ਅੰਦਰ ਨੀਚ ਜਾਤਿ ਨੀਚੀ ਹੂੰ ਅਤਿ ਨੀਚ**
**ਨਾਨਕ ਤਿਨ ਕੇ ਸੰਗਿ ਸਾਥ ਵੱਡਿਆਂ ਸਿਉ ਕਿਆ ਰੀਸ ॥**

ਇਹ ਸੁਣਨ ਤੋਂ ਬਾਅਦ ਤਾਂ ਸਭ ਨੂੰ ਸਮਝ ਪੈ ਹੀ ਜਾਣੀ ਚਾਹੀਦਾ ਹੈ ਕਿ ਬਾਬਾ ਕਿਹੜੇ ਪਾਸੇ ਖੜ੍ਹਦਾ ਹੈ ਫੇਰ ਸਾਡਾ ਰਾਹ ਤੇ ਸਾਡੇ ਰਾਹ ਦੇ ਸੰਗੀ ਸਾਥੀ ਕੌਣ ਹਨ। ਜੇ ਅਸੀਂ ਨਾਨਕ ਦੇ ਰਾਹ ਨੂੰ ਅਪਨਾਉਣਾ ਹੈ ਤਾਂ ਔਕੜਾਂ ਜਰੂਰ ਆਉਣਗੀਆਂ ਪਰ ਅਸੀਂ ਆਪਣੇ ਫਰਜ਼ਾਂ ਦੇ ਲੜ ਲੱਗੇ ਬਿਨਾਂ ਸੁਰਖਰੂ ਨਹੀਂ ਹੋ ਸਕਦੇ । ਜ਼ਿੰਦਗੀ ਨੂੰ ਸੌਖਿਆਂ ਅਤੇ ਸੁਰਖਰੂ ਕਰਨ ਦਾ ਇਹ ਹੀ ਰਾਹ ਹੈ।

ਆਪਣੇ ਜੀਵਨ ਦੇ ਅੰਤਿਮ ਅੱਠ-ਦਸ ਵਰ੍ਹੇ ਆਪ ਜੀ ਨੇ ਕਰਤਾਰਪੁਰ ਵਿਖੇ ਨਿਵਾਸ ਕੀਤਾ। ਜਿਥੇ ਆਪ ਜੀ ਨਿਤਨੇਮ, ਕਥਾ-ਕੀਰਤਨ ਤੇ ਭਜਨ-ਬੰਦਗੀ ਕਰਦੇ ਅਤੇ ਹਰ ਕਿਸੇ ਨੂੰ ਚੰਗਾ ਜੀਵਨ ਬਿਤਾਉਣ ਦਾ ਸੁਨੇਹਾ ਦਿੰਦੇ ਭਾਈ ਗੁਰਦਾਸ ਜੀ ਕਰਤਾਰਪੁਰ ਦੀ ਧਰਮਸ਼ਾਲਾ ਦਾ ਵਰਣਨ ਕਰਦੇ ਫ਼ੁਰਮਾਉਂਦੇ ਹਨ :-

ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧਨੁਕਾਰਾ। (ਵਾਰ 1;38) ਇਥੇ ਹੀ ਆਪ ਜੀ ਦਾ ਦੀਦਾਰ ਕਰਨ ਭਾਈ ਲਹਿਣਾ ਜੀ ਆਏ। ਦੀਦਾਰ ਐਸਾ ਹੋਇਆ ਕਿ ਭਾਈ ਲਹਿਣਾ ਜੀ ਆਪ ਦੇ ਹੋ ਕੇ ਰਹਿ ਗਏ। ਦੋਵੇਂ ਇਕ ਜੋਤ ਹੋ ਗਏ। ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅੰਗ ਬਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਨਿਬੜੇ। 7 ਸਤੰਬਰ, ਸੰਨ 1539 ਨੂੰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣਾ ਜੋਤਿ ਰੂਪੀ ਨੂਰ ਭਾਈ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਵਿਚ ਟਿਕਾ ਕੇ ਅਕਾਲ ਸਤਿ ਵਿਚ ਸਮਾ ਗਏ।

ਕੋਸ਼ਿਸ਼ ਕਰਨੀ ਚਹੀਦਾ ਹੈ ਕਿ ਸੱਚ ਦੇ ਰਾਹ ਪਈਏ, ਬਾਬੇ ਨਾਨਕ ਦੀਆਂ ਜੀਵਨ ਸੁਆਰਦੀਆਂ ਸਮਝੌਤੀਆਂ ਦੇ ਲੜ ਲੱਗੀਏ, ਚੰਗੇ ਜੀਵਨ ਦੀ ਜੁਗਤ ਕਿ ਕੀ ਕਰੀਏ ਤੇ ਕੀ ਨਾ ਕਰੀਏ ਸਾਨੂੰ ਸਾਡੀ ਮਾਂ ਬੋਲੀ ਦੇ ਪਹਿਲੇ ਕਵੀ ਬਾਬਾ ਸ਼ੇਖ ਫਰੀਦ ਜੀ ਇਉਂ ਦੱਸਦੇ ਹਨ :

**ਜੇ ਤੂ ਅਕਲਿ ਲਤੀਫ ਕਾਲੇ ਲਿਖ ਨਾ ਲੇਖੁ**
**ਆਪਿਨੜੈ ਗਿਰਿਵਾਨ ਮੈ ਸਿਰ ਨੀਵਾ ਕਰ ਦੇਖੁ ॥**

ਅੱਜ ਸਾਡਾ ਕੀ ਹਾਲ ਹੈ - ਵਿਹਲੜ ਵੀ ਆਪਣੇ ਆਪ ਨੂੰ ਸੰਤ ਆਖੀ ਜਾ ਰਹੇ ਹਨ- ਅਜਿਹੇ ਇਨ੍ਹਾਂ ਨਕਲੀ ਸਾਧਾਂ-ਸੰਤਾਂ ਦੇ ਵੱਗ ਤੁਰੇ ਫਿਰਦੇ ਹਨ- ਮਾਫ ਕਰਨਾ ਵੱਗ ਸ਼ਬਦ ਆਮ ਕਰਕੇ ਪਸ਼ੂਆਂ ਲਈ ਰਾਖਵਾਂ ਹੈ - ਪਸ਼ੂਆਂ ਦੇ ਵੱਗ ਹੀ ਆਖੇ ਜਾਂਦੇ ਹਨ - ਪਰ ਜਿਸ ਸਮਾਜ ਜਿਸ ਭਾਈਚਾਰੇ ਕੋਲ ਸਾਧਾਂ ਦੇ ਵੱਗ ਹੋਣ ਉਨ੍ਹਾਂ ਦਾ ਕੀ ਹਾਲ ਹੋ ਸਕਦਾ ਹੈ ਇਹ ਸਭ ਨੇ ਰਲ ਕੇ ਸੋਚਣਾ ਹੈ। ਆਉ ਜਤਨ ਕਰੀਏ ਆਪਣੇ ਮਨ ਅੰਦਰ ਝਾਕਣ ਦਾ ਅਤੇ ਆਪਣੇ ਜੀਵਨ ਨੂੰ ਬਾਬੇ ਵਲੋਂ ਦਿੱਤੀ ਸੋਚ ਧਾਰਾ ਤੇ ਸੁਚੱਜੀ ਜੀਵਨ ਜਾਚ ਅਤੇ ਜੀਵਨ ਜੁਗਤ ਨਾਲ ਜੋੜਨ ਦਾ।


Passport Photos
ਪਾਸਪੋਰਟ ਫੋਟੋ 2 ਫੋਟੋ $5 ਦੀਆਂ
Family Partrait
Graduation
Fashion | Glamour
Photo Restoration
Photography
for all occasions
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600



ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
Any type Unsecured Debt WE CAN REDUCE YOU DEBT BY 70%
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
Kulwinder Bains
Certified Credit Counseller
778-998-9402
DDS: Diverse Debt Solutions Ltd.
unit # 205-12899-76 Ave. Surrey

# ਤੂਫ਼ਾਨਾਂ ਦੇ ਸ਼ਾਹ ਅਸਵਾਰ ਸਰਦਾਰ ਕਰਤਾਰ ਸਿੰਘ ਸਰਾਭੇ ਨੂੰ ਯਾਦ ਕਰਦਿਆਂ

ਲਿਖਤ : ਸ.ਸੁਖਚੈਨ ਸਿੰਘ ਕੁਰੜ
(ਬਰਨਾਲਾ)

ਹੱਥਾਂ ਨੂੰ 'ਕਿਰਤ' 'ਤੇ ਪੈਰਾਂ ਨੂੰ 'ਉਦਾਸੀਆਂ' ਦਾ ਅਸ਼ੀਰਵਾਦ ਲੈਕੇ ਘਰਾਂ ਤੋਂ ਤੁਰਨਾ ਪੰਜਾਬੀਆਂ ਦੇ ਹਿੱਸੇ ਮੁੱਢ ਤੋਂ ਹੀ ਰਿਹਾ ਹੈ। ਸਮਾਂ ਕੋਈ ਵੀ ਹੋਵੇ, ਹਾਲਤਾਂ ਮੁਤਾਬਕ ਕਾਰਨ ਜੋ ਵੀ ਹੋਣ ਪਰ ਪੰਜਾਬੀਆਂ ਨੇ ਹਮੇਸ਼ਾ ਆਪਣਾ ਸਫ਼ਰ ਅਣਖਾਂ ਦੇ ਸਾਫੇ ਬੰਨ੍ਹ ਕੇ ਚੜ੍ਹਦੀ ਕਲਾ ਨਾਲ ਹੀ ਤੈਅ ਕੀਤਾ ਹੈ। ਅੱਜ ਅਸੀਂ ਇੱਥੇ ਇੱਕ ਅਜਿਹੇ ਹੀ ਘੁੰਮਕੜ ਬਿਰਤੀ ਦੇ ਮਾਲਕ 'ਤੂਫ਼ਾਨਾਂ ਦੇ ਸ਼ਾਹ ਅਸਵਾਰ' ਦੀ ਗੱਲ ਬੜੇ ਮਾਣ ਨਾਲ ਸਾਂਝੀ ਕਰਾਂਗੇ। ਜਿਸ ਨੂੰ ਉਹਦੇ ਜਮਾਤੀ ਕਦੇ 'ਉੱਡਣਾ ਸੱਪ' ਵੀ ਕਿਹਾ ਕਰਦੇ ਸਨ। ਇਹੋ 'ਉੱਡਣਾ ਸੱਪ' ਭਾਰਤ ਵਿੱਚ ਸਭ ਤੋਂ ਨਿੱਕੀ ਉਮਰੇ ਜਹਾਜ ਚਲਾਉਣ ਦਾ ਮਾਣ ਖੱਟਕੇ ਅੱਗੇ ਜਾਕੇ 'ਬਾਲ ਜਰਨੈਲ' ਹੋਣ ਦਾ ਰੁਤਬਾ ਪਾਉਂਦਾ ਹੈ।

ਇਸ ਬਾਲ ਜਰਨੈਲ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਪਿਤਾ ਸ. ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਹੋਇਆ ਸੀ। ਪਿੰਡ ਸਰਾਭਾ ਦਾ ਨਾਂ ਪੜ੍ਹਦਿਆਂ ਸਰਦਾਰ ਕਰਤਾਰ ਸਿੰਘ ਦਾ ਨਾਂ ਤੁਹਾਡੇ ਦਿਮਾਗ਼ ਵਿੱਚ ਆਪਣੇ ਆਪ ਜ਼ਰੂਰ ਆ ਗਿਆ ਹੋਵੇਗਾ। ਅੱਜ ਅਸੀਂ ਉਹੀ ਸ.ਕਰਤਾਰ ਸਿੰਘ ਸਰਾਭਾ ਬਾਰੇ ਗੱਲ ਕਰਾਂਗੇ ਜੋ ਬਾਅਦ ਵਿੱਚ ਗ਼ਦਰ ਲਹਿਰ ਦਾ ਨਿੱਕੀ ਉਮਰੇ ਇੱਕ ਮਹਾਂਨਾਇਕ ਹੋ ਨਿੱਬੜਿਆ। 'ਸਰਾਭੇ' ਦਾ ਪਰਿਵਾਰ ਆਪਣੇ ਜ਼ਮਾਨੇ ਵਿੱਚ ਪੜ੍ਹਿਆ-ਲਿਖਿਆ ਅਤੇ ਖਾਂਦਾ-ਪੀਂਦਾ ਸਰਦਾ ਪੁੱਜਦਾ ਪਰਿਵਾਰ ਸੀ। ਕਰਤਾਰ ਸਿੰਘ ਦੇ ਤਿੰਨ ਚਾਚੇ ਸ.ਬਿਸ਼ਨ ਸਿੰਘ, ਡਾ.ਵੀਰ ਸਿੰਘ ਤੇ ਬਖਸ਼ੀਸ਼ ਸਿੰਘ ਚੰਗੀਆਂ ਨੌਕਰੀਆਂ ਉੱਤੇ ਉਦੋਂ ਲੱਗੇ ਹੋਏ ਸਨ। ਬਖਸ਼ੀਸ਼ ਸਿੰਘ ਉੜੀਸਾ ਵਿੱਚ ਜੰਗਲਾਤ ਮਹਿਕਮੇ ਵਿਚ ਸੀ ਤੇ ਇੱਕ ਚਾਚਾ ਯੂ.ਪੀ. ਵਿੱਚ ਸਬ ਇੰਸਪੈਕਟਰ ਸੀ। ਸਰਾਭੇ ਦੇ ਬਾਪ ਸ. ਮੰਗਲ ਸਿੰਘ ਦੀ ਸਰਾਭੇ ਦੇ ਬਚਪਨ ਵਿੱਚ ਹੀ ਮੌਤ ਹੋ ਗਈ ਸੀ। ਜਿਸ ਕਰਕੇ ਬਾਅਦ ਵਿੱਚ ਸਰਾਭੇ ਦੇ ਪਾਲਣ-ਪੋਸ਼ਣ ਦੀ ਜ਼ੁੰਮੇਵਾਰੀ ਦਾਦਾ ਸਰਦਾਰ ਬਚਨ ਸਿੰਘ ਨੇ ਨਿਭਾਈ। ਸ.ਕਰਤਾਰ ਸਿੰਘ ਸਰਾਭੇ ਦੀ ਭੈਣ ਦਾ ਨਾਂ ਧੰਨ ਕੌਰ ਸੀ।

ਪਰਿਵਾਰ ਵੱਲੋਂ ਅੱਠ ਕੁ ਸਾਲ ਦੀ ਉਮਰੇ ਕਰਤਾਰ ਸਿੰਘ ਨੂੰ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਪਾਇਆ ਗਿਆ। ਚਾਰ ਜਮਾਤਾਂ ਉਸ ਨੇ ਇੱਥੇ ਹੀ ਪਾਸ ਕੀਤੀਆਂ। ਅੱਗੇ ਪੰਜਵੀਂ ਦੀ ਪੜ੍ਹਾਈ ਵਰਨੈਕੁਲਰ ਸਕੂਲ ਗੁੱਜਰਵਾਲ ਵਿੱਚ ਕੀਤੀ। ਪੰਜਵੀਂ ਵਿੱਚ ਕਰਤਾਰ ਸਿੰਘ ਦਾ ਜਮਾਤੀ ਬਾਬਾ ਹਰਭਜਨ ਸਿੰਘ ਚਮਿੰਡਾ ਬਣਿਆ ਜੋ ਪਿੱਛੋਂ ਜਾ ਕੇ ਉਨ੍ਹਾਂ ਨਾਲ ਹੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋਇਆ। ਕਰਤਾਰ ਸਿੰਘ ਨੇ ਗੁੱਜਰਵਾਲ ਤੋਂ ਵਰਨੈਕੁਲਰ ਅੱਠਵੀਂ ਪਾਸ ਕਰ ਲਈ ਤਾਂ ਪਰਿਵਾਰ ਵੱਲੋਂ ਉਸ ਨੂੰ ਅਗਲੀ ਪੜ੍ਹਾਈ ਲਈ ਲੁਧਿਆਣਾ ਦੇ ਮਾਲਵਾ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਵਾਇਆ ਗਿਆ।

1910-1911 ਦੌਰਾਨ ਕਰਤਾਰ ਸਿੰਘ ਆਪਣੇ ਚਾਚੇ ਬਖਸੀਸ ਸਿੰਘ ਕੋਲ ਚਲਿਆ ਗਿਆ,ਜਿੱਥੇ ਉਸਨੇ ਦਸਵੀਂ ਪਾਸ ਕੀਤੀ।

ਸ.ਕਰਤਾਰ ਸਿੰਘ ਜਨਵਰੀ 1912 ਵਿੱਚ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਵਿਚ ਪਹੁੰਚਿਆ ਅਤੇ ਬਰਕਲੇ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿੱਚ ਦਾਖਲਾ ਲੈਣ ਦੀ ਕੋਸ਼ਸ਼ ਕੀਤੀ। ਉਸ ਵਕਤ ਪੰਜਾਬ ਤੋਂ ਪਹੁੰਚਣ ਵਾਲੇ ਸਿੱਖ ਕੈਲੀਫੋਰਨੀਆ ਹੀ ਪਹੁੰਚਦੇ ਸਨ। ਕਿਉਂਕਿ ਉਥੇ ਸਿੱਖ ਵੱਡੀ ਗਿਣਤੀ ਵਿੱਚ ਰਹਿੰਦੇ ਸਨ। ਜੋ ਖੇਤੀ ਫਾਰਮਾਂ ਵਿੱਚ ਕੰਮ ਕਰਦੇ ਸਨ।

ਅਮਰੀਕਾ ਰਹਿੰਦੇ ਹੋਏ ਇੱਕ ਦਿਨ ਸਰਾਭੇ ਨੇ ਇੱਕ ਅਮਰੀਕਨ ਔਰਤ ਨੂੰ ਦੇਸ਼ ਭਗਤਾਂ ਨੂੰ ਪ੍ਰਣਾਮ ਕਰਦੇ ਦੇਖਕੇ ਇਸ ਬਾਰੇ ਜਾਣਨ ਦੀ ਕੋਸ਼ਸ਼ ਕੀਤੀ। ਜਦ ਉਸ ਔਰਤ ਨੇ ਦੱਸਿਆ ਕਿ "ਇਸ ਦਿਨ ਸਾਡਾ ਅਮਰੀਕਾ, ਗੁਲਾਮੀ ਤੋਂ ਆਜ਼ਾਦ ਹੋਇਆ ਸੀ। ਅਸੀਂ ਆਜ਼ਾਦੀ ਪਰਵਾਨਿਆਂ ਨੂੰ ਕਦੀ ਵੀ ਭੁਲਾ ਨਹੀਂ ਸਕਦੇ।" ਇਹ ਸੁਣ ਕੇ ਉਸ ਦੇ ਦਿਮਾਗ਼ ਵਿੱਚ ਖਲਬਲੀ ਮੱਚ ਗਈ। ਉਸ ਨੇ ਸੋਚਿਆ ਕਿ ਅਸੀਂ ਇੱਥੇ ਪੜ੍ਹਨ ਤੇ ਡਾਲਰ ਕਮਾਉਣ ਲਈ ਆ ਗਏ ਹਾਂ। ਸਾਡਾ ਦੇਸ਼ ਗੁਲਾਮ ਹੈ। ਸਾਨੂੰ ਇੱਥੇ 'ਕਾਲੇ', 'ਕੁਲੀ', 'ਡੈਮ' ਤੇ 'ਡਰਟੀ' ਕਿਹਾ ਜਾਂਦਾ ਹੈ। ਸਾਡੇ ਆਪਣੇ ਦੇਸ਼ ਦੇ ਲੋਕ ਗਰੀਬੀ, ਭੁੱਖ-ਨੰਗ ਅਤੇ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਹਨ। ਇਹ ਸੋਚ ਕੇ ਉਸਦੇ ਦਿਲ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਗੁੱਸਾ ਹੋਰ ਉਬਾਲੇ ਖਾਣ ਲੱਗਾ। ਹੌਲੀ-ਹੌਲੀ ਸਮੇਂ-ਸਮੇਂ ਕਰਤਾਰ ਸਿੰਘ ਸਰਾਭਾ ਦੀ ਮੁਲਾਕਾਤ ਸਰਾਭੇ ਪਿੰਡ ਦੇ ਹੀ ਰੁਲੀਆ ਸਿੰਘ ਰਾਹੀਂ ਪਰਮਾਨੰਦ, ਲਾਲਾ ਹਰਦਿਆਲ, ਪੰਡਤ ਜਗਤ ਰਾਮ ਰਿਹਾਨਾ, ਭਾਈ ਜਵਾਲਾ ਸਿੰਘ ਅਤੇ ਹੋਰ ਭਾਰਤੀ ਕਾਮਿਆਂ ਨਾਲ ਹੋਈ। ਇਹਨਾਂ ਨੇ ਸਭ ਨੇ ਭਾਰਤ ਦੀ ਲੰਬੀ ਗੁਲਾਮੀ ਦੇ ਕਾਰਨਾਂ ਉੱਪਰ ਵਿਚਾਰ ਕਰਕੇ ਇਹੋ ਸਿੱਟਾ ਕੱਢਿਆ ਕਿ ਆਜ਼ਾਦੀ ਦੀ ਲੜਾਈ ਲਈ ਇੱਕ ਮਜ਼ਬੂਤ ਜਥੇਬੰਦੀ ਦੀ ਲੋੜ ਹੈ।




ਅਮਰੀਕਾ ਵਿੱਚ ਵੱਸਦੇ ਹਿੰਦੁਸਤਾਨੀਆਂ ਨੇ ਜਦ 1913 ਈ. ਵਿੱਚ ਗ਼ਦਰ ਨਾਂਅ ਦੀ ਇੱਕ ਪਾਰਟੀ ਬਣਾਈ,ਜਿਸ ਦੇ ਪ੍ਰਧਾਨ ਪ੍ਰਸਿੱਧ ਦੇਸ਼ ਭਗਤ ਸੋਹਣ ਸਿੰਘ ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਸਨ। ਇਸ ਸਮੇਂ ਦੌਰਾਨ ਕਰਤਾਰ ਸਿੰਘ ਸਰਾਭਾ ਸੋਹਣ ਸਿੰਘ ਭਕਨਾ ਨੂੰ ਮਿਲਿਆ।

ਜਦੋਂ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਸ਼ੁਰੂ ਹੋਈਆਂ ਤਾਂ ਸਰਦਾਰ ਕਰਤਾਰ ਸਿੰਘ ਸਰਾਭੇ ਨੇ ਉਦੋਂ ਹੀ ਆਪਣਾ ਜੀਵਨ ਪਾਰਟੀ ਨੂੰ ਹੀ ਸਮਰਪਿਤ ਕਰਨ ਦਾ ਫੈਸਲਾ ਕਰ ਲਿਆ ਸੀ। ਜਿਸਦਾ ਸਰਾਭੇ ਦੇ ਮਨ ਵਿੱਚ ਇੱਕੋ-ਇੱਕ ਮਕਸਦ ਸੀ ਆਪਣੇ ਵਤਨ ਦੇ ਲੋਕਾਂ ਨੂੰ ਆਜ਼ਾਦ ਕਰਵਾਉਣਾ। ਜਦ ਨਵੰਬਰ 1913 ਤੋਂ 'ਗ਼ਦਰ' ਦਾ ਪਹਿਲਾ ਪਰਚਾ ਨਿਕਲਿਆ ਤਾਂ ਸਰਦਾਰ ਕਰਤਾਰ ਸਿੰਘ ਸਰਾਭਾ ਪਰਚੇ ਦੇ ਬਾਨੀਆਂ ਵਿੱਚ ਸ਼ਾਮਿਲ ਸੀ। ਜਦ ਦਸੰਬਰ 1913 ਵਿਚ ਗੁਰਮੁਖੀ 'ਗ਼ਦਰ' ਸ਼ੁਰੂ ਹੋਇਆ ਤਾਂ ਸਰਾਭੇ ਉਪਰ ਹੀ ਪਰਚੇ ਦੀ ਮੁੱਖ ਜ਼ੁੰਮੇਵਾਰੀ ਸੀ। ਲਾਲਾ ਹਰਦਿਆਲ ਦੀਆਂ ਉਰਦੂ ਲਿਖਤਾਂ ਨੂੰ ਗੁਰਮੁਖੀ ਵਿੱਚ ਕਰਤਾਰ ਸਿੰਘ ਹੀ ਕਰਦਾ ਸੀ। ਸ.ਕਰਤਾਰ ਸਿੰਘ ਸਰਾਭੇ ਦਾ ਕੰਮ ਤੇ ਕੌਮ ਪ੍ਰਤਿ ਸਮਰਪਣ ਪੂਰਨ ਤੌਰ 'ਤੇ ਆਖਰੀ ਸਾਹਾਂ ਤੱਕ ਸਿੱਖੀ ਸਿਧਾਂਤਾਂ ਤੋਂ ਪ੍ਰੇਰਿਤ ਰਿਹਾ। ਇਸ ਦੀ ਸਭ ਤੋਂ ਵੱਡੀ ਗਵਾਹੀ ਗੁਰਮੁਖੀ 'ਗ਼ਦਰ' ਅਖ਼ਬਾਰ ਹੀ ਭਰਦਾ ਹੈ।ਜਿਸ 'ਤੇ ਸਰਾਭੇ ਨੇ ਗੁਰਬਾਣੀ ਦੇ ਇਹ ਸ਼ਬਦ ਟੈਗ ਲਾਈਨ ਵਜੋਂ ਲਿਖੇ ਹੋਏ ਸਨ "ਜਉ ਤਉ ਪ੍ਰੇਮ ਖੇਲਣ ਕਾ ਚਾਉ ।।ਸਿਰੁ ਧਰਿ ਤਲੀ ਗਲੀ ਮੇਰੀ ਆਉ ।।" ਜਦ ਕਿ ਉਰਦੂ ਪਰਚੇ ਉਪਰ ਟੈਗ ਲਾਈਨ 'ਅੰਗ੍ਰੇਜ਼ੀ ਰਾਜ ਕਾ ਦੁਸ਼ਮਨ' ਲਿਖੀ ਹੋਈ ਸੀ।

ਅਗਸਤ 1914 ਵਿੱਚ ਪਹਿਲਾ ਵਿਸ਼ਵ ਯੁੱਧ ਲੱਗ ਜਾਣ ਦੇ ਮੱਦੇ ਨਜ਼ਰ ਗ਼ਦਰ ਪਾਰਟੀ ਨੇ ਭਾਰਤ ਚੱਲ ਕੇ ਇਨਕਲਾਬ ਕਰਨ ਦਾ ਫੈਸਲਾ ਕਰ ਲਿਆ ਸੀ ਤਾਂ ਸ.ਕਰਤਾਰ ਸਿੰਘ ਸਰਾਭਾ ਪੰਜਾਬ ਪਹੁੰਚਣ ਵਾਲੇ ਗ਼ਦਰੀਆਂ ਵਿੱਚ ਸ਼ਾਮਿਲ ਸਨ। ਅੰਗਰੇਜ਼ ਸਰਕਾਰ ਨੇ ਕਲਕੱਤੇ ਦੀਆਂ ਬੰਦਰਗਾਹਾਂ 'ਤੇ ਪਹਿਲਾਂ ਹੀ ਨਾਕੇ ਲਗਾਏ ਹੋਏ ਸੀ ਤੇ ਉਸ ਸਮੇਂ ਗ਼ਦਰ ਲਹਿਰ ਦੀ ਚੋਟੀ ਦੀ ਲੀਡਰਸ਼ਿਪ ਭਾਈ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ , ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਸ਼ੇਰ ਸਿੰਘ ਆਦਿ ਨੂੰ ਗ੍ਰਿਫਤਾਰ ਕਰ ਕਰ ਲਿਆ ਸੀ। ਪਰ ਉਦੋਂ ਕਰਤਾਰ ਸਿੰਘ ਸਰਾਭਾ ਆਪਣੀ ਫੁਰਤੀ ਨਾਲ਼ ਹੋਰ ਰਸਤੇ ਭਾਰਤ ਵਿੱਚ ਦਾਖਲ ਹੋ ਗਿਆ। ਚੋਟੀ ਦੀ ਲੀਡਰਸਪਿ ਦੀ ਗ੍ਰਿਫਤਾਰੀ ਤੋਂ ਬਾਅਦ ਸਰਾਭੇ ਦੀ ਮਿਹਨਤ ਤੇ ਜਨੂੰਨ ਨੇ ਹੀ ਇਸ ਲਹਿਰ ਨੂੰ ਸਿਖ਼ਰ 'ਤੇ ਪਹੁੰਚਾਇਆ।

ਉਸ ਨੇ ਇੱਕ ਪਾਸੇ ਮਾਲਵਾ ਖਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਤਿਆਰ ਕੀਤਾ, ਦੂਜੇ ਪਾਸੇ ਰਕਾਬ ਗੰਜ ਐਜੀਟੇਸ਼ਨ ਨਾਲ ਜੁੜੇ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੇ ਧਾਰਮਿਕ ਆਗੂਆਂ ਨਾਲ ਤਾਲ-ਮੇਲ ਕੀਤਾ, ਤੀਜਾ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਤਾਲ-ਮੇਲ ਕਰਕੇ ਉਨ੍ਹਾਂ ਕੋਲੋਂ ਹਥਿਆਰਾਂ ਦਾ ਪ੍ਰਬੰਧ ਕੀਤਾ, ਚੌਥਾ ਵੱਖੋ-ਵੱਖ ਫੌਜੀ ਛਾਉਣੀਆਂ ਵਿੱਚ ਫੌਜੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਬਗਾਵਤ ਲਈ ਤਿਆਰ ਕੀਤਾ।

ਕਰਤਾਰ ਸਿੰਘ ਸਰਾਭਾ, ਸੁੱਚਾ ਸਿੰਘ ਹਰੀ ਅਤੇ ਪਿੰਗਲੇ 11 ਫਰਵਰੀ ਨੂੰ ਲਾਹੌਰ ਮੋਚੀ ਗੇਟ ਵਾਲੇ ਘਰ ਮੀਟਿੰਗ ਦੌਰਾਨ ਬਗਾਵਤ ਦੀ ਤਾਰੀਖ 21 ਫਰਵਰੀ ਰੱਖੀ। ਸਾਰੇ ਮੈਂਬਰਾਂ ਦਾ ਧਿਆਨ ਹੁਣ 21 ਫਰਵਰੀ ਦੀਆਂ ਤਿਆਰੀਆਂ ਉੱਤੇ ਸੀ ਪਰ ਕਿਰਪਾਲ ਸਿੰਘ ਨੇ ਇਸ ਦੀ ਸੂਹ ਪੁਲਿਸ ਨੂੰ ਦੇ ਦਿੱਤੀ। ਜਿਸ ਨਾਲ 21 ਫਰਵਰੀ ਦੀ ਬਗਾਵਤ ਫੇਲ ਹੋ ਗਈ। ਪੁਲਿਸ ਨੇ ਮੋਚੀ ਗੇਟ ਵਾਲੇ ਘਰ 'ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਪੁਲਿਸ ਵਾਲੇ ਸਾਦੇ ਕੱਪੜੇ ਪਾ ਕੇ ਘਰ ਦੇ ਚਾਰੇ ਚੁਫੇਰੇ ਤੈਨਾਤ ਹੋ ਗਏ ਸੀ। ਪੁਲਿਸ ਨੇ ਕਿਰਪਾਲ ਸਿੰਘ ਦੀਆਂ ਸੂਹਾਂ 'ਤੇ ਬਹੁਤ ਸਾਰੇ ਗ਼ਦਰ ਪਾਰਟੀ ਦੇ ਮੈਂਬਰ ਗਿਰਫ਼ਤਾਰ ਕਰ ਲਏ ਸੀ ਪਰ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਅਤੇ ਹਰਨਾਮ ਸਿੰਘ ਕੋਟਲਾ ਬਚ ਕੇ ਪੰਜਾਬ ਆਉਂਦੇ-ਆਉਂਦੇ ਉਹ ਪਠਾਣੀ ਭੇਸ ਬਣਾ ਕੇ ਅਫ਼ਗਾਨਿਸਤਾਨ ਆ ਗਏ। ਜਿੱਥੇ 2 ਮਾਰਚ ਨੂੰ ਜਗਤ ਸਿੰਘ ਦੇ ਜਾਣ -ਪਛਾਣ ਵਾਲੇ ਰਾਜਿੰਦਰ ਸਿੰਘ ਦੇ ਘਰ ਪਹੁੰਚੇ, ਜਿਸ ਸਮੇਂ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਨੇ ਵਿਹੜੇ 'ਚ ਮੰਜੇ ਤੇ ਬੈਠ ਕੇ ਆਪਣੀ ਮੌਜ ਨਾਲ ਕਰਾਂਤੀਕਾਰੀ ਵਿਚਾਰਾਂ ਕਰ ਰਹੇ ਸੀ ਤਾਂ ਪੁਲਿਸ ਨੂੰ ਕਿਸੇ ਨੇ ਸੂਹ ਦੇ ਦਿੱਤੀ ਅਤੇ ਪੁਲਿਸ ਨੇ ਰਾਜਿੰਦਰ ਸਿੰਘ ਦੇ ਘਰ ਤੇ ਛਾਪਾ ਮਾਰਕੇ ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਹਰਨਾਮ ਸਿੰਘ ਕੋਟਲਾ ਨੂੰ ਗਿਰਫ਼ਤਾਰ ਕਰ ਲਿਆ। ਜਦੋਂ ਕਰਤਾਰ ਸਿੰਘ ਸਰਾਭਾ 'ਤੇ ਬਗ਼ਾਵਤ ਦੇ ਦੋਸ਼ ਅਧੀਨ ਮੁਕੱਦਮਾ ਚੱਲ ਰਿਹਾ ਸੀ ਤਾਂ ਸਰਾਭੇ ਨੇ ਸਾਰੇ ਦੋਸ਼ਾਂ ਦੀ ਸਮੁੱਚੀ ਜ਼ੁੰਮੇਵਾਰੀ ਆਪਣੇ ਖ਼ੁਦ ਉੱਪਰ ਲੈ ਲਈ ਸੀ।

ਅਮਰੀਕਾ ਅੰਦਰ ਜੁਲਾਈ 1912 ਤੋਂ ਲੈਕੇ ਭਾਰਤ ਅੰਦਰ 19 ਫਰਵਰੀ 1915 ਤੱਕ ਹਰ ਸਰਗਰਮੀ ਵਿੱਚ ਕਰਤਾਰ ਸਿੰਘ ਸਰਾਭਾ ਦਾ ਹੱਥ ਰਿਹਾ ਸੀ। ਇਸ ਗੱਲ ਦੀ ਪੁਸ਼ਟੀ ਵਾਅਦਾ-ਮੁਆਫ਼ ਗਵਾਹਾਂ ਅਮਰ ਸਿੰਘ, ਮੂਲਾ ਸਿੰਘ, ਨਵਾਬ ਖ਼ਾਂ, ਸੁੱਚਾ ਸਿੰਘ, ਉਮਰਾਓ ਸਿੰਘ ਨੇ ਗਵਾਹੀ ਦਿੱਤੀ।

ਕਰਤਾਰ ਸਿੰਘ ਸਰਾਭਾ ਤੇ ਉਸਦੇ ਸਾਥੀਆਂ ਦੇ ਮੁਕੱਦਮੇ ਦੀ ਕਾਰਵਾਈ 26 ਅਪਰੈਲ 1915 ਨੂੰ ਸ਼ੁਰੂ ਹੋਈ ਤੇ 13 ਸਤੰਬਰ ਨੂੰ ਖਤਮ ਹੋਈ।

ਆਖਰਕਾਰ ਸਾਰੇ ਮੁਕੱਦਮੇ ਦੀ ਕਾਰਵਾਈ ਤੋਂ ਬਾਅਦ 13 ਸਤੰਬਰ 1915 ਨੂੰ ਫੈਸਲਾ ਸੁਣਾਇਆ ਗਿਆ। ਜਿਸ ਵਿੱਚ ਲਾਹੌਰ ਸਾਜਸਿ ਕੇਸ ਤਹਿਤ ਕਰਤਾਰ ਸਿੰਘ ਸਰਾਭਾ ਸਣੇ 24 ਲੋਕਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਵਾਇਸਰਾਏ ਨੇ ਨਜ਼ਰਸਾਨੀ ਦੌਰਾਨ 14 ਨਵੰਬਰ 1915 ਨੂੰ 17 ਗ਼ਦਰੀਆਂ ਦੀ ਫਾਂਸੀ ਤੋੜ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ।

ਜੱਜ ਨੇ ਕਰਤਾਰ ਸਿੰਘ ਸਰਾਭਾ ਨੂੰ ਵੀ ਕਿਹਾ, "ਜੇ ਤੂੰ ਮੁਆਫ਼ੀ ਮੰਗ ਲਏ ਤਾਂ ਅਸੀਂ ਤੇਰੀ ਸਜ਼ਾ ਮੁਆਫ ਕਰ ਸਕਦੇ ਹਾਂ ਕਿਉਂਕਿ ਤੇਰੀ ਉਮਰ ਵੀ ਛੋਟੀ ਹੈ।" ਤਾਂ ਕਰਤਾਰ ਸਿੰਘ ਸਰਾਭਾ ਨੇ ਕਿਹਾ, "ਮੈਂ ਤਾਂ ਇਸੇ ਕੰਮ ਲਈ ਇੱਥੇ ਆਇਆ ਹਾਂ ਅਤੇ ਜੇ ਮਰਾਂ ਵੀ ਤਾਂ ਮੇਰੀ ਇੱਛਾ ਹੈ ਕਿ ਫਿਰ ਜਨਮ ਲੈ ਕੇ ਵਤਨ ਦੀ ਆਜ਼ਾਦੀ ਲਈ ਲੜਾਂ ਤੇ ਫਿਰ ਆਪਣੀ ਜਾਨ ਦੇਵਾਂ।"

ਉਸ ਸਮੇਂ ਜੱਜ ਨੇ ਕਿਹਾ ਸੀ ਕਿ ਇਸ ਕੇਸ ਦੇ 61 ਮੁਲਜ਼ਮਾਂ ਵਿੱਚੋਂ ਸਭ ਤੋਂ ਖ਼ਤਰਨਾਕ ਕਰਤਾਰ ਸਿੰਘ ਸਰਾਭਾ ਹੈ ਇਸ ਲਈ ਉਸਦੀ ਫਾਂਸੀ ਦੀ ਸਜ਼ਾ ਮੁਆਫ ਨਹੀਂ ਕੀਤੀ ਜਾ ਸਕਦੀ। ਇਸੇ ਕਾਰਨ ਕਰਕੇ ਕਰਤਾਰ ਸਿੰਘ ਨੂੰ ਫਾਂਸੀ ਦਿੱਤੀ ਗਈ।

16 ਨਵੰਬਰ 1915 ਨੂੰ ਸਵੇਰੇ ਕਰਤਾਰ ਸਿੰਘ ਸਰਾਭਾ ਅਤੇ ਉਹਨਾ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਹਰਨਾਮ ਸਿੰਘ, ਜਗਤ ਸਿੰਘ, ਸੁਰੈਣ ਸਿੰਘ , ਸੁਰੈਣ ਅਤੇ ਵਿਸ਼ਨੂੰ ਗਣੇਸ਼ ਪਿੰਗਲੇ,ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫ਼ਾਂਸੀ ਚੜ੍ਹਾਇਆ ਗਿਆ। ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਲੱਗੇ ਤਾਂ ਕਰਤਾਰ ਸਿੰਘ ਸਰਾਭਾ ਦੇ ਚਿਹਰੇ ਦੇ ਇੱਕ ਵੱਖਰੀ ਹੀ ਚਮਕ ਤੇ ਵੱਖਰਾ ਹੀ ਜਾਹੋ ਜਲਾਲ ਸੀ। ਆਖਰੀ ਮੁਲਾਕਾਤ ਦੌਰਾਨ ਉਹ ਆਪਣੇ ਦਾਦੇ ਨੂੰ ਵੀ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੰਦਾ। ਸਰਦਾਰ ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ ਨੇ ਉਸ ਸਮੇਂ ਪੂਰੇ ਦੇਸ ਦੇ ਲੋਕਾਂ ਤੇ ਖ਼ਾਸਕਰ ਨੌਜਵਾਨਾਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ ਸੀ।

ਸ. ਕਰਤਾਰ ਸਿੰਘ ਸਰਾਭੇ ਹੁਰੀਂ ਤਾਂ ਆਪਣੇ ਫ਼ਰਜ਼ ਨਿਭਾ ਚੱਲੇ ਹੁਣ ਲੋੜ ਹੈ ਅੱਜ ਦੀ ਸਾਡੀ ਨੌਜਵਾਨ ਪੀੜ੍ਹੀ ਨੂੰ ਕਿ ਉਹਨਾਂ ਦੇ ਪਾਏ ਪੂਰਨਿਆਂ 'ਤੇ ਕਿਵੇਂ ਚੱਲਣਾ ਕਿਉਂਕਿ ਜੇ ਦੇਖਿਆ ਜਾਵੇ ਅੱਜ ਦੇ ਹਾਲਾਤ ਵੀ ਉਵੇਂ ਹੀ ਬਣਦੇ ਜਾ ਰਹੇ ਨੇ,ਦੇਸ ਵਿੱਚ ਭ੍ਰਿਸ਼ਟਾਚਾਰ,ਬੇਈਮਾਨੀ ਤੇ ਡਾਵਾਂਡੋਲ ਆਰਥਿਕਤਾ ਕਾਰਨ ਆਮ ਲੋਕ ਇੱਕ ਤਰ੍ਹਾਂ ਦੀ ਗੁਲਾਮੀ ਹੀ ਹੰਢਾ ਰਹੇ ਹਨ। ਇਹੋ ਡਾਵਾਂਡੋਲ ਮਾਹੌਲ ਨੇ ਸਾਡੀ ਨੌਜਵਾਨੀ ਦੀ ਮਾਨਸਿਕਤਾ ਨੂੰ ਡਾਵਾਂਡੋਲ ਕੀਤਾ ਹੋਇਆ ਹੈ। ਜਿਸ ਕਰਕੇ ਕੁਝ ਨੌਜਵਾਨ ਨਸ਼ਿਆਂ ਦੀ ਮਾਰ ਨਾਲ ਮਰਦੇ ਜਾ ਰਹੇ ਹਨ ਤੇ ਬਾਕੀ ਵਿਦੇਸ਼ਾਂ ਵੱਲ ਦੌੜ ਰਹੇ ਹਨ। ਅਜਿਹੇ ਮਾਹੌਲ 'ਚ ਸਾਡੇ ਆਪਣੇ ਵਤਨ ਤੋਂ ਪਰਵਾਸ ਕਰ ਰਹੇ ਸਰਾਭੇ ਦੇ ਵਾਰਸਾਂ ਨੂੰ ਆਪਣੇ ਇਤਿਹਾਸ ਤੋਂ ਪ੍ਰੇਰਨਾ ਦੇਣ ਦੀ ਸਭ ਤੋਂ ਵੱਡੀ ਲੋੜ ਹੈ। ਇਹਦੇ ਲਈ ਸਾਨੂੰ ਸਭ ਨੂੰ ਆਪੋ-ਆਪਣੇ ਪਰਿਵਾਰਾਂ-ਰਿਸ਼ਤੇਦਾਰਾਂ 'ਚ ਆਪਣੇ ਨਿੱਕੇ ਬੱਚਿਆਂ ਨੂੰ ਦੱਸੀਏ ਕਿ ਸਾਡੇ ਅਠਾਰਵੇਂ 'ਚ ਜਾਕੇ ਮੁੰਡਾ ਬਦਨਾਮ ਨਹੀਂ ਹੁੰਦਾਂ ਸਗੋਂ ਤੂਫ਼ਾਨਾਂ ਦਾ ਸ਼ਾਹ ਅਸਵਾਰ ਬਣ ਕੇ ਕਰਤਾਰ ਸਿੰਘ ਸਰਾਭਾ ਬਣ ਜਾਂਦਾ ਹੈ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

| ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਭਗਤ ਨਾਮਦੇਵ ਜੀ, ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ, ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ਹੀਦੀ ਦਿਹਾੜਾ ਭਾਈ ਕਰਤਾਰ ਸਿੰਘ ਸਰਾਭਾ, ਕ੍ਰਿਸ਼ਨ ਗਣੇਸ਼ ਪਿੰਗਲੇ, ਭਾਈ ਹਰਨਾਮ ਸਿੰਘ ਸਿਆਲਕੋਟੀ, ਭਾਈ ਬਖਸ਼ੀਸ਼ ਸਿੰਘ, ਭਾਈ ਸਰੈਣ ਸਿੰਘ, ਭਾਈ ਸਰੈਣ ਸਿੰਘ ਛੋਟਾ, ਭਾਈ ਜਗਤ ਸਿੰਘ ਸੁਰਸਿੰਘ ਅਤੇ 6 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

  1. ਨਗਰ ਨੰਗਲ ਮੱਝਾ ਦੀ ਸੰਗਤ ਵਲੋਂ
  2. ਭਾਈ ਗੁਰਦੇਵ ਸਿੰਘ ਦੇਹਲ ਪਰਿਵਾਰ ਵਲੋਂ
  3. ਭਾਈ ਸਤਨਾਮ ਸਿੰਘ ਜੋਹਲ ਪਰਿਵਾਰ ਵਲੋਂ
  4. ਨਗਰ ਨੱਥੋਵਾਲ ਜ਼ਿਲ੍ਹਾ ਲੁਧਿਆਣਾ
  5. ਭਾਈ ਲਖਵਿੰਦਰ ਸਿੰਘ, ਭਾਈ ਬਲਵੀਰ ਸਿੰਘ ਪਰਿਵਾਰ ਵਲੋਂ
  6. ਭਾਈ ਗੁਰਤੇਜ਼ ਸਿੰਘ ਸੰਧੂ ਪਰਿਵਾਰ ਵਲੋਂ

- ਇਨ੍ਹਾਂ ਅਖੰਡਪਾਠਾਂ ਦੀ ਅਰੰਭਤਾ 15 ਨਵੰਬਰ ਦਿਨ ਸ਼ੁੱਕਰਵਾਰ ਨੂੰ 9:30 ਵਜੇ ਹੋਵੇਗੀ ਅਤੇ ਭੋਗ ਐਤਵਾਰ 17 ਨਵੰਬਰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਅੰਤਮ ਸੰਸਕਾਰ 1:00 ਵਜੇ ਸਵ: ਮਾਤਾ ਜੰਗੀਰ ਕੌਰ ਗਿੱਲ ਦਾ ਰਿਵਰ ਸਾਈਡ 'ਤੇ ਹੋਵੇਗਾ। ਉਪਰੰਤ ਭੋਗ ਸ੍ਰੀ ਗੁਰੂ ਸਿੰਘ ਸਭਾ ਵਿਖੇ 2:30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਨਿੱਚਰਵਾਰ 16 ਨਵੰਬਰ ਨੂੰ 10:00 ਵਜੇ ਅਨੰਦਕਾਰਜ ਕਾਕਾ ਪਰਬੀਨ ਸਿੰਘ ਮਾਨ ਅਤੇ ਬੱਚੀ ਮੈਰੀ ਕੌਰ ਦਾ ਹੋਵੇਗਾ।
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਅੰਮ੍ਰਿਤਪਾਲ ਸਿੰਘ ਮਿਨਹਾਸ ਪਰਿਵਾਰ ਵਲੋਂ ਭਵਨੀਤ ਕੌਰ ਦੇ ਅਨੰਦਕਾਰਜ ਦੀ ਖੁਸ਼ੀ ਵਿੱਚ ਹੋਵੇਗੀ।
- ਐਤਵਾਰ 17 ਨਵੰਬਰ ਨੂੰ ਅੰਤਮ ਸੰਸਕਾਰ ਰਿਵਰ ਸਾਈਡ ਡੈਲਟਾ ਵਿਖੇ ਸਵ: ਬੀਬੀ ਜਸਵਿੰਦਰ ਕੌਰ ਬਿੰਦ ਦਾ 11:00 ਵਜੇ ਹੋਵੇਗਾ ਉਪਰੰਤ ਭੋਗ ਸ੍ਰੀ ਗੁਰੂ ਸਿੰਘ ਸਭਾ ਵਿਖੇ 12:30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਐਤਵਾਰ 17 ਨਵੰਬਰ ਨੂੰ ਅੰਤਮ ਸੰਸਕਾਰ 12:30 ਵਜੇ ਸਵ: ਨਿਰਵੈਰ ਸਿੰਘ ਖਹਿਰਾ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ। ਉਪਰੰਤ ਭੋਗ 2:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

ਰਾਗੀ ਜੱਥਾ : ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਗੁਰਜੀਤ ਸਿੰਘ ਦਰਬਾਰ ਸਾਹਿਬ ਵਾਲੇ
ਕਥਾਵਾਚਕ : ਭਾਈ ਨਿਸ਼ਾਨ ਸਿੰਘ ਢਾਡੀ
ਢਾਡੀ ਜਥਾ : ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ

555ਵੇਂ ਪ੍ਰਕਾਸ਼ ਪੁਰਬ

ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ



SUPERSTAR

Plumbing , Heating & Sprinklers Supplies Ltd.

Sales and Service, Guaranteed Quality Work

Reasonable Rates

ਗੁਰਦਿਆਲ ਸਿੰਘ ਗੈਡੇ ਪਰਿਵਾਰ ਵਲੋਂ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਪੁਰਬ ਦੀ ਖੁਸ਼ੀ ’ਚ

ਗੁਰਦਵਾਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ 8000 Ross Street Vancouver ਵਿਖੇ

ਨਵੰਬਰ 22 ਸੁਕਰਵਾਰ ਸਵੇਰੇ 9-30 ਵਜੇ ਅਖੰਡਪਾਠ ਦੀ ਅਰੰਭਤਾ ਹੋਵੇਗੀ ਅਤੇ

ਭੋਗ 24 ਨਵੰਬਰ ਐਤਵਾਰ 9-30 ਸਵੇਰੇ ਪੈਣਗੇ।

ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਬੇਨਤੀ ਹੈ।

CONTACT

**604-322-5732 or 604-322-5705**

Superstarplumbing@hotmail.com

**Gurdial Singh Gadey | Cell (604) 657-8116**

6640 Fraser Street at E. 50th Ave. Vancouver BC V5X3T5

# HAPPY GURPURAB

ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦੀਆਂ
ਲੱਖ ਲੱਖ ਵਧਾਈਆਂ

Since TEJA 1955

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ
ਅਤੇ ਭਾਰਤੀ ਮਸਾਲੇ

ਲੈਣ ਲਈ ਅੱਜ ਹੀ ਸੰਪਰਕ ਕਰੋ


**FOR WHOLESALE INQUIRIES**

**Ph : 1-888-816-3993**

**UNIT 117-7727 BEEDIE WAY, DELTA**

E-mail : info@tejaworldfoods.com

ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ




**SATJINDER SAMRA 604-930-9099**

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

# ਵਿਦਿਆਰਥੀ ਖੁਦਕੁਸ਼ੀਆਂ

## ਮਹਿਜ਼ ਡਾਕਟਰੀ ਸਮੱਸਿਆ ਨਹੀਂ



**ਡਾ. ਅਰੁਣ ਮਿੱਤਰਾ 94170-00360**

ਇੰਜਨੀਅਰਿੰਗ ਅਤੇ ਮੈਡੀਸਨ ਵਰਗੇ ਉੱਚ ਸਿੱਖਿਆ ਕੋਰਸਾਂ ਵਿੱਚ ਦਾਖਲੇ ਲਈ ਕੋਚਿੰਗ ਪ੍ਰਾਪਤ ਕਰਨ ਦੇ ਚਾਹਵਾਨਾਂ ਲਈ ਇੱਕ ਸੁਪਨੇ ਦੀ ਮੰਜਲਿ, ਭਾਵ ਰਾਜਸਥਾਨ ਦੇ ਸ਼ਹਿਰ ਕੋਟਾ ਵਿਚ ਪੜ੍ਹਨ ਗਏ ਵਿਦਿਆਰਥੀਆਂ ਦੁਆਰਾ ਖੁਦਕੁਸ਼ੀਆਂ ਦੀਆਂ ਖ਼ਬਰਾਂ ਬਹੁਤ ਪਰੇਸ਼ਾਨ ਕਰਨ ਵਾਲੀਆਂ ਹਨ। ਇਹ ਵਿਦਿਆਰਥੀ ਅਗਲੀ ਪੀੜ੍ਹੀ ਹਨ ਜਨ੍ਹਿਾਂ ਨੇ ਸਾਡੇ ਦੇਸ਼ ਦਾ ਭਵਿੱਖ ਬਣਾਉਣਾ ਹੈ। ਇਸ ਕੋਮਲ ਉਮਰ ਵਿੱਚ ਉਨ੍ਹਾਂ ਦੀ ਜਿੰਦਗੀ ਦਾ ਅੰਤ ਉਨ੍ਹਾਂ ਮਾਪਿਆਂ, ਜਨ੍ਹਿਾਂ ਨੇ ਆਪਣੇ ਬੱਚਿਆਂ ਨੂੰ ਪਿਆਰ ਅਤੇ ਚਾਅ ਨਾਲ ਪਾਲਿਆ ਹੈ, ਦੇ ਦਿਲ ਨੂੰ ਚੂਰ ਚੂਰ ਕਰਨ ਵਾਲੀ ਗੱਲ ਹੈ। ਇਸ ਨਾ ਪੂਰੇ ਜਾ ਸਕਣ ਵਾਲੇ ਘਾਟੇ ਨਾਲ ਉਹ ਪੂਰੀ ਤਰਾਂ ਟੁੱਟ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਮਾਪਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਵਿੱਚ ਖ਼ਤਰਨਾਕ ਮਨੋਵਿਗਿਆਨਕ ਅਤੇ ਸਰੀਰਕ ਰੋਗ ਵਿਕਸਿਤ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਹ ਘਟਨਾਵਾਂ ਸਮਾਜ ਲਈ ਸਮੁੱਚੇ ਮੁੱਦੇ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਕਾਰਨਾਂ ਅਤੇ ਉਪਚਾਰਕ ਉਪਾਵਾਂ ਦਾ ਪਤਾ ਲਗਾਉਣ ਦੀ ਚੇਤਾਵਨੀ ਵੀ ਹਨ।

ਨੈਸ਼ਨਲ ਕ੍ਰਾਈਮ ਰਿਪੋਰਟ ਬਿਊਰੋ ਦੇ ਅੰਕੜਿਆਂ ਅਨੁਸਾਰ, ਮਨੀ ਕੰਟਰੋਲ ਵਿੱਚ ਪ੍ਰਕਾਸ਼ਤਿ ਇੱਕ ਰਿਪੋਰਟ ਮੁਤਾਬਕ ਪਿਛਲੇ ਦਹਾਕੇ ਦੌਰਾਨ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 70% ਦਾ ਵਾਧਾ ਹੋਇਆ ਹੈ। ਭਾਰਤ ਵਿੱਚ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 10 ਸਾਲਾਂ ਵਿੱਚ ਕੁੱਲ ਆਤਮਹੱਤਿਆ ਸਬੰਧਤ ਮੌਤਾਂ ਦੇ 5.7% ਤੋਂ ਵਧ ਕੇ 8% ਹੋ ਗਈ ਹੈ; ਜੋ ਕਿ 2011 ਵਿੱਚ 7696 ਤੋਂ 2021 ਵਿੱਚ ਵਧ ਕੇ 13089 ਹੈ। ਇਹ ਇੱਕ ਦਹਾਕੇ ਵਿੱਚ ਲਗਭਗ 70% ਵਾਧਾ ਹੈ।

ਅਜੋਕੇ ਸਮੇਂ ਵਿੱਚ ਗਲਾ ਕੱਟ ਮੁਕਾਬਲਿਆਂ ਵਿੱਚ ਵਧੀਆ ਸਕੋਰ ਅਤੇ ਉੱਚ ਮੈਰਿਟ ਹਾਸਲ ਕਰਨ ਦੀ ਪਾਗਲਾਨਾ ਦੌੜ ਲੱਗੀ ਹੋਈ ਹੈ। ਐਮਸੀਕਿਊ (ਬਹੁਤੀਆਂ ਚੋਣਾਂ ਵਾਲੇ ਸਵਾਲ) ਕਿਸਮ ਦੀਆਂ ਪ੍ਰੀਖਿਆਵਾਂ, ਕਿਸੇ ਦੇ ਗਿਆਨ ਦੀ ਜਾਂਚ ਕਰਨ ਲਈ ਰੁਟੀਨ ਬਣ ਗਈਆਂ ਹਨ। ਸਿੱਖਿਆ ਦਾ ਉਦੇਸ਼ ਨੈਤਿਕ ਕਦਰਾਂ-ਕੀਮਤਾਂ ਅਤੇ ਸਮਾਜਿਕ ਸਰੋਕਾਰਾਂ ਨਾਲ ਚੰਗੇ ਨਾਗਰਿਕ ਤਿਆਰ ਕਰਨਾ ਹੈ। ਵਧ ਰਹੇ ਉਪਭੋਗਤਾਵਾਦੀ ਸੱਭਿਆਚਾਰ ਵਿੱਚ ਇਹ ਬਦਲ ਗਿਆ ਹੈ ਅਤੇ ਇੱਕ ਵਿਅਕਤੀ ਦੀ ਸਫਲਤਾ ਨੂੰ ਵੱਕਾਰੀ ਸੰਸਥਾਵਾਂ ਵਿੱਚ ਦਾਖਲੇ ਅਤੇ ਇੱਕ ਐਸੇ ਕਰੀਅਰ ਦੁਆਰਾ ਮਾਪਿਆ ਜਾਂਦਾ ਹੈ ਜੋ ਕਿ ਭਾਰੀ ਮੁਨਾਫੇ ਨੂੰ ਯਕੀਨੀ ਬਣਾਉਂਦਾ ਹੋਵੇ। ਇਸ ਧਾਰਨਾ ਨੇ ਸਮਾਜਿਕ ਗਿਆਨ ਦੇ ਅਧਿਐਨ ਦਾ ਰੁਝਾਨ ਘਟਾਇਆ ਹੈ। ਨਤੀਜੇ ਵਜੋਂ ਅਜੋਕੀ ਪੀੜ੍ਹੀ ਦੀ ਵੱਡੀ ਗਿਣਤੀ ਇਤਿਹਾਸ, ਨਾਗਰਿਕ ਸ਼ਾਸਤਰ, ਰਾਜਨੀਤੀ ਸ਼ਾਸਤਰ ਅਤੇ ਅਰਥ ਸ਼ਾਸਤਰ ਦੀ ਜਾਣਕਾਰੀ ਤੋਂ ਸੱਖਣੀ ਹੈ। ਉਨ੍ਹਾਂ 'ਤੇ ਸੋਸ਼ਲ ਮੀਡੀਆ ਤੋਂ ਪ੍ਰਾਪਤ ਜਾਣਕਾਰੀ ਦਾ ਬਹੁਤ ਜਆਿਦਾ ਪ੍ਰਭਾਵ ਹੈ ਅਤੇ ਬਹੁਤ ਸਾਰੇ ਨੌਜਵਾਨ ਇਸ ਨੂੰ ਪੂਰਨ ਸੱਚਾਈ ਮੰਨਦੇ ਹਨ। ਇਹ ਵਿਸ਼ਲੇਸ਼ਣਾਤਮਕ ਸਮਰੱਥਾਵਾਂ ਨੂੰ ਪ੍ਰਭਾਵਿਤ ਕਰਦਾ ਹੈ। ਔਨਲਾਈਨ/ਵਰਚੂਅਲ ਕੰਮ ਵਿੱਚ ਬਹੁਤ ਜਆਿਦਾ ਸ਼ਮੂਲੀਅਤ ਨੇ ਲੋਕਾਂ ਨਾਲ ਉਹਨਾਂ ਦੀ ਗੱਲਬਾਤ ਕਰਨ ਦੇ ਰੁਝਾਨ ਨੂੰ ਬਹੁਤ ਘਟਾ ਦਿੱਤਾ ਹੈ। ਇਸ ਨਾਲ ਸ਼ਖ਼ਸੀਅਤ ਦੇ ਵਿਕਾਸ 'ਤੇ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਸਮੂਹਿਕ ਚਰਚਾ ਦੇ ਰਾਹੀਂ ਫੈਸਲਾ ਲੈਣ ਵਿਚ ਕਮੀ ਆਉਂਦੀ ਹੈ। ਬਹੁਤ ਜਆਿਦਾ ਵੱਡੀਆਂ-ਵੱਡੀਆਂ ਰਕਮਾਂ ਵਸੂਲਣ ਦੇ ਬਾਵਜੂਦ ਕੋਚਿੰਗ ਕੇਂਦਰ ਦੇ ਚਮਕਦਾਰ ਇਸ਼ਤਿਹਾਰ ਪ੍ਰਭਾਵਸ਼ਾਲੀ ਪ੍ਰਭਾਵ ਛੱਡਦੇ ਹਨ।

ਇੱਕ ਸਮਾਂ ਸੀ ਜਦੋਂ ਵਿਦਿਆਰਥੀ ਸਮੂਹਾਂ ਵਿੱਚ ਕਈ ਮੁੱਦਿਆਂ 'ਤੇ ਚਰਚਾ ਕਰਦੇ ਸਨ ਅਤੇ ਇੱਕ ਸਮੂਹਿਕ ਬੁੱਧੀ ਬਣਾਉਂਦੇ ਸਨ। 40 ਸਾਲ ਪਹਿਲਾਂ ਦੇ ਮੁਕਾਬਲੇ, ਹੁਣ ਸ਼ਾਇਦ ਹੀ ਕੋਈ ਵਿਦਿਆਰਥੀ ਅੰਦੋਲਨ ਹੋਵੇ ਜਦੋਂ ਵਿਦਿਆਰਥੀ ਜਥੇਬੰਦੀਆਂ ਟਿਊਸ਼ਨ ਫੀਸਾਂ, ਬੱਸ ਤੇ ਰੇਲ ਦੇ ਕਿਰਾਏ ਅਤੇ ਵਿਦਿਆਰਥੀਆਂ ਲਈ ਸਫ਼ਰੀ ਪਾਸਾਂ ਵਿੱਚ ਵਾਧੇ ਤੇ ਆਪਣੇ ਸਕੂਲ ਜਾਂ ਕਾਲਜ ਵਿੱਚ ਬੁਨਿਆਦੀ ਢਾਂਚੇ ਦੇ ਸੁਧਾਰ ਨੂੰ ਲੈ ਕੇ ਪ੍ਰਤੀਕਿਰਿਆ ਕਰਦਾ ਹੋਵੇ। ਕੁਝ ਸਮਾਂ ਪਹਿਲਾਂ ਵਿਦਿਆਰਥੀ ਜਥੇਬੰਦੀਆਂ ਦੁਆਰਾ ਸਿੱਖਿਆ ਨੀਤੀ, ਨੌਕਰੀਆਂ ਦੇ ਮੌਕੇ, ਸਮਾਜਿਕ ਸਦਭਾਵਨਾ, ਲਿੰਗ ਸਮਾਨਤਾ ਆਦਿ 'ਤੇ ਬਹਿਸ ਆਦਿ ਕਰਾਉਣ ਦਾ ਰੁਝਾਨ ਸੀ। ਹੁਣ ਇਹ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ।

ਸਰੀਰਕ ਗਤੀਵਿਧੀਆਂ ਦੀ ਘਾਟ ਨੇ ਸਥਿਤੀ ਨੂੰ ਹੋਰ ਵਿਗਾੜਿਆ ਹੈ। ਮੱਧ ਅਤੇ ਉੱਚ ਮੱਧ ਵਰਗ ਦੇ ਜਆਿਦਾਤਰ ਵਿਦਿਆਰਥੀ ਘਰ ਵਿੱਚ ਲਾਡ-ਪਿਆਰ ਨਾਲ ਰਿਝਾਏ ਹੁੰਦੇ ਹਨ। ਪਰ ਬਾਹਰ ਜਾਣ ਤੋਂ ਬਅਦ ਉਹ ਗੱਲ-ਵੱਢੂ ਮੁਕਾਬਲੇ ਦੇ ਤਣਾਅ ਨੂੰ ਸਹਿਣ ਵਿੱਚ ਅਸਮਰੱਥ ਹੁੰਦੇ ਹਨ। ਮਾਪਿਆਂ ਦਾ ਬੇਲੋੜਾ ਦਬਾਅ ਅਤੇ ਉਮੀਦਾਂ ਉਨ੍ਹਾਂ ਨੂੰ ਬਹੁਤ ਜਆਿਦਾ ਤਣਾਅ ਅਤੇ ਆਪਣੀਆਂ ਇੱਛਾਵਾਂ ਪੂਰੀਆਂ ਨਾ ਹੋਣ ਦੀ ਸਥਿਤੀ ਵਿੱਚ ਹੀਣ ਭਾਵਨਾ ਵਿੱਚ ਪਾਉਂਦੀਆਂ ਹਨ। ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਹ ਸੰਤੁਸ਼ਟ ਨਹੀਂ ਹੋ ਸਕਦੇ ਹਨ ਅਤੇ ਸਾਰੀਆਂ ਉਮੀਦਾਂ ਗੁਆ ਚੁੱਕੇ ਹਨ, ਤਾਂ ਉਹ ਆਪਣੀ ਜਿੰਦਗੀ ਨੂੰ ਖਤਮ ਕਰਨ ਲਈ ਅਜਿਹੇ ਸਖ਼ਤ ਕਦਮਾਂ ਦਾ ਸਹਾਰਾ ਲੈਂਦੇ ਹਨ।

ਜਿੱਥੇ ਅਧਿਆਪਕਾਂ, ਵਿਦਿਆਰਥੀਆਂ, ਪਰਿਵਾਰਾਂ, ਮਾਪਿਆਂ ਦੀ ਨਿਰੰਤਰ ਕਾਊਂਸਲਿੰਗ ਦੀ ਲੋੜ ਹੈ, ਉੱਥੇ ਸਿੱਖਿਆ ਪ੍ਰਣਾਲੀ ਵੱਲ ਵੀ ਧਿਆਨ ਦੇਣ ਦੀ ਅਸਲ ਲੋੜ ਹੈ। 'ਦਿ ਵਾਇਰ' ਨਾਲ ਗੱਲ ਕਰਦੇ ਹੋਏ ਦਿੱਲੀ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੀ ਸਹਾਇਕ ਪ੍ਰੋਫੈਸਰ ਇਤੀਸ਼ਾ ਨਾਗਰ ਦੱਸਦੇ ਹਨ: "ਕਿਸੇ ਵਿਦਿਆਰਥੀ ਨੂੰ ਸਿਰਫ਼ ਕਾਊਂਸਲਿੰਗ ਦੇਣ ਨਾਲ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਸਮਾਜ ਇੱਕ 'ਸਫਲ' ਵਿਦਿਆਰਥੀ ਨੂੰ ਅਜਿਹੇ ਵਿਅਕਤੀ ਵਜੋਂ ਪਰਿਭਾਸ਼ਤ ਕਰਦਾ ਹੈ ਜੋ ਲੱਖਾਂ ਹੋਰ ਵਿਦਿਆਰਥੀਆਂ ਨੂੰ ਹਰਾ ਕੇ ਆਈਆਈਟੀ ਜਾਂ ਅਜਿਹੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਨੂੰ ਪਾਸ ਕਰਦਾ ਹੈ। ਸਾਨੂੰ ਇੱਕ ਅਜਿਹੇ ਸਮਾਜ ਦੀ ਜ਼ਰੂਰਤ ਹੈ ਜਿੱਥੇ ਇੱਕ ਬੱਚੇ ਦੀ ਯੋਗਤਾ ਪ੍ਰਤਿਭਾ ਜਾਂ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਜਾਂ ਸ਼ੌਕ ਨਾਲ ਜੁੜੀ ਹੋਵੇ, ਨਾ ਕਿ ਅੰਕਾਂ ਨਾਲ"। ਉਨ੍ਹਾਂ ਦੇ ਅਨੁਸਾਰ ਵਿਦਿਆਰਥੀਆਂ ਨੂੰ ਸਲਾਹ ਪ੍ਰਦਾਨ ਕਰਨ ਦੇ ਨਾਲ ਸਮਾਜਿਕ ਕਾਰਕਾਂ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ।

ਅਲਬਰਟ ਆਇਨਸਟਾਈਨ ਨੇ 1949 ਵਿੱਚ ਕਿਹਾ ਸੀ: "ਵਿਅਕਤੀਆਂ ਦੀ ਇਸ ਅਪਾਹਜਤਾ ਨੂੰ ਪੂੰਜੀਵਾਦ ਦੀ ਸਭ ਤੋਂ ਭੈੜੀ ਬੁਰਾਈ ਮੰਨਿਆ ਜਾਂਦਾ ਹੈ। ਸਾਡਾ ਸਾਰਾ ਵਿਦਿਅਕ ਸਿਸਟਮ ਇਸ ਬੁਰਾਈ ਦਾ ਸ਼ਿਕਾਰ ਹੈ। ਵਿਦਿਆਰਥੀ ਵਿੱਚ ਇੱਕ ਅਤਿਕਥਨੀ ਪ੍ਰਤੀਯੋਗੀ ਰਵੱਈਆ ਪੈਦਾ ਕੀਤਾ ਜਾਂਦਾ ਹੈ, ਜਿਸ ਨੂੰ ਆਪਣੇ ਭਵਿੱਖ ਦੇ ਕਰੀਅਰ ਦੀ ਤਿਆਰੀ ਵਜੋਂ ਪ੍ਰਾਪਤੀ ਸਫਲਤਾ ਦੀ ਪੂਜਾ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ"। "ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਬੁੱਧੀਮਾਨ ਹੋਣ, ਤਾਂ ਉਨ੍ਹਾਂ ਨੂੰ ਪਰੀ ਕਹਾਣੀਆਂ ਸੁਣਾਓ। ਜੇ ਤੁਸੀਂ ਚਾਹੁੰਦੇ ਹੋ ਕਿ ਉਹ ਵਧੇਰੇ ਬੁੱਧੀਮਾਨ ਹੋਣ, ਤਾਂ ਉਨ੍ਹਾਂ ਨੂੰ ਕਹੋ ਕਿ ਹੋਰ ਪਰੀ ਕਹਾਣੀਆਂ ਪੜ੍ਹੋ"। "ਇੱਕ ਮਨੁੱਖ ਸਮੁੱਚੇ ਬ੍ਰਹਿਮੰਡ ਦਾ ਇੱਕ ਹਿੱਸਾ ਹੈ, ਤੇ ਸਮੇਂ ਅਤੇ ਸਥਾਨ ਵਿੱਚ ਸੀਮਿਤ ਹੈ। ਉਹ ਆਪਣੇ ਆਪ ਨੂੰ, ਆਪਣੇ ਵਿਚਾਰਾਂ ਅਤੇ ਭਾਵਨਾ ਨੂੰ ਬਾਕੀਆਂ ਤੋਂ ਵੱਖਰਾ ਮਹਿਸੂਸ ਕਰਦਾ ਹੈ, ਜੋ ਕਿ ਉਸਦੀ ਚੇਤਨਾ ਦਾ ਇਕ ਕਿਸਮ ਦਾ ਭਰਮ ਹੈ। ਇਹ ਭੁਲੇਖਾ ਸਾਡੇ ਲਈ ਇੱਕ ਕਿਸਮ ਦੀ ਕੈਦ ਹੈ, ਜੋ ਸਾਨੂੰ ਆਪਣੀਆਂ ਨਿੱਜੀ ਇੱਛਾਵਾਂ ਅਤੇ ਸਾਡੇ ਨਜ਼ਦੀਕੀ ਕੁਝ ਵਿਅਕਤੀਆਂ ਦੇ ਪਿਆਰ ਤੱਕ ਸੀਮਤ ਕਰਦਾ ਹੈ। ਸਾਡਾ ਕੰਮ ਸਾਰੇ ਜੀਵਿਤ ਪ੍ਰਾਣੀਆਂ ਅਤੇ ਸਾਰੀ ਕੁਦਰਤ ਨੂੰ ਇਸਦੀ ਸੁੰਦਰਤਾ ਵਿੱਚ ਗਲੇ ਲਗਾਉਣ ਲਈ, ਦਇਆ ਦੇ ਆਪਣੇ ਦਾਇਰੇ ਨੂੰ ਵਿਸ਼ਾਲ ਕਰਕੇ ਆਪਣੇ ਆਪ ਨੂੰ ਇਸ ਜੇਲ੍ਹ ਤੋਂ ਮੁਕਤ ਕਰਨਾ ਚਾਹੀਦਾ ਹੈ"। "ਸਫਲਤਾ ਦਾ ਆਦਮੀ ਨਾ ਬਣਨ ਦੀ ਕੋਸ਼ਿਸ਼ ਕਰੋ। ਸਗੋਂ ਮੁੱਲਵਾਨ ਇਨਸਾਨ ਬਣੋ"।

ਅਸੀਂ ਪਰੀ ਕਹਾਣੀਆਂ ਦੇ ਦੌਰ ਨੂੰ ਭੁੱਲ ਗਏ ਹਾਂ ਜਦੋਂ ਸਾਡੀ ਦਾਦੀ/ਨਾਨੀ ਸਾਨੂੰ ਬਿਸਤਰੇ 'ਤੇ ਜਾ ਕੇ ਸੌਣ ਤੋਂ ਪਹਿਲਾਂ ਕਹਾਣੀਆਂ ਸੁਣਾਉਂਦੀ ਸੀ ਜਾਂ ਆਪਣੇ ਪੁਰਾਣੇ ਅਨੁਭਵ ਦੀਆਂ ਘਟਨਾਵਾਂ ਨੂੰ ਬਿਆਨ ਕਰਨ ਲਈ ਕੁਝ ਬੱਚਿਆਂ ਨੂੰ ਇਕੱਠਾ ਕਰਦੀ ਸੀ। ਅਸਲ ਵਿੱਚ ਇਸ ਨਾਲ ਇਕ ਵਿਸ਼ਾਲ ਦ੍ਰਿਸ਼ਟੀ ਵਾਲਾ ਵਿਅਕਤੀ ਤਿਆਰ ਹੋ ਰਿਹਾ ਹੁੰਦਾ ਸੀ। ਤਕਨੀਕੀ ਕ੍ਰਾਂਤੀ ਜਾਰੀ ਰਹੇਗੀ। ਪਰ ਸਾਨੂੰ ਨੈਤਿਕ ਕਦਰਾਂ-ਕੀਮਤਾਂ ਅਤੇ ਦਇਆ ਅਤੇ ਹਮਦਰਦੀ ਨਾਲ ਭਰਪੂਰ ਨੌਜਵਾਨ ਨੂੰ ਵਿਕਸਤ ਕਰਨ ਲਈ ਸੁਧਾਰਾਤਮਕ ਢੰਗ ਬਣਾਉਣੇ ਪੈਣਗੇ। ਇਹ 1968 ਵਿੱਚ ਕੋਠਾਰੀ ਕਮਿਸ਼ਨ ਦੁਆਰਾ ਕਲਪਿਤ ਬਰਾਬਰੀ ਦੇ ਨਾਲ ਸਿੱਖਿਆ ਨੂੰ ਤਰਕਸੰਗਤ ਬਣਾਉਣ ਦੁਆਰਾ ਸੰਭਵ ਹੈ। ਕਮਿਸ਼ਨ ਨੇ ਸਾਂਝੇ ਸਕੂਲ ਅਤੇ ਨੇੜਲੇ ਸਕੂਲ ਪ੍ਰਣਾਲੀ ਦੀ ਸਿਫ਼ਾਰਸ਼ ਕੀਤੀ ਸੀ। ਇਸਦਾ ਮਤਲਬ ਵੱਖ-ਵੱਖ ਜਮਾਤਾਂ ਅਤੇ ਸਮਾਜਿਕ ਆਰਥਿਕ ਸਮੂਹਾਂ ਦੇ ਵਿਦਿਆਰਥੀਆਂ ਨੂੰ ਮੇਲ ਮਿਲਾਪ ਵਿਚ ਰਹਿਣਾ ਸਿਖਾਉਣਾ ਹੈ।

ਹਾਲਾਂਕਿ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨਾਲ ਸਾਰਾ ਸੰਕਲਪ ਕੂੜੇਦਾਨ ਵਿੱਚ ਸੁੱਟ ਦਿੱਤਾ ਗਿਆ ਹੈ। ਸਿੱਖਿਆ ਕੁਲੀਨਾਂ ਦੇ ਕਬਜ਼ੇ ਹੇਠ ਚਲੀ ਗਈ ਹੈ। ਇਹ ਇੱਕ ਵਿਸ਼ਵਵਿਆਪੀ ਵਰਤਾਰਾ ਬਣ ਗਿਆ ਹੈ। ਵਿਸਕਾਨਸਨਿ ਯੂਨੀਵਰਸਿਟੀ, ਅਮਰੀਕਾ ਦੇ ਪਾਠਕ੍ਰਮ ਅਤੇ ਨਿਰਦੇਸ਼ ਅਤੇ ਵਿਦਿਅਕ ਨੀਤੀ ਦੇ ਪ੍ਰੋਫੈਸਰ ਮਾਈਕਲ ਐਪਲ ਦੇ ਮੁਤਾਬਕ ਨਵਉਦਾਰਵਾਦੀ ਆਰਥਿਕ ਨੀਤੀ ਦੇ ਤਹਿਤ, ਸਿੱਖਿਆ ਸਿਰਫ ਉਹਨਾਂ ਲਈ ਹੈ ਜਨ੍ਹਿਾਂ ਕੋਲ ਸਾਧਨ ਹਨ ਜਦੋਂ ਕਿ ਵੱਡੀ ਗਿਣਤੀ ਹਾਸ਼ੀਏ 'ਤੇ ਹੈ। ਵਇਹ ਮਹੱਤਵਪੂਰਨ ਹੈ ਕਿ ਬਾਜ਼ਾਰ ਦੀਆਂ ਸ਼ਕਤੀਆਂ ਦੇ ਦਬਾਅ ਦੀ ਬਜਾਏ ਭਵਿੱਖ ਦੀਆਂ ਸਿੱਖਿਆ ਯੋਜਨਾਵਾਂ ਦਾ ਫੈਸਲਾ ਕਰਦੇ ਸਮੇਂ ਵਿਦਿਆਰਥੀਆਂ ਦੀ ਯੋਗਤਾ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਸ ਕੰਮ ਵਿੱਚ ਮਨੋਵਿਗਿਆਨਕ ਸਲਾਹਕਾਰ ਲਾਭਦਾਇਕ ਕੰਮ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਸਿਹਤ ਬਾਰੇ ਲਗਾਤਾਰ ਸਲਾਹ ਦਿੱਤੀ ਜਾਣੀ ਚਾਹੀਦੀ ਹੈ ਅਤੇ ਮਨੋਰੰਜਨ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਮਦਦ ਮਿਲੇਗੀ।

# ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਦੀ ਲੋੜ



**ਲਿਖਤ : ਸੰਦੀਪ ਕੁਮਾਰ, 9464310900**

ਮਣੀਪੁਰ ਦੀ ਘਟਨਾ ਨੇ ਇੱਕ ਵਾਰ ਫਿਰ ਅਣਮਨੁੱਖੀ ਘਟਨਾ ਨੂੰ ਪੇਸ਼ ਕੀਤਾ ਹੈ ਅਕਸਰ ਹੀ ਸਮਾਜ ਵਿੱਚ ਮਨੁੱਖ ਪ੍ਰਤੀ ਮਨੁੱਖ ਦਾ ਅਜਿਹਾ ਅਣਮਨੁੱਖੀ ਵਿਹਾਰ ਦੇਖਿਆ ਜਾ ਸਕਦਾ ਹੈ। ਜਾਤ-ਪਾਤ, ਧਰਮ, ਨਸਲ, ਲਿੰਗ, ਆਦਿ ਅਜਿਹੇ ਮੁੱਦੇ ਹਨ, ਜਿਨ੍ਹਾਂ ਦੇ ਆਧਾਰ 'ਤੇ ਵਿਅਕਤੀ-ਵਿਅਕਤੀ ਵਿਚ ਨਿਖੇੜਾ ਕੀਤਾ ਗਿਆ ਹੈ। , ਵਿਅਕਤੀਗਤ (ਇਨਸਾਨ) ਨੂੰ ਜੀਵਨ, ਅਜ਼ਾਦੀ, ਸਮਾਨਤਾ, ਇੱਜ਼ਤ, ਵੱਕਾਰ ਦਾ ਅਧਿਕਾਰ ਹੈ। ਜੋ ਕਿ ਸੰਵਿਧਾਨ ਦੁਆਰਾ ਪ੍ਰਦਾਨ ਕੀਤੇ ਗਏ ਹਨ, ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਸ਼ਾਮਲ ਕੀਤੇ ਗਏ ਹਨ ਅਤੇ ਉਹ ਅਦਾਲਤਾਂ ਦੁਆਰਾ ਲਾਗੂ ਕੀਤੇ ਜਾਂਦੇ ਹਨ ਲ ਮਨੁੱਖੀ ਪਰਿਵਾਰ ਦਾ ਮੈਂਬਰ ਹੋਣ ਦੇ ਨਾਤੇ ਇਨ੍ਹਾਂ ਦੇ ਹੱਕਦਾਰ ਹਨ! ਇਹ ਅਧਿਕਾਰ ਸਾਨੂੰ ਲਿੰਗ, ਸੱਭਿਆਚਾਰ, ਧਰਮ, ਕੌਮ, ਸਥਾਨ, ਜਾਤ ਆਦਿ ਦੀਆਂ ਬੰਦਸ਼ਾਂ ਤੋਂ ਮੁਕਤ ਕਰਦੇ ਹਨ। ਜਿਨ੍ਹਾਂ ਨੂੰ ਮਨੁੱਖੀ ਅਧਿਕਾਰ ਕਿਹਾ ਜਾਂਦਾ ਹੈ। ਇਹ ਅਧਿਕਾਰ ਵਿਸ਼ਵ ਪਰਿਵਾਰ ਦੇ ਹਰ ਮੈਂਬਰ ਲਈ ਆਪਣੀ ਇੱਜ਼ਤ ਅਤੇ ਸਵੈ-ਮਾਣ ਲਈ ਜ਼ਰੂਰੀ ਹੈ।

1945 ਵਿੱਚ ਰਾਸ਼ਟਰਾਂ ਦੀ ਲੀਗ ਦੀ ਸਥਾਪਨਾ ਨਾਲ: ਮਨੁੱਖੀ ਅਧਿਕਾਰ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਗਿਆ। ਦੂਜੇ ਵਿਸ਼ਵ ਯੁੱਧ ਵਿੱਚ ਲੱਖਾਂ ਨਿਰਦੋਸ਼ ਮਨੁੱਖਾਂ ਦੇ ਬੇਵਕਤੀ ਕਤਲੇਆਮ ਤੋਂ ਦੁਖੀ ਵਿਸ਼ਵ ਜਨਤਾ ਨੇ ਮਨੁੱਖਤਾ ਦੀ ਰੱਖਿਆ ਲਈ ਮਨੁੱਖੀ ਅਧਿਕਾਰਾਂ ਦੀ ਮੰਗ ਕੀਤੀ। ਹਾਲਾਂਕਿ ਮਨੁੱਖੀ ਅਧਿਕਾਰਾਂ ਦੀ ਕੋਈ ਸਰਵ ਵਿਆਪਕ ਪਰਿਭਾਸ਼ਾ ਨਹੀਂ ਹੈ, ਸੰਯੁਕਤ ਰਾਸ਼ਟਰ ਉਹਨਾਂ ਨੂੰ ਉਹਨਾਂ ਅਧਿਕਾਰਾਂ ਵਜੋਂ ਪਰਿਭਾਸ਼ਤਿ ਕਰਦਾ ਹੈ ਜੋ ਸਾਡੇ ਸੁਭਾਅ ਦਾ ਹਿੱਸਾ ਹਨ ਅਤੇ ਜਿਨ੍ਹਾਂ ਤੋਂ ਬਿਨਾਂ ਅਸੀਂ ਮਨੁੱਖ ਵਜੋਂ ਨਹੀਂ ਰਹਿ ਸਕਦੇ।

ਯੂ.ਐਨ. ਓ. ਭਾਰਤ ਦੀ ਆਰਥਿਕ ਅਤੇ ਸਮਾਜਿਕ ਕੌਂਸਲ ਨੇ ਫਰਵਰੀ 1946 ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਦਾ ਗਠਨ ਕੀਤਾ। ਸ਼ੁਰੂ ਵਿੱਚ ਇਸ ਕਮਿਸ਼ਨ ਦੇ 32 ਮੈਂਬਰ ਸਨ, ਜਿਨ੍ਹਾਂ ਦੀ ਗਿਣਤੀ ਵਧਾ ਕੇ 43 ਕਰ ਦਿੱਤੀ ਗਈ ਹੈ। ਕਮਿਸ਼ਨ ਨੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਉਪਾਵਾਂ ਅਤੇ ਕੰਮਾਂ ਲਈ ਸਾਲ 1947-48 ਲਈ ਘੋਸ਼ਣਾ ਪੱਤਰ ਜਾਰੀ ਕੀਤਾ। ਇਸ ਨੇ ਸਪੱਸ਼ਟ ਕੀਤਾ ਕਿ ਸਾਰੇ ਲੋਕ ਆਜ਼ਾਦ ਪੈਦਾ ਹੁੰਦੇ ਹਨ, ਵਿਕਾਸ ਲਈ ਆਜ਼ਾਦ ਹੁੰਦੇ ਹਨ। ਇਸ ਵਿਚ ਜੀਵਨ ਅਤੇ ਆਜ਼ਾਦੀ ਦੇ ਅਧਿਕਾਰ, ਗੁਲਾਮੀ 'ਤੇ ਪਾਬੰਦੀ, ਸ਼ੋਸ਼ਣ ਅਤੇ ਤਸ਼ੱਦਦ 'ਤੇ ਪਾਬੰਦੀ, ਅਣਮਨੁੱਖੀ ਅਮਲਾਂ 'ਤੇ ਪਾਬੰਦੀ ਦੀ ਜ਼ੋਰਦਾਰ ਸਿਫਾਰਸ਼ ਕੀਤੀ ਗਈ ਹੈ। ਇਸ ਘੋਸ਼ਣਾ ਨੂੰ ਵਿਸ਼ਵ ਭਰ ਵਿੱਚ ਸਮਰਥਨ ਪ੍ਰਾਪਤ ਹੋਇਆ ਅਤੇ ਇਸ ਨੇ ਪੂਰੀ ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਪ੍ਰਤੀ ਇੱਕ ਨਵੀਂ ਪਹੁੰਚ ਵਿਕਸਿਤ ਕੀਤੀ। ਇਸ ਦਾ ਇੰਨਾ ਵਿਆਪਕ ਪ੍ਰਭਾਵ ਹੋਇਆ ਕਿ ਦੁਨੀਆ ਦੇ ਸਾਰੇ ਦੇਸ਼ਾਂ ਨੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੇ-ਆਪਣੇ ਕਾਨੂੰਨ ਬਣਾਏ।

ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਭਾਰਤੀ ਸੰਵਿਧਾਨ ਵਿੱਚ ਇੱਕ ਵਿਸ਼ੇਸ਼ ਉਪਬੰਧ ਕੀਤਾ ਗਿਆ ਹੈ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ 1993 ਵਿੱਚ ਮਨੁੱਖੀ ਅਧਿਕਾਰਾਂ ਦੀ ਨਿਗਰਾਨੀ ਕਰਨ ਲਈ ਕੀਤੀ ਗਈ ਸੀ। ਇਸ ਦੇ ਨਾਲ ਹੀ ਹਰ ਰਾਜ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਇਹ ਦੋਵੇਂ ਹੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਤਿਆਰ ਹਨ। ਕਮਿਸ਼ਨ ਕੇਸਾਂ ਦੀ ਜਾਂਚ ਕਰਦਾ ਹੈ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਦਾ ਹੈ, ਕੇਂਦਰ ਰਾਜ ਸਰਕਾਰ ਨੂੰ ਮੁਆਵਜ਼ੇ ਦੀ ਸਿਫ਼ਾਰਸ਼ ਕਰਦਾ ਹੈ।

ਸਵਾਲ ਇਹ ਹੈ ਕਿ ਵਿਸ਼ਵ ਪੱਧਰ, ਰਾਸ਼ਟਰੀ ਪੱਧਰ, ਰਾਜ ਪੱਧਰ 'ਤੇ ਇਨ੍ਹਾਂ ਕਮਿਸ਼ਨਾਂ ਦੇ ਬਾਵਜੂਦ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਔਰਤਾਂ, ਮਰਦਾਂ, ਬੱਚਿਆਂ ਅਤੇ ਬਜ਼ੁਰਗਾਂ 'ਤੇ ਅੱਤਿਆਚਾਰ ਵਧ ਰਹੇ ਹਨ। ਜਾਤ-ਪਾਤ ਦੇ ਆਧਾਰ 'ਤੇ ਵਿਤਕਰਾ ਜਾਰੀ ਹੈ। ਤਕੜੇ ਲੋਕ ਲੋਕਾਂ ਦੇ ਹੱਕਾਂ ਦਾ ਘਾਣ ਕਰ ਰਹੇ ਹਨ। ਭ੍ਰਿਸ਼ਟਾਚਾਰ, ਅੱਤਵਾਦ ਫੈਲ ਰਿਹਾ ਹੈ।

ਲੋੜ ਹੈ ਕਿ ਲੋਕਾਂ ਨੂੰ ਇਨ੍ਹਾਂ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾਵੇ, ਜਾਗਰੂਕ ਕੀਤਾ ਜਾਵੇ, ਪੂਰੀ ਜਾਣਕਾਰੀ ਦਿੱਤੀ ਜਾਵੇ। ਤਾਂ ਜੋ ਉਹ ਆਪਣੇ ਅਤੇ ਦੂਜਿਆਂ 'ਤੇ ਹੋ ਰਹੇ ਅੱਤਿਆਚਾਰ ਨੂੰ ਰੋਕ ਸਕਣ। ਹਰ ਕਿਸੇ ਦੀ ਇੱਜ਼ਤ ਅਤੇ ਸਵੈ-ਮਾਣ ਬਚਾ ਸਕਦਾ ਹੈ ।

# ਹਵਾ ਪ੍ਰਦੂਸ਼ਣ ਨਾਲ ਸਿੱਝਣ ਦੇ ਅਧੂਰੇ ਉਪਾਅ

ਲਿਖਤ : ਸੰਜੇ ਗੁਪਤ



ਬਰਸਾਤ ਸਮਾਪਤ ਹੁੰਦੇ ਹੀ ਉੱਤਰੀ ਭਾਰਤ ਦੇ ਨਾਲ-ਨਾਲ ਮੱਧ ਭਾਰਤ ਵੀ ਹਵਾ ਪ੍ਰਦੂਸ਼ਣ ਦੀ ਲਪੇਟ ਵਿਚ ਆ ਗਿਆ ਹੈ। ਇਸ ਵਾਰ ਤਾਂ ਦਿੱਲੀ ਦੇ ਨਾਲ ਹੀ ਮੁੰਬਈ ਵੀ ਹਵਾ ਪ੍ਰਦੂਸ਼ਣ ਦੀ ਗ੍ਰਿਫਤ ਵਿਚ ਹੈ। ਕੇਂਦਰ ਤੇ ਸੂਬਾ ਸਰਕਾਰਾਂ ਦੇ ਤਮਾਮ ਦਾਅਵਿਆਂ ਤੋਂ ਬਾਅਦ ਵੀ ਹਰ ਸਾਲ ਠੰਢ ਸ਼ੁਰੂ ਹੁੰਦੇ ਹੀ ਦੇਸ਼ ਦੇ ਇਕ ਵੱਡੇ ਹਿੱਸੇ ਵਿਚ ਹਵਾ ਪ੍ਰਦੂਸ਼ਣ ਇਕ ਗੰਭੀਰ ਰੂਪ ਲੈ ਲੈਂਦਾ ਹੈ।

ਅਜਿਹਾ ਕਿਉਂਕਿ ਸਾਲਾਂ ਤੋਂ ਹੁੰਦਾ ਚਲਿਆ ਆ ਰਿਹਾ ਹੈ, ਇਸ ਲਈ ਇਸ ਨਤੀਜੇ ’ਤੇ ਪੁੱਜਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਕਿ ਹਵਾ ਪ੍ਰਦੂਸ਼ਣ ਦੇ ਕਾਰਨਾਂ ਦਾ ਨਬੇੜਾ ਕਰਨ ਦੇ ਮਾਮਲੇ ਵਿਚ ਸਿਰਫ਼ ਕੋਰੇ ਵਾਅਦੇ ਕੀਤੇ ਜਾ ਰਹੇ ਹਨ। ਹੁਣ ਤਾਂ ਅਜਿਹਾ ਲੱਗਦਾ ਹੈ ਕਿ ਆਉਣ ਵਾਲੇ ਸਾਲਾਂ ਵਿਚ ਵੀ ਉੱਤਰੀ ਅਤੇ ਮੱਧ ਭਾਰਤ ਦੇ ਲੋਕਾਂ ਨੂੰ ਖ਼ਤਰਨਾਕ ਹਵਾ ਪ੍ਰਦੂਸ਼ਣ ਦਾ ਇਸੇ ਤਰ੍ਹਾਂ ਸਾਹਮਣਾ ਕਰਨਾ ਪਵੇਗਾ।

ਹਵਾ ਪ੍ਰਦੂਸ਼ਣ ਮਹਾਨਗਰਾਂ ਨੂੰ ਇਸ ਲਈ ਜ਼ਿਆਦਾ ਲਪੇਟ ਵਿਚ ਲੈਂਦਾ ਹੈ ਕਿਉਂਕਿ ਉੱਥੇ ਕਿਤੇ ਜ਼ਿਆਦਾ ਸੰਘਣੀ ਆਬਾਦੀ ਹੁੰਦੀ ਹੈ। ਕਈ ਮਹਾਨਗਰ ਅਜਿਹੇ ਹਨ ਜਿੱਥੇ ਪ੍ਰਤੀ ਵਰਗ ਕਿਲੋਮੀਟਰ ਆਬਾਦੀ ਦੀ ਘਣਤਾ ਮਾਪਦੰਡਾਂ ਨਾਲੋਂ ਕਿਤੇ ਜ਼ਿਆਦਾ ਹੈ। ਲੋਕਾਂ ਦੇ ਆਰਥਿਕ ਤੌਰ ’ਤੇ ਸਮਰੱਥ ਹੋਣ ਕਾਰਨ ਮੋਟਰ-ਗੱਡੀਆਂ ਅਤੇ ਖ਼ਾਸ ਤੌਰ ’ਤੇ ਕਾਰਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਵਾਹਨਾਂ ਤੋਂ ਨਿਕਲਣ ਵਾਲਾ ਧੂੰਆਂ ਹਵਾ ਪ੍ਰਦੂਸ਼ਣ ਨੂੰ ਵਧਾਉਣ ਦਾ ਹੀ ਕੰਮ ਕਰਦਾ ਹੈ। ਵੱਡੇ ਸ਼ਹਿਰਾਂ ਵਿਚ ਸੜਕਾਂ ’ਤੇ ਕਿਉਂਕਿ ਜਾਮ ਲੱਗੇ ਰਹਿੰਦੇ ਹਨ ਅਤੇ ਨਾਜਾਇਜ਼ ਕਬਜ਼ੇ ਬਹੁਤ ਹੁੰਦੇ ਹਨ, ਇਸ ਕਾਰਨ ਵਾਹਨ ਕੀੜੀ ਦੀ ਚਾਲ ਚੱਲਦੇ ਹਨ। ਇਸੇ ਲਈ ਉਨ੍ਹਾਂ ’ਚੋਂ ਧੂੰਆਂ ਜ਼ਿਆਦਾ ਨਿਕਲਦਾ ਹੈ। ਅਨੇਕ ਸ਼ਹਿਰਾਂ ’ਚ ਤਾਂ ਦੋ-ਤਿੰਨ ਕਿਲੋਮੀਟਰ ਦਾ ਸਫ਼ਰ ਤਹਿ ਕਰਨ ਵਿਚ ਵੀ 15-20 ਮਿੰਟ ਲੱਗ ਜਾਂਦੇ ਹਨ। ਉਂਜ ਤਾਂ ਸਰਕਾਰ ਇਲੈਕਟ੍ਰਿਕ ਵਾਹਨਾਂ ਨੂੰ ਹੱਲਾਸ਼ੇਰੀ ਦੇ ਰਹੀ ਹੈ ਪਰ ਹਾਲੇ ਵੀ ਪੈਟਰੋਲ ਅਤੇ ਡੀਜ਼ਲ ਨਾਲ ਚੱਲਣ ਵਾਲੀਆਂ ਮੋਟਰ-ਗੱਡੀਆਂ ਦੀ ਬਹੁਤਾਤ ਹੈ। ਵਾਹਨ ਨਿਰਧਾਰਤ ਰਫ਼ਤਾਰ ਨਾਲ ਚੱਲਣ, ਇਸ ਵਾਸਤੇ ਸੜਕਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਨ ਦੇ ਨਾਲ ਹੀ ਉਨ੍ਹਾਂ ਦੀ ਚੌੜਾਈ ਵੀ ਵਧਾਉਣੀ ਹੋਵੇਗੀ ਪਰ ਸਰਕਾਰਾਂ ਤੇ ਉਨ੍ਹਾਂ ਦੀਆਂ ਏਜੰਸੀਆਂ ਇਹ ਕੰਮ ਕਰਨ ਵਿਚ ਨਾਕਾਮ ਹਨ।

ਸੜਕਾਂ ਦੀ ਚੌੜਾਈ ਵਧਣ ਦੀ ਥਾਂ ਫੁੱਟਪਾਥ ਨਾਜਾਇਜ਼ ਕਬਜ਼ਿਆਂ ਦੀ ਭੇਟ ਚੜ੍ਹਦੇ ਜਾ ਰਹੇ ਹਨ। ਇਸ ਕਾਰਨ ਪੈਦਲ ਯਾਤਰੀਆਂ ਨੂੰ ਵੀ ਸੜਕਾਂ ’ਤੇ ਹੀ ਚੱਲਣਾ ਪੈਂਦਾ ਹੈ। ਇਕ ਅਰਸੇ ਤੋਂ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ ਜਿੱਥੇ ਸੜਕਾਂ ’ਤੇ ਨਾਜਾਇਜ਼ ਕਬਜ਼ੇ ਜਾਂ ਵਾਹਨਾਂ ਦੀ ਨਾਜਾਇਜ਼ ਪਾਰਕਿੰਗ ਕਾਰਨ ਟਰੈਫਿਕ ਆਸਾਨੀ ਨਾਲ ਨਹੀਂ ਚੱਲਦੀ ਪਰ ਇੱਛਾ-ਸ਼ਕਤੀ ਦੀ ਘਾਟ ਕਾਰਨ ਇਹ ਕੰਮ ਵੀ ਨਹੀਂ ਹੋ ਪਾ ਰਿਹਾ ਹੈ। ਜੇ ਕਦੇ ਸੜਕਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕੀਤਾ ਵੀ ਜਾਂਦਾ ਹੈ ਤਾਂ ਦੋ-ਚਾਰ ਦਿਨਾਂ ਵਿਚ ਉਹ ਫਿਰ ਤੋਂ ਕਾਇਮ ਹੋ ਜਾਂਦੇ ਹਨ।

ਇਹੀ ਸਥਿਤੀ ਸੜਕਾਂ ਕੰਢੇ ਵਾਹਨਾਂ ਦੀ ਨਾਜਾਇਜ਼ ਪਾਰਕਿੰਗ ਦੇ ਮਾਮਲੇ ਵਿਚ ਵੀ ਦੇਖਣ ਨੂੰ ਮਿਲਦੀ ਹੈ। ਇਹ ਠੀਕ ਹੈ ਕਿ ਭੋਜਨ ਬਣਾਉਣ ਲਈ ਗੈਸ ਦਾ ਇਸਤੇਮਾਲ ਵਧ ਰਿਹਾ ਹੈ ਪਰ ਅਨੇਕ ਘਰਾਂ ਵਿਚ ਹਾਲੇ ਵੀ ਭੋਜਨ ਬਣਾਉਣ ਲਈ ਕੋਲੇ, ਪਾਥੀਆਂ ਜਾਂ ਲੱਕੜੀਆਂ ਦਾ ਇਸਤੇਮਾਲ ਹੁੰਦਾ ਹੈ। ਇਸ ਨਾਲ ਵੀ ਹਵਾ ਪ੍ਰਦੂਸ਼ਣ ਵਧਦਾ ਹੈ। ਇਸ ਤੋਂ ਬਿਨਾਂ ਸੜਕਾਂ ਅਤੇ ਨਿਰਮਾਣ ਸਥਾਨਾਂ ਤੋਂ ਉੱਡਣ ਵਾਲੀ ਧੂੜ ਵੀ ਵਾਯੂਮੰਡਲ ਨੂੰ ਜ਼ਹਿਰੀਲਾ ਬਣਾਉਂਦੀ ਹੈ। ਸਰਕਾਰਾਂ ਇਸ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿ ਸੜਕਾਂ ਦੀ ਧੂੜ ਹਵਾ ਪ੍ਰਦੂਸ਼ਣ ਦਾ ਇਕ ਵੱਡਾ ਕਾਰਨ ਹੈ ਪਰ ਇਸ ਕਾਰਨ ਦਾ ਵੀ ਹੱਲ ਨਹੀਂ ਕੀਤਾ ਜਾ ਰਿਹਾ। ਸੜਕਾਂ ’ਤੇ ਪਾਣੀ ਦਾ ਛਿੜਕਾਅ ਕਰਨ ਅਤੇ ਉਨ੍ਹਾਂ ਨੂੰ ਵੈਕਿਊਮ ਕਲੀਨਰ ਨਾਲ ਸਾਫ਼ ਕਰਨ ਦੇ ਤਮਾਮ ਦਾਅਵਿਆਂ ਤੋਂ ਬਾਅਦ ਵੀ ਨਤੀਜਾ ਸਿਫ਼ਰ ਹੀ ਹੈ। ਆਮ ਤੌਰ ’ਤੇ ਸਫ਼ਾਈ ਕਰਮੀ ਸੜਕਾਂ ਦੀ ਸਾਫ਼-ਸਫ਼ਾਈ ਝਾੜੂ ਨਾਲ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਧੂੜ ਉੱਡ ਕੇ ਵਾਯੂਮੰਡਲ ਦਾ ਹਿੱਸਾ ਹੀ ਬਣਦੀ ਹੈ। ਇਕ ਸਮੱਸਿਆ ਇਹ ਵੀ ਹੈ ਕਿ ਸਭ ਸੜਕਾਂ ਅਜਿਹੀਆਂ ਹਨ ਜਿਨ੍ਹਾਂ ’ਤੇ ਵੈਕਿਊਮ ਕਲੀਨਰ ਦਾ ਇਸਤੇਮਾਲ ਸੰਭਵ ਨਹੀਂ। ਹਵਾ ਪ੍ਰਦੂਸ਼ਣ ਦਾ ਇਕ ਹੋਰ ਕਾਰਨ ਖੇਤਾਂ ਵਿਚ ਫ਼ਸਲਾਂ ਦੇ ਰਹਿੰਦ-ਖੂਹੰਦ ਭਾਵ ਪਰਾਲੀ ਨੂੰ ਸਾੜਨਾ ਹੈ। ਕਿਸਾਨ ਪਰਾਲੀ ਨਾ ਸਾੜਨ, ਇਸ ਵਾਸਤੇ ਸਰਕਾਰਾਂ ਤਮਾਮ ਦਾਅਵੇ ਤਾਂ ਕਰਦੀਆਂ ਹਨ ਪਰ ਉਹ ਖੋਖਲੇ ਹੀ ਸਿੱਧ ਹੁੰਦੇ ਹਨ। ਇਕ ਸਮੇਂ ਮੁੱਖ ਤੌਰ ’ਤੇ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਹੀ ਪਰਾਲੀ ਸਾੜੀ ਜਾਂਦੀ ਸੀ ਪਰ ਹੁਣ ਉਹ ਹੋਰ ਸੂਬਿਆਂ ਵਿਚ ਵੀ ਸਾੜੀ ਜਾਂਦੀ ਹੈ।

ਜਿੱਥੇ ਸੂਬਾ ਸਰਕਾਰਾਂ ਪਰਾਲੀ ਨੂੰ ਸਾੜੇ ਜਾਣ ਤੋਂ ਰੋਕਣ ਦੇ ਠੋਸ ਉਪਾਅ ਨਹੀਂ ਕਰ ਪਾ ਰਹੀਆਂ ਹਨ, ਓਥੇ ਹੀ ਕਿਸਾਨ ਇਹ ਜਾਣਦੇ ਹੋਏ ਵੀ ਉਸ ਨੂੰ ਸਾੜਦੇ ਹਨ ਕਿ ਅਜਿਹਾ ਕਰਨਾ ਸਿਹਤ ਲਈ ਹਾਨੀਕਾਰਕ ਹੈ। ਪਰਾਲੀ ਨੂੰ ਸਾੜਨ ਤੋਂ ਰੋਕਣ ਦੇ ਜੋ ਕਦਮ ਇਕ ਦਹਾਕਾ ਪਹਿਲਾਂ ਚੁੱਕੇ ਜਾਣੇ ਚਾਹੀਦੇ ਸਨ, ਉਹ ਹਾਲੇ ਤੱਕ ਅਸਰਦਾਰ ਤਰੀਕੇ ਨਾਲ ਨਹੀਂ ਚੁੱਕੇ ਜਾ ਸਕੇ ਹਨ। ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਹਰ ਸੰਭਵ ਇਮਦਾਦ ਵੀ ਦਿੱਤੀ ਜਾਵੇ। ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕਰਨ ਦੇ ਸੰਜੀਦਗੀ ਨਾਲ ਯਤਨ ਕੀਤੇ ਜਾਣ। ਇਹ ਠੀਕ ਹੈ ਕਿ ਜਦ ਦਿੱਲੀ ਅਤੇ ਉਸ ਦੇ ਆਲੇ-ਦੁਆਲੇ ਹਵਾ ਪ੍ਰਦੂਸ਼ਣ ਵਧਦਾ ਹੈ ਤਾਂ ਸੁਪਰੀਮ ਕੋਰਟ ਤੋਂ ਲੈ ਕੇ ਨੈਸ਼ਨਲ ਗਰੀਨ ਟ੍ਰਿਬਿਊਨਲ ਅਰਥਾਤ ਐੱਨਜੀਟੀ ਦੇ ਨਾਲ-ਨਾਲ ਹੋਰ ਏਜੰਸੀਆਂ ਵੀ ਸਰਗਰਮ ਹੋ ਜਾਂਦੀਆਂ ਹਨ ਪਰ ਉਨ੍ਹਾਂ ਦੀ ਸਰਗਰਮੀ ਦਿੱਲੀ ਦੇ ਪ੍ਰਦੂਸ਼ਣ ਦੇ ਮਾਮਲੇ ਵਿਚ ਹੀ ਜ਼ਿਆਦਾ ਦੇਖਣ ਨੂੰ ਮਿਲਦੀ ਹੈ ਜਦਕਿ ਸਰਦੀਆਂ ਵਿਚ ਹਵਾ ਪ੍ਰਦੂਸ਼ਣ ਦੇਸ਼ ਦੇ ਇਕ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ।

ਦਮਘੋਟੂ ਹਵਾ ਪ੍ਰਦੂਸ਼ਣ ਤੋਂ ਛੁਟਕਾਰਾ ਇਸ ਲਈ ਨਹੀਂ ਮਿਲ ਪਾ ਰਿਹਾ ਕਿਉਂਕਿ ਸਰਦੀਆਂ ਸ਼ੁਰੂ ਹੋਣ ’ਤੇ ਹੀ ਉਸ ਨਾਲ ਨਜਿੱਠਣ ਦੇ ਕਦਮ ਚੁੱਕਣੇ ਸ਼ੁਰੂ ਕੀਤੇ ਜਾਂਦੇ ਹਨ। ਇਹ ਕਦਮ ਵੀ ਅੱਧੇ-ਅਧੂਰੇ ਹੀ ਹੁੰਦੇ ਹਨ। ਘੱਟ ਤੋਂ ਘੱਟ ਹੁਣ ਤਾਂ ਇਹ ਸਮਝਿਆ ਹੀ ਜਾਣਾ ਚਾਹੀਦਾ ਹੈ ਕਿ ਹਵਾ ਪ੍ਰਦੂਸ਼ਣ ਤੋਂ ਬਚਣ ਲਈ ਤੇਜ਼ੀ ਨਾਲ ਉਪਰਾਲੇ ਕਰਨ ਦੀ ਲੋੜ ਹੈ। ਜਦ ਸਾਰਾ ਸਾਲ ਪ੍ਰਦੂਸ਼ਣ ਦੇ ਕਾਰਨਾਂ ਦਾ ਨਿਵਾਰਨ ਕਰਨ ਦੇ ਯਤਨ ਹੋਣਗੇ, ਉਦੋਂ ਆਮ ਜਨਤਾ ਵੀ ਆਪਣੀ ਜ਼ਿੰਮੇਵਾਰੀ ਨੂੰ ਲੈ ਕੇ ਸਾਵਧਾਨ ਹੋਵੇਗੀ। ਸਰਕਾਰਾਂ ਕਿਉਂਕਿ ਸੱਤ-ਅੱਠ ਮਹੀਨੇ ਪ੍ਰਦੂਸ਼ਣ ਦੀ ਰੋਕਥਾਮ ਲਈ ਕੁਝ ਨਹੀਂ ਕਰਦੀਆਂ, ਇਸ ਲਈ ਔਸਤ ਨਾਗਰਿਕ ਇਹੀ ਮੰਨ ਕੇ ਚੱਲਦਾ ਹੈ ਕਿ ਇਸ ਸਮੱਸਿਆ ਨਾਲ ਨਜਿੱਠਣਾ ਸਰਕਾਰ ਅਤੇ ਉਸ ਦੀਆਂ ਏਜੰਸੀਆਂ ਦੀ ਹੀ ਜ਼ਿੰਮੇਵਾਰੀ ਹੈ। ਅਸਲ ਵਿਚ ਇਸੇ ਕਾਰਨ ਪ੍ਰਦੂਸ਼ਣ ਰੋਕੂ ਉਪਾਵਾਂ ਨੂੰ ਅਮਲ ਵਿਚ ਲਿਆਉਣਾ ਆਮ ਜਨਤਾ ਦੀ ਆਦਤ ਦਾ ਹਿੱਸਾ ਨਹੀਂ ਬਣ ਪਾ ਰਿਹਾ ਹੈ। ਹਵਾ ਪ੍ਰਦੂਸ਼ਣ ਦੇ ਪਿੱਛੇ ਗ਼ੈਰ-ਯੋਜਨਾਬੱਧ ਵਿਕਾਸ ਅਤੇ ਜਨਤਾ ਦੀ ਨਾਸਮਝੀ ਵੀ ਇਕ ਵੱਡਾ ਕਾਰਨ ਹੈ।

ਲੋਕ ਇਹ ਜਾਣਦੇ ਹਨ ਕਿ ਪੱਤਿਆਂ ਅਤੇ ਕੂੜਾ-ਕਰਕਟ ਸਾੜਨ ਨਾਲ ਪ੍ਰਦੂਸ਼ਣ ਵਧਦਾ ਹੈ, ਫਿਰ ਵੀ ਅਨੇਕ ਲੋਕ ਅਜਿਹਾ ਕਰਦੇ ਹਨ। ਕੂੜੇ-ਕਰਕਟ ਨੂੰ ਅੱਗ ਲਾਉਣ ਨਾਲ ਵੀ ਹਵਾ ਪ੍ਰਦੂਸ਼ਣ ਵਧਦਾ ਹੈ। ਪੋਲੀਥੀਨ ਦੇ ਲਿਫ਼ਾਫ਼ਿਆਂ ’ਤੇ ਪਾਬੰਦੀ ਦੇ ਬਾਵਜੂਦ ਉਹ ਧੜੱਲੇ ਨਾਲ ਚਲਨ ਵਿਚ ਹਨ। ਇਨ੍ਹਾਂ ਦੇ ਬਹੁਤ ਸਾਰੇ ਨੁਕਸਾਨ ਹਨ। ਇਨ੍ਹਾਂ ਕਾਰਨ ਸੀਵਰ ਜਾਮ ਹੋ ਜਾਂਦੇ ਹਨ।

ਕੂੜੇ ਵਿਚ ਇਨ੍ਹਾਂ ਨੂੰ ਅੱਗ ਲਾਉਣ ਕਾਰਨ ਜ਼ਹਿਰੀਲੀਆਂ ਗੈਸਾਂ ਉਪਜਦੀਆਂ ਹਨ ਜੋ ਚੌਗਿਰਦੇ ਦੇ ਨਾਲ-ਨਾਲ ਸਿਹਤ ਲਈ ਵੀ ਬਹੁਤ ਹਾਨੀਕਾਰਕ ਸਿੱਧ ਹੁੰਦੀਆਂ ਹਨ। ਇਕ ਅਜਿਹੇ ਸਮੇਂ ਜਦ ਭਾਰਤ ਦੀ ਆਰਥਿਕ ਸਥਿਤੀ ਲਗਾਤਾਰ ਬਿਹਤਰ ਹੋ ਰਹੀ ਹੈ, ਉਦੋਂ ਹਵਾ ਪ੍ਰਦੂਸ਼ਣ ਦੂਰ ਕਰਨ ਦੇ ਉਪਾਵਾਂ ਨੂੰ ਅਮਲ ਵਿਚ ਲਿਆਉਣ ਲਈ ਧਨ ਦੀ ਜੋ ਜ਼ਰੂਰਤ ਹੈ, ਉਸ ਦੀ ਪੂਰਤੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ ਪਰ ਗੱਲ ਉਦੋਂ ਬਣੇਗੀ ਜਦ ਇਸ ਗੰਭੀਰ ਸਮੱਸਿਆ ਨਾਲ ਨਜਿੱਠਣ ਦੀ ਇੱਛਾ-ਸ਼ਕਤੀ ਦਿਖਾਈ ਜਾਵੇਗੀ।

ਬੇਸ਼ੱਕ ਸਰਕਾਰ ਪਥਰਾਟ ਈਂਧਨ ਦੀ ਖਪਤ ਘੱਟ ਕਰਨ ਲਈ ਵਚਨਬੱਧ ਹੈ ਪਰ ਇਹ ਵਚਨਬੱਧਤਾ ਹਾਲੇ ਲੋੜੀਂਦੇ ਨਤੀਜੇ ਲਿਆਉਣ ਵਿਚ ਨਾਕਾਮ ਸਿੱਧ ਹੋ ਰਹੀ ਹੈ। ਚੰਗਾ ਇਹ ਹੋਵੇਗਾ ਕਿ ਸਰਕਾਰਾਂ ਅਤੇ ਉਨ੍ਹਾਂ ਦੀਆਂ ਵੱਖ-ਵੱਖ ਏਜੰਸੀਆਂ ਹਵਾ ਪ੍ਰਦੂਸ਼ਣ ਤੋਂ ਹੋਣ ਵਾਲੇ ਨੁਕਸਾਨ ਨੂੰ ਸਮਝਣ ਅਤੇ ਉਸ ਨੂੰ ਦੂਰ ਕਰਨ ਲਈ ਮਿਲ ਕੇ ਠੋਸ ਉਪਾਅ ਕਰਨ। ਇਨ੍ਹਾਂ ਉਪਾਵਾਂ ਨੂੰ ਜਨਤਾ ਦਾ ਸਹਿਯੋਗ ਮਿਲਣਾ ਵੀ ਜ਼ਰੂਰੀ ਹੈ। ਇਸ ਮਾਮਲੇ ’ਚ ਜੇਕਰ ਜਨਤਾ ਪੂਰਾ ਸਹਿਯੋਗ ਨਹੀਂ ਦੇਵੇਗੀ ਤਾਂ ਸਰਕਾਰੀ ਉਪਰਾਲੇ ਵੀ ਫਲਦਾਇਕ ਸਿੱਧ ਨਹੀਂ ਹੋ ਸਕਣਗੇ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.






ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)




# ਓਨਟੇਰਿਓ ਦੇ ਪ੍ਰੀਮੀਅਰ ਡਗ ਫੋਰਡ ਨੇ ਉੱਤਰੀ ਅਮਰੀਕੀ ਵਪਾਰਕ ਸਮਝੌਤੇ ਨੂੰ ਮੈਕਸੀਕੋ ਤੋਂ ਬਿਨਾਂ ਕਰਨ ਦੀ ਗੱਲ ਰਖੀ

ਟੋਰਾਂਟੋ: ਓਨਟੇਰਿਓ ਦੇ ਪ੍ਰੀਮੀਅਰ ਡਗ ਫੋਰਡ ਨੇ ਉੱਤਰੀ ਅਮਰੀਕੀ ਵਪਾਰਕ ਸਮਝੌਤੇ (CUSMA) ਨੂੰ ਲੈ ਕੇ ਇੱਕ ਨਵਾਂ ਅਤੇ ਚਰਚਿਤ ਨੁਕਤਾ ਸੁਝਾਇਆ ਹੈ। ਫੋਰਡ ਨੇ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਨੂੰ ਨਾਫਟਾ ਤੋਂ ਪਹਿਲਾਂ ਵਾਲੇ ਦੁਵੱਲੇ ਵਪਾਰਕ ਸਮਝੌਤੇ ਤੇ ਵਾਪਸ ਜਾਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ, ਜਿਵੇਂ ਕਿ 1994 ਤੋਂ ਪਹਿਲਾਂ ਸੀ। ਉਨ੍ਹਾਂ ਦੀਆਂ ਇਹ ਟਿੱਪਣੀਆਂ ਡੌਨਲਡ ਟਰੰਪ ਦੇ ਰਾਸ਼ਟਰਪਤੀ ਚੋਣਾਂ ਜਿੱਤਣ ਤੋਂ ਬਾਅਦ ਆਈਆਂ ਹਨ। ਟਰੰਪ ਦੀ ਵਾਪਸੀ ਨਾਲ ਸੰਸਾਰ ਭਰ ਵਿੱਚ ਵਪਾਰ ਅਤੇ ਸੁਰੱਖਿਆ ਪ੍ਰਬੰਧਾਂ ਵਿੱਚ ਵੱਡੀ ਤਬਦੀਲੀ ਦੇ ਸੰਕੇਤ ਦਿੱਤੇ ਜਾ ਰਹੇ ਹਨ।



ਫੋਰਡ ਨੇ ਆਪਣੇ ਮੀਡੀਆ ਬਿਆਨ ਵਿੱਚ ਮੈਕਸੀਕੋ ਵਿੱਚ ਵਧ ਰਹੀਆਂ ਚੀਨੀ ਮਲਕੀਅਤ ਵਾਲੀਆਂ ਕਾਰ ਪਲਾਂਟਾਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਦੱਸਿਆ ਕਿ ਮੈਕਸੀਕੋ ਅਮਰੀਕਾ ਅਤੇ ਕੈਨੇਡਾ ਵਿੱਚ ਚੀਨੀ ਕਾਰਾਂ ਅਤੇ ਪੁਰਜ਼ਿਆਂ ਲਈ ਇੱਕ "ਚੋਰ ਦਰਵਾਜ਼ਾ" ਬਣ ਗਿਆ ਹੈ, ਜਿਸ ਕਾਰਨ ਉੱਤਰੀ ਅਮਰੀਕੀ ਵਰਕਰਾਂ ਦੀ ਉਪਜੀਵਿਕਾ ਖ਼ਤਰੇ ਵਿੱਚ ਪੈ ਸਕਦੀ ਹੈ। ਉਨ੍ਹਾਂ ਨੇ ਮੈਕਸੀਕੋ ਨੂੰ ਚੀਨੀ ਦਰਾਮਦਾਂ 'ਤੇ ਟੈਰਿਫ ਲਗਾਉਣ ਲਈ ਕਿਹਾ, ਤਾਂ ਜੋ ਉੱਤਰੀ ਅਮਰੀਕੀ ਸਪਲਾਈ ਚੇਨ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਫੋਰਡ ਨੇ ਸਪੱਸ਼ਟ ਕੀਤਾ, "ਮੁਕਤ ਵਪਾਰ ਦਾ ਉਚਿਤ ਹੋਣਾ ਜ਼ਰੂਰੀ ਹੈ। ਜੇ ਮੈਕਸੀਕੋ ਚੀਨ ਤੋਂ ਆਉਣ ਵਾਲੀਆਂ ਆਯਾਤ ਖੇਪਾਂ ਨੂੰ ਨਹੀਂ ਨਿਯੰਤ੍ਰਿਤ ਕਰਦਾ, ਤਾਂ ਉਸਦੇ ਕੋਲ ਛੂਸ਼ੰਅ ਵਿਚ ਪੂਰਨ ਭਾਗੀਦਾਰੀ ਨਹੀਂ ਹੋਣੀ ਚਾਹੀਦੀ।"

ਫੋਰਡ ਨੇ ਹੋਰ ਵਿਸਥਾਰ ਵਿੱਚ ਜਾਣਦਿਆਂ ਕਿਹਾ ਕਿ ਉਹ ਇਹ ਗੱਲ ਨਹੀਂ ਕਰ ਰਹੇ ਕਿ ਮੈਕਸੀਕੋ ਨੂੰ ਪੂਰੀ ਤਰ੍ਹਾਂ ਅਲੱਗ ਕਰ ਦਿੱਤਾ ਜਾਵੇ, ਪਰ ਉਹ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਅਮਰੀਕਾ ਨਾਲ ਦੁਵੱਲੇ ਵਪਾਰਕ ਸਮਝੌਤੇ ਦੀ ਪੇਸ਼ਕਸ਼ ਬਾਰੇ ਸੋਚੇ। ਉਨ੍ਹਾਂ ਨੇ ਕਿਹਾ ਕਿ ਕੈਨੇਡਾ ਨੂੰ ਅਮਰੀਕਾ ਨਾਲ ਵਿਸ਼ਵ ਦੇ ਸਭ ਤੋਂ ਨਜ਼ਦੀਕੀ ਆਰਥਿਕ ਭਾਈਵਾਲੀ ਨੂੰ ਤਰਜੀਹ ਦੇਣੀ ਚਾਹੀਦੀ ਹੈ, ਜੋ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਨੂੰ ਦਰਸਾਉਂਦਾ ਹੈ। ਮੈਕਸੀਕੋ ਦੀਆਂ ਚੀਨੀ ਮਲਕੀਅਤ ਵਾਲੀਆਂ ਆਟੋਮੋਬਾਈਲ ਫੈਕਟਰੀਆਂ ਅਤੇ ਉੱਥੋਂ ਦੀ ਸਰਕਾਰ ਦਾ ਵਧਦਾ ਪ੍ਰਭਾਵ ਅਮਰੀਕਾ ਦੀ ਚਿੰਤਾ ਦਾ ਕਾਰਨ ਬਣਿਆ ਹੋਇਆ ਹੈ। ਫੋਰਡ ਨੇ ਇਸ ਗੱਲ ਦਾ ਹਵਾਲਾ ਦਿੱਤਾ ਕਿ ਮੈਕਸੀਕੋ ਚੀਨੀ ਕਾਰਾਂ ਨੂੰ ਬਿਨਾ ਰੋਕ-ਟੋਕ ਉੱਤਰੀ ਅਮਰੀਕਾ ਵਿੱਚ ਭੇਜਣ ਵਿੱਚ ਇੱਕ ਮੁੱਖ ਭੂਮਿਕਾ ਨਿਭਾ ਰਿਹਾ ਹੈ, ਜਿਸ ਨਾਲ ਕੈਨੇਡਾ ਅਤੇ ਅਮਰੀਕਾ ਦੇ ਵਰਕਰਾਂ ਲਈ ਮੁਕਾਬਲਾ ਕਰਨਾ ਔਖਾ ਹੋ ਜਾਂਦਾ ਹੈ।



# ਅਜੋਕੇ ਸਮੇਂ ਨਿੰਦਿਆ ਚੁਗਲੀ ਤੋਂ ਬੱਚ ਕੇ

ਲਿਖਤ : ਸ਼ਿੰਦਰ ਸਿੰਘ ਮੀਰਪੁਰੀ ਫਰਿਜ਼ਨੋ
ਸੰਪਰਕ : 559-285-0841

ਜੋਕੇ ਸਮੇਂ ਸਾਡੇ ਸਮਾਜ ਦੇ ਅੰਦਰ ਨਿੰਦਿਆ ਚੁਗਲੀ ਨੇ ਵੱਡੀ ਪੱਧਰ 'ਤੇ ਪੈਰ ਪਸਾਰੇ ਹਨ ਤੇ ਬਹੁਤ ਘੱਟ ਇਨਸਾਨ ਹੋਣਗੇ, ਜੋ ਇਸ ਬਿਮਾਰੀ ਤੋਂ ਰਹਿਤ ਹੋਣਗੇ, ਨਹੀਂ ਤਾਂ ਬਹੁਤ ਸਾਰੇ ਲੋਕਾਂ ਦਾ ਤਾਂ ਆਵਾ ਹੀ ਉਤ ਚੁੱਕਿਆ ਹੈ। ਬੀਬੀਆਂ ਇਸ ਮਾਮਲੇ ਵਿਚ ਬਹੁਤ ਜ਼ਿਆਦਾ ਅੱਗੇ ਲੰਘ ਚੁੱਕੀਆਂ ਹਨ, ਅੱਜ ਸਾਡਾ ਸਮਾਜ ਨਿੰਦਿਆ ਚੁਗਲੀ ਦੀ ਭੇਟ ਚੜ੍ਹ ਕੇ ਇੱਕ ਐਸੇ ਖੂਹ ਖਾਤੇ ਵਿਚ ਡਿੱਗਦਾ ਪ੍ਰਤੀਤ ਹੁੰਦਾ ਹੈ, ਜਿੱਥੋਂ ਨਿਕਲਣ ਦਾ ਵੀ ਕੋਈ ਹੱਲ ਵਿਖਾਈ ਨਹੀਂ ਦਿੰਦਾ। ਜੇਕਰ ਚੁਗਲੀ ਦੀ ਗੱਲ ਕਰੀਏ, ਤਾਂ ਬਹੁਤ ਸਾਰੀਆਂ ਬੀਬੀਆਂ ਵੱਲੋਂ ਚੁਗਲੀ ਤੋਂ ਕੀਤੇ ਬਿਨਾਂ ਉਨ੍ਹਾਂ ਦੇ ਰੋਟੀ ਵੀ ਹਜ਼ਮ ਨਹੀਂ ਆਉਂਦੀ। ਉਨ੍ਹਾਂ ਦੀ ਕੀਤੀ ਚੁਗਲੀ ਦੀ ਬਦੌਲਤ ਪਰਿਵਾਰਾਂ ਵਿਚ ਤਰੇੜਾਂ ਪੈ ਜਾਂਦੀਆਂ ਹਨ ਅਤੇ ਪਰਿਵਾਰ ਟੁੱਟ ਜਾਂਦੇ ਹਨ । ਇਹ ਅੱਜ ਸਾਡੇ ਬਹੁਤ ਸਾਰੇ ਪਰਿਵਾਰਾਂ ਦੀ ਤ੍ਰਾਸਦੀ ਹੋ ਚੁੱਕੀ ਹੈ। ਉਸ ਤੋਂ ਬਿਨਾਂ ਕਈ ਮਰਦ ਵੀ ਚੁਗਲੀ ਕਰੇ ਬਿਨਾਂ ਸ਼ਾਮ ਨੂੰ ਆਪਣੇ ਘਰ ਅੰਦਰ ਨਹੀਂ ਵੜਦੇ, ਉਨ੍ਹਾਂ ਦਾ ਮੁੱਖ ਕੰਮ ਹੁੰਦਾ ਹੈ ਪਰਿਵਾਰਾਂ ਦੇ ਵਿਚ ਵੰਡੀਆਂ ਪਾਉਣਾ ਬਹੁਤ ਸਾਰੀਆਂ ਬੀਬੀਆਂ ਨੇ ਪਿਛਲੇ ਸਮੇਂ ਵੀ ਚੁਗਲੀ ਨਿੰਦਿਆ ਰਾਹੀਂ ਘਰਾਂ ਦੇ ਵਿਚ ਫਰਕ ਪਾ ਕੇ ਸੱਸ ਅਤੇ ਨੂੰਹ ਦੀ ਲੜਾਈ ਕਰਵਾਈ ਹੈ। ਪਤਾ ਨਹੀਂ ਇਨ੍ਹਾਂ ਲੋਕਾਂ ਨੂੰ ਚੁਗਲੀਆਂ ਰਾਹੀਂ ਆਖਰ ਮਿਲਦਾ ਕੀ ਹੈ, ਸ਼ਾਇਦ ਢਿੱਡ ਜਾਂ ਮਨ ਦੀ ਭੜਾਸ ਹੀ ਕਹਿ ਸਕਦੇ ਹਾਂ। ਪੰਜਾਬੀ ਦੀ ਇੱਕ ਕਹਾਵਤ ਹੈ ਕਿ ਬਹੁਤ ਸਾਰੇ ਇਨਸਾਨ ਅਜਿਹੇ ਹੁੰਦੇ ਹਨ, ਜਿਨ੍ਹਾਂ ਦੇ ਪੇਟ ਅੰਦਰ ਚੁਗਲੀ ਕੀਤਿਆਂ ਬਿਨਾਂ ਗੋਲਾ ਬਣ ਜਾਂਦਾ ਹੈ। ਇਹ ਤ੍ਰਾਸਦੀ ਪਿਛਲੇ ਸਮੇਂ ਤੋਂ ਸਾਡੇ ਸਮਾਜ ਵਿਚ ਵੱਡੇ ਪੱਧਰ 'ਤੇ ਪਣਪ ਰਹੀ ਹੈ। ਕਈ ਚੁਗਲੀਬਾਜ਼ਾਂ ਨੇ ਤਾਂ ਪਰਿਵਾਰਾਂ ਦੇ ਰਿਸ਼ਤੇ-ਨਾਤੇ ਵੀ ਤੁੜਾ ਕੇ ਰੱਖ ਦਿੱਤੇ ਹਨ। ਇਥੇ ਅਨਪੜ੍ਹ ਅਤੇ ਪੜ੍ਹੇ-ਲਿਖਿਆਂ ਦਾ ਕੋਈ ਫਰਕ ਨਹੀਂ ਰਹਿ ਜਾਂਦਾ। ਬੀਬੀਆਂ ਵੱਲੋਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਚੁਗਲੀਆਂ ਦਾ ਭੰਡਾਰ ਕਰਕੇ ਫਿਰ ਦੂਜੇ ਥਾਂ ਜਾ ਕੇ ਚੁਗਲੀਆਂ ਕਰਨ ਨੂੰ ਮਹੱਤਵ ਮੰਨਿਆ ਜਾਂਦਾ ਹੈ। ਕਈ ਬੀਬੀਆਂ ਤਾਂ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਤੋਂ ਚੁਗਲੀ ਕਰੇ ਬਿਨਾ ਸਰ ਨਹੀਂ ਹੁੰਦਾ। ਕਿਉਂਕਿ ਇਹ ਸਾਡੇ ਸਮਾਜ ਦੀ ਇੱਕ ਅਜਿਹੀ ਅਲਾਮਤ ਹੈ, ਜੋ ਬਹੁਤ ਵੱਡੇ ਪੱਧਰ 'ਤੇ ਭਾਵੇਂ ਪਿਛਲੇ ਸਮੇਂ ਤੋਂ ਪਨਪੀ ਹੈ ਪਰ ਇਸ ਦਾ ਨੁਕਸਾਨ ਬਹੁਤ ਵੱਡਾ ਹੈ। ਜੇਕਰ ਗੱਲ ਕਰੀਏ ਵਿਆਹਾਂ-ਸ਼ਾਦੀਆਂ ਵਿਚ ਭਾਨੀਆਂ



ਮਾਰਨ ਦੀ, ਤਾਂ ਉਥੇ ਵੀ ਚੁਗਲੀਬਾਜ਼ਾਂ ਵੱਲੋਂ ਘੱਟ ਨਹੀਂ ਗੁਜ਼ਾਰੀ ਜਾਂਦੀ। ਉਨ੍ਹਾਂ ਵੱਲੋਂ ਵੱਡੇ ਪੱਧਰ 'ਤੇ ਪਰਿਵਾਰਾਂ ਦਾ ਨੁਕਸਾਨ ਕੀਤਾ ਜਾਂਦਾ ਹੈ। ਸਕੂਲਾਂ-ਕਾਲਜਾਂ ਵਿਚ ਵੀ ਅਧਿਆਪਕਾਂ ਵੱਲੋਂ ਇੱਕ ਦੂਜੇ ਦੀਆਂ ਚੁਗਲੀਆਂ ਕਰਕੇ ਉਸ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਵਾਰ ਦਫਤਰਾਂ ਅੰਦਰ ਮੁਲਾਜ਼ਮ ਵੱਲੋਂ ਕੀਤੀ ਚੁਗਲੀ ਦੇ ਸਦਕਾ ਕਈਆਂ ਨੂੰ ਨੌਕਰੀ ਤੋਂ ਹੱਥ ਧੋਣੇ ਪੈਂਦੇ ਹਨ। ਦਫਤਰਾਂ ਵਿਚ ਵੀ ਇਹੀ ਹਾਲ ਹੈ। ਦਫਤਰਾਂ ਦੇ ਵਿਚ ਅਫਸਰਾਂ ਵੱਲੋਂ ਇੱਕ ਦੂਜੇ ਦੀਆਂ ਚੁਗਲੀ ਜਾਂ ਨਿੰਦਿਆ ਕਰਕੇ ਉਸ ਨੂੰ ਨੀਵਾਂ ਦਿਖਾਉਣਾ ਹੁੰਦਾ ਹੈ ਇਹ ਸਾਰਾ ਕੁਝ ਅੱਜ ਸਾਡੇ ਸਮਾਜ ਦੇ ਵਿਚ ਵਾਪਰ ਰਿਹਾ ਹੈ। ਉਸ ਤੋਂ ਬਾਅਦ ਜੇਕਰ ਵਿਦੇਸ਼ਾਂ ਅੰਦਰ ਗੱਲ ਕਰੀਏ, ਤਾਂ ਉਥੇ ਵੀ ਚੁਗਲੀਆਂ ਦੀ ਘਾਟ ਨਹੀਂ ਹੈ। ਭਾਵੇਂ ਸਾਡੇ ਭਾਰਤ ਨਾਲੋਂ ਕੁਝ ਘੱਟ ਜ਼ਰੂਰ ਹੈ। ਟਰਾਂਸਪੋਰਟ ਦੇ ਧੰਦੇ ਵਿਚ ਵੀ ਚੁਗਲੀ ਚਲਦੀ ਹੈ ਅਤੇ ਖਾਸ ਕਰ ਵਿਦੇਸ਼ ਵਿਚ ਵੀ ਬੀਬੀਆਂ ਵੱਲੋਂ ਪਰਿਵਾਰਾਂ ਦੇ ਵਿਚ ਕਲੇਸ਼ ਤੱਕ ਕਰਵਾ ਦਿੱਤਾ ਜਾਂਦਾ ਹੈ, ਜੋ ਬੇਹੱਦ ਗਲਤ ਵਰਤਾਰਾ ਹੈ। ਜੇਕਰ ਗੁਰੂ ਸਾਹਿਬ ਦੇ ਫਲਸਫੇ ਦੀ ਗੱਲ ਕਰੀਏ, ਤਾਂ ਨਿੰਦਿਆ ਤੇ ਚੁਗਲੀ ਨੂੰ ਬਹੁਤ ਮਾੜਾ ਮੰਨਿਆ ਗਿਆ ਹੈ ਪਰ ਸਾਡੇ ਲੋਕ ਹੱਟ ਹੀ ਨਹੀਂ ਰਹੇ। ਉਨ੍ਹਾਂ ਨੂੰ ਤਾਂ ਜਿਵੇਂ ਚੁਗਲੀ ਅਤੇ ਨਿੰਦਿਆ ਘਿਓ ਵਾਂਗ ਲੱਗਦੀ ਹੈ। ਕਈ ਬੰਦੇ ਤਾਂ ਦੂਜੇ ਪਿੰਡ ਜਾ ਕੇ ਵੀ ਚੁਗਲੀ ਕਰਦੇ ਹਨ। ਬਹੁਤ ਵਾਰ ਤਾਂ ਚੁਗਲੀਆਂ ਦੀ ਬਦੌਲਤ ਲੜਾਈ ਕਤਲਾਂ ਤੱਕ ਜਾ ਪਹੁੰਚਦੀ ਹੈ। ਲੰਘੇ ਸਮੇਂ ਦੀ ਗੱਲ ਹੈ ਕਿ ਇੱਕ ਵਾਰ ਕਾਲਜ ਦੇ ਵਿਚ ਇੱਕ ਬਹੁਤ ਹੀ ਹੁਸ਼ਿਆਰ ਲੜਕੀ ਪੜ੍ਹਦੀ ਸੀ, ਜਦਕਿ ਉਸੇ ਹੀ ਕਲਾਸ ਦੇ ਵਿਚ ਦੂਜੇ ਪਾਸੇ ਉਸ ਦੇ ਨਾਲ ਪੜ੍ਹਨ ਵਾਲੀਆਂ ਲੜਕੀਆਂ ਵੱਲੋਂ ਆਪਣੇ ਅਧਿਆਪਕਾਂ ਕੋਲ ਕੀਤੀ ਸ਼ਿਕਾਇਤ ਦੀ ਬਦੌਲਤ ਸਕੂਲ ਦੇ ਪ੍ਰਿੰਸੀਪਲ ਵੱਲੋਂ ਉਸ ਲੜਕੀ ਦਾ ਨਾਂ ਕਾਲਜ ਦੇ ਵਿਚੋਂ ਕੱਢ ਦਿੱਤਾ ਗਿਆ। ਜਦੋਂ ਸਮਾਂ ਪਾ ਕੇ ਗੱਲਬਾਤ ਸਾਹਮਣੇ ਆਈ, ਤਾਂ ਉਸ ਲੜਕੀ ਦਾ ਕੋਈ ਵੀ ਕਸੂਰ ਨਹੀਂ ਸੀ, ਸਿਰਫ ਉਸਨੂੰ ਨਿੱਜੀ ਰੰਜਿਸ਼ ਦੇ ਚੱਲਦਿਆਂ ਕੁਝ ਲੜਕੀਆਂ ਵੱਲੋਂ ਪ੍ਰਿੰਸੀਪਲ ਤੱਕ ਪਹੁੰਚ ਕਰਦਿਆਂ ਉਪਰੋਂ ਫੋਨ ਕਰਵਾ ਕੇ ਉਸ ਦਾ ਨਾਮ ਕੱਟ ਦਿੱਤਾ ਗਿਆ ਸੀ। ਹੁਣ ਜੇਕਰ ਇਸ ਗੱਲ ਨੂੰ ਸੋਚ ਕੇ ਵੇਖੀਏ ਕਿ ਚੁਗ਼ਲੀ ਨੇ ਇੱਕ ਬੱਚੀ ਦਾ ਭਵਿੱਖ ਤਬਾਹ ਕਰ ਦਿੱਤਾ, ਉਸ ਲਈ ਜ਼ਿੰਮੇਵਾਰ ਕੌਣ ਹੈ। ਇਹ ਵਰਤਾਰਾ ਬਹੁਤ ਵੱਡੀ ਹੱਦ ਤੱਕ ਪਨਪ ਕੇ ਵੱਖੋ-ਵੱਖ ਖੇਤਰਾਂ ਦੇ ਵਿਚ ਨੁਕਸਾਨ ਕਰ ਰਿਹਾ ਹੈ। ਉਸ ਤੋਂ ਬਾਅਦ ਅਗਲੀ ਗੱਲ ਕਰੀਏ, ਤਾਂ ਕਿਸੇ ਪਿੰਡ ਅੰਦਰ ਇੱਕ ਪਰਿਵਾਰ ਦੇ ਹੋਣਹਾਰ ਅਤੇ ਸਾਊ ਲੜਕੇ ਨੂੰ ਵੇਖਣ ਵਾਲੇ ਆਏ ਤਾਂ ਉਨ੍ਹਾਂ ਵੇਖਣ ਤੋਂ ਬਾਅਦ ਪਤਾ-ਸਤਾ ਕਰਨ ਦੀ ਗੱਲ ਕੀਤੀ ਤੇ ਉਸ ਤੋਂ ਅਗਲੇ ਦਿਨ ਉਨ੍ਹਾਂ ਨੇ ਉਸੇ ਪਿੰਡ ਦੇ ਕਿਸੇ ਵਿਅਕਤੀ ਤੱਕ ਪਹੁੰਚ ਕਰਦਿਆਂ ਉਸ ਨੌਜਵਾਨ ਬਾਰੇ ਪੁੱਛਿਆ ਤਾਂ ਕੁਦਰਤੀ ਵਸ ਉਨ੍ਹਾਂ ਨੂੰ ਉਹ ਇੱਕ ਚੁਗਲ ਵਿਅਕਤੀ ਟੱਕਰ ਗਿਆ ਅਤੇ ਉਸ ਨੇ ਉਸ ਨੌਜਵਾਨ ਬਾਰੇ ਅਜਿਹੀਆਂ ਗੱਲਾਂ ਕਰਕੇ ਭਾਨੀ ਮਾਰ ਦਿੱਤੀ ਕਿ ਪੁੱਛੋ ਕੁਝ ਨਾ। ਉਸ ਚੁਗਲ ਕਿਸਮ ਦੇ ਬੰਦੇ ਨੇ ਨੌਜਵਾਨ ਨੂੰ ਵੇਖਣ ਆਏ ਪਰਿਵਾਰ ਨੂੰ ਦੱਸਿਆ ਕਿ ਇਹ ਨੌਜਵਾਨ ਤਾਂ ਨਸ਼ੇੜੀ ਅਤੇ ਬਹੁਤ ਬਦਮਾਸ਼ ਕਿਸਮ ਦਾ ਵਿਅਕਤੀ ਹੈ, ਜੇ ਕਿਸੇ ਵੀ ਤਰ੍ਹਾਂ ਤੁਹਾਡੀ ਲੜਕੀ ਦਾ ਰਿਸ਼ਤਾ ਇਸ ਨਾਲ ਹੋ ਗਿਆ, ਤਾਂ ਇਹ ਬਹੁਤ ਹੀ ਮਾੜੀ ਗੱਲ ਹੋਵੇਗੀ ਅਤੇ ਤੁਹਾਡੀ ਕੁੜੀ ਤਾਂ ਉਮਰ ਭਰ ਲਈ ਰੁਲ ਜਾਵੇਗੀ। ਉਸ ਤੋਂ ਬਾਅਦ ਕੁੜੀ ਵਾਲਿਆਂ ਨੇ ਮੁੰਡੇ ਨੂੰ ਜਵਾਬ ਦੇ ਦਿੱਤਾ ਪਰ ਬਾਅਦ ਵਿਚ ਪਤਾ ਲੱਗਿਆ ਕਿ ਮੁੰਡਾ ਤਾਂ ਬੇਹੱਦ ਸ਼ਰੀਫ ਚੰਗਾ ਇਨਸਾਨ ਸੀ, ਜਿਸ ਦਾ ਭਾਵੇਂ ਬਾਅਦ ਵਿਚ ਕਿਤੇ ਹੋਰ ਵਿਆਹ ਹੋ ਗਿਆ ਪਰ ਲੜਕੀ ਵਾਲੇ ਪਛਤਾਉਂਦੇ ਰਹਿ ਗਏ।

ਜੇਕਰ ਇਹ ਸਾਰੇ ਵਰਤਾਰੇ ਦੌਰਾਨ ਗੁਰਬਾਣੀ ਦੇ ਕਥਨ ਦੀ ਗੱਲ ਕਰੀਏ, ਤਾਂ ਗੁਰੂ ਸਾਹਿਬ ਦਾ ਫਰਮਾਨ ਹੈ ਕਿ ਨਿੰਦਿਆ ਚੁਗਲੀ ਕਰਨੀ ਬੇਹੱਦ ਇੱਕ ਮਾੜਾ ਕਿੱਤਾ ਹੈ, ਇਹ ਕਿਸੇ ਵੀ ਤਰ੍ਹਾਂ ਨਹੀਂ ਕਰਨੀ ਚਾਹੀਦੀ। ਚੁਗਲੀ ਅਤੇ ਨਿੰਦਿਆ ਤੋਂ ਗੁਰੇਜ ਕਰਦਿਆਂ ਚੰਗੀ ਗੱਲ ਕਰਨ ਦੀ ਲੋੜ ਹੁੰਦੀ ਹੈ। ਗੁਰਬਾਣੀ ਦੇ ਵਿਚ ਵੀ ਨਿੰਦਿਆ ਕਰਨ ਵਾਲੇ ਇਨਸਾਨ ਨੂੰ ਚੰਗਾ ਨਹੀਂ ਗਿਣਿਆ ਗਿਆ। ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉ ਕੇ ਇੱਕ ਚੰਗਾ ਇਨਸਾਨ ਬਣਨਾ ਹੀ ਵੱਡੀ ਗੱਲ ਹੁੰਦੀ ਹੈ। ਗੁਰੂ ਸਾਹਿਬ ਦਾ ਵਾਰ-ਵਾਰ ਕਥਨ ਹੈ ਕਿ ਜੇਕਰ ਤੁਸੀਂ ਚੁਗਲੀ ਨਿੰਦਿਆ ਕਰਕੇ ਕਿਸੇ ਦਾ ਨੁਕਸਾਨ ਕਰੋਗੇ, ਤਾਂ ਤੁਹਾਡਾ ਵੀ ਕੋਈ ਫਾਇਦਾ ਨਹੀਂ ਹੋਣ ਵਾਲਾ। ਇਸ ਲਈ ਪ੍ਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਕਾਰਜ ਕਰਨ ਦੀ ਵੱਡੀ ਲੋੜ ਹੁੰਦੀ ਹੈ। ਇਸ ਲਈ ਪ੍ਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਕਾਰਜ ਕਰਨ ਦੀ ਵੱਡੀ ਲੋੜ ਹੁੰਦੀ ਹੈ ਅਤੇ ਸਰਬੱਤ ਦਾ ਭਲਾ ਮੰਗਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ
ਕੇ 1000 ਬੰਦਿਆਂ ਤੱਕ
ਦੀ ਪਾਰਟੀ ਦੀ ਕੇਟਰਿੰਗ
ਕਰਦੇ ਹਾਂ

ਗੁਰਦੁਆਰਾ ਸਾਹਿਬ
ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232



ਲਿਖਤ
ਸਰਵਜੀਤ ਸਿੰਘ
ਸੈਕਰਾਮੈਂਟੋ

## ਜਨਮ ਸਾਖੀ ਭਾਈ ਬਾਲਾ ਦੀ ਅਸਲੀਅਤ

# ਕੱਤਕ ਨਹੀਂ ਵੈਸਾਖ



੧ ੴਸਤਿਗੁਰਪ੍ਰਸਾਦਿ
ਸਤਿਨਾਮੁਕਰਤਾਪੁਰਖੁਨਿਰਭਉ
ਜਨਮਪਤ੍ਰੀਬਾਬੇਨਾਨਕਜੀਕੀਲਿ
ਖੀ ਸੰਮਤੁ੧੫੮੨ ਪੰਦਰਾਸੈਬੀਆਸੀ
ਮਿਤੀਵੈਸਾਖਸੁਦੀਪੰਚਮੀਪੋਥੀਲਿਖੀਪੈੜੇਮੋਖੇਸੁ
ਲਤਾਨਪੁਰਕਾਵਸਨੀਕਖਤ੍ਰੀਰੇਦਾਗੁਰੂਅੰਗਦਜੀ
ਲਿਖਵਾਈਪੈੜੇਮੋਖੇਲਿਖੀਪਾਮੁਖਾਸਤਬਾਲੇਸੰਧੂਜਟੇ
ਟੇਦੀਰਾਇਭੋਇਦੀਤਲਵੰਡੀਆਹੁਆਇਆਬਾਗੁਰੂ
ਅੰਗਦਜੀਨੂੰਢੂੰਢਕੈਲਧਾਆਹਾਸਤਾਰਾਂਦਿਨਦੋਇਮਹੀ
ਨੇਪੋਥੀਲਿਖਾਂਦਿਆਂਲਗੇਆਹੇਜਿਥੈਜਿਥੈਗੁਰੂਬਾਬੇ
ਨਕਜੀਨਾਲਿਫਿਰਿਆਆਹਾਤਿਥੋਤਿਥੋਦੀਹਕੀਕਤ
ਭਾਈਬਾਲੇਮੁਹਜਿਨਾਲਿਲਿਖਵਾਈ।ਭਾਈਬਾਲੇਉਪਰ

ਜਨਮ ਅਤੇ ਸਾਖੀ ਦੇ ਮੇਲ ਤੋਂ ਬਣੇ ਜਨਮ ਸਾਖੀ ਦਾ ਭਾਵ ਹੈ ਜਨਮ ਦੀ ਗਵਾਹੀ। ਸਿੱਖ ਇਤਿਹਾਸ ਨਾਲ ਸਬੰਧਿਤ ਜਨਮ ਸਾਖੀ, ਕੇਵਲ ਜਨਮ ਦੀ ਗਵਾਹੀ ਹੀ ਨਹੀ ਸਗੋਂ ਜੀਵਨ ਦੀ ਕਹਾਣੀ ਹੈ। ਵਿਦਵਾਨਾਂ ਦਾ ਮੱਤ ਹੈ ਕਿ ਜਨਮ ਸਾਖੀ ਗੁਰੂ ਜੀ ਦੇ ਜਨਮ ਨਾਲ ਸਬੰਧਿਤ ਸਾਖੀ ਦਾ ਸਿਰਲੇਖ ਸੀ ਜੋ ਹੌਲੀ-ਹੌਲੀ ਸਾਖੀਆਂ ਦੇ ਸਮੂਹ ਦਾ ਹੀ ਸਿਰਲੇਖ ਬਣ ਗਿਆ। ਸਿੱਖ ਇਤਿਹਾਸ ਦੇ ਪੁਰਾਤਨ ਵਸੀਲਿਆਂ ਵਿਚ ਜਨਮ ਸਾਖੀਆਂ ਦਾ ਮਹੱਤਵਪੂਰਨ ਅਸਥਾਨ ਹੈ। ਸਿੱਖ ਸਾਹਿਤ ਵਿਚ ਮਿਲਦੀਆਂ ਜਨਮ ਸਾਖੀਆਂ, "ਪੁਰਾਤਨ ਜਨਮ ਸਾਖੀ" ਜੋ ਹਾਫਜ਼ਾ ਵਾਦੀ, ਵਲਾਇਤ ਵਾਲੀ ਅਤੇ ਕੌਲਬਰੁਕ ਵਾਲੀ ਜਨਮ ਸਾਖੀ ਆਦਿ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ, "ਪੋਥੀ ਸਚ ਖੰਡ" ਮਿਹਰਬਾਨ ਵਾਲੀ ਜਨਮ ਸਾਖੀ, "ਆਦਿ ਸਾਖੀਆਂ" ਸ਼ੰਭੂ ਨਾਥ ਵਾਲੀ ਜਨਮ ਪਤ੍ਰੀ, ਭਾਈ ਬਾਲੇ ਵਾਲੀ ਜਨਮ ਸਾਖੀ, "ਗਿਆਨ ਰਤਨਾਵਲੀ" ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, "ਜਨਮ ਸਾਖੀ ਨਾਨਕ ਸ਼ਾਹ ਕੀ" ਕ੍ਰਿਤ ਸੰਤ ਦਾਸ ਛਿੱਬਰ, ਜੋ ਭਾਈ ਬਾਲੇ ਵਾਲੀ ਦਾ ਹੀ ਕਾਵਿਕ ਰੂਪ ਹੈ, "ਆਦਿ ਸਾਖੀਆਂ" ਭਾਈ ਬੂਲਾ ਦੀ ਕ੍ਰਿਤ ਅਤੇ ਸ਼ੀਹਾ ਉੱਪਲ ਦੀ ਕ੍ਰਿਤ "ਸਾਖੀ ਮਹਿਲ ਪਹਿਲੇ ਕੀ" ਪ੍ਰਸਿੱਧ ਹਨ। ਜਨਮ ਸਾਖੀਆਂ ਵਿੱਚ ਸਭ ਤੋਂ ਵੱਧ ਪ੍ਰਚੱਲਤ ਹੈ ਭਾਈ ਬਾਲੇ ਵਾਲੀ ਜਨਮ ਸਾਖੀ। ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ ਪਿਛਲੀ ਡੇਢ ਸਦੀ ਤੋਂ ਗੁਰਦਵਾਰਿਆਂ ਵਿੱਚ ਭਾਈ ਸੰਤੋਖ ਸਿੰਘ ਦੇ ਲਿਖੇ ਸੂਰਜ ਪ੍ਰਕਾਸ਼ ਦੀ ਹੋ ਰਹੀ ਕਥਾ। ਇਸ ਜਨਮ ਸਾਖੀ ਦੇ ਹੱਥ ਲਿਖਤ ਉਤਾਰੇ ਬਹੁਤ ਮਿਲਦੇ ਹਨ ਅਤੇ ਛਾਪੇ ਖ਼ਾਨੇ ਵਾਲਿਆਂ ਨੇ ਵੀ ਵਾਰ-ਵਾਰ ਇਸੇ ਨੂੰ ਹੀ ਛਾਪਿਆ ਹੈ। ਇਸ'ਚ ਕੋਈ ਸ਼ੱਕ ਨਹੀ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਦਾ ਹੀ ਪ੍ਰਚਾਰ ਸਭ ਤੋਂ ਵੱਧ ਹੋਇਆ ਹੈ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਜਨਮ ਸਾਖੀਆਂ ਦੀ ਪ੍ਰਮਾਣਿਕਤਾ ਬਾਰੇ ਵੀ ਸਭ ਤੋਂ ਵੱਧ ਪਰਖ-ਪੜਚੋਲ, ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੀ ਹੋਈ ਹੈ।

ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪਰਖ ਦੇ ਆਰੰਭਕ ਉਪਰਾਲੇ ਵਜੋਂ, ਸਿੰਘ ਸਭਾ ਦੇ ਸਮੇਂ 1884 ਈ: ਵਿਚ ਪ੍ਰੋ: ਗੁਰਮੁਖ ਸਿੰਘ ਜੀ ਨੇ 'ਜਨਮ ਕੁੰਡਲੀਆਂ' ਲੇਖ ਆਪਣੇ ਮਾਸਿਕ ਪਤ੍ਰਿਕਾ ਸੁਧਾਰਕ ਵਿੱਚ ਛਾਪਿਆ ਸੀ। ਪਰ ਠੋਸ ਆਲੋਚਨਾਤਮਿਕ ਅਧਿਐਨ ਦਾ ਮੁੱਢ ਸ. ਕਰਮ ਸਿੰਘ ਹਿਸਟੋਰੀਅਨ ਨੇ 1912 ਈ: ਵਿਚ, 'ਕੱਤਕ ਕਿ ਵੈਸਾਖ' ਲਿਖ ਕੇ ਬੰਨ੍ਹਿਆਂ ਸੀ। ਇਸੇ ਤਰ੍ਹਾਂ ਹੀ ਪੁਰਾਤਨ ਜਨਮ ਸਾਖੀਆਂ ਦੀ ਸਾਂਭ-ਸੰਭਾਲ ਅਤੇ ਮੁੜ ਸੰਪਾਦਨਾ ਦਾ ਕਾਰਜ ਭਾਈ ਵੀਰ ਸਿੰਘ ਨੇ 1926 ਈ: ਵਿਚ, ਵਲੈਤ ਵਾਲੀ ਜਨਮਸਾਖੀ ਅਤੇ ਹਾਫਜਾਵਾਦੀ ਜਨਮਸਾਖੀ, ਜੋ ਲੱਗ ਭੱਗ ਸਮਰੂਪ ਹੀ ਹਨ, ਦੇ ਅਧਾਰ ਤੇ ਪੁਰਾਤਨ ਜਨਮਸਾਖੀ ਦੀ ਸੰਪਾਦਨਾ ਕਰਕੇ ਆਰੰਭ ਦਿੱਤਾ ਸੀ। ਪਰ ਵਿਦਿਅਕ ਅਦਾਰਿਆਂ ਵਿਚ ਵੱਡੀ ਪੱਧਰ ਤੇ ਇਸ ਵਿਸ਼ੇ ਤੇ ਖੋਜ ਕਾਰਜ ਦਾ ਆਰੰਭ, ਗੁਰੂ ਨਾਨਕ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਭਾਵ 1969 ਈ: ਦੇ ਆਸ-ਪਾਸ ਹੀ ਹੋਇਆ ਸੀ।

ਸ. ਕਰਮ ਸਿੰਘ ਹਿਸਟੋਰੀਅਨ ਜੀ ਲਿਖਦੇ ਹਨ, "ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪੁਰਾਣੀ ਤੋਂ ਪੁਰਾਣੀ ਕਾਪੀ ਜੋ ਮਿਲ ਸਕੀ ਹੈ ਉਹ ਜਗਰਾਵੀਂ ਇਕ ਡੇਰੇ ਵਿਚੋਂ ਮਿਲੀ ਹੈ, ਇਸ ਦੇ ਲਿਖੇ ਜਾਣ ਦਾ ਸੰਮਤ ੧੭੯੧ ਮਿਤੀ ਮੱਘਰ ਵਦੀ ਦਸਮੀ ਹੈ। ਇਸ ਤੋਂ ਪਹਿਲਾਂ ਦੀ ਲਿਖੀ ਹੋਈ ਕਾਪੀ ਨਹੀਂ ਮਿਲਦੀ"। (ਪੰਨਾ 115) ਹੁਣ ਖੋਜੀ ਵਿਦਵਾਨਾਂ ਨੂੰ ਬਿਕ੍ਰਮੀ 1715 ਸੰਮਤ ਦੀ ਲਿਖੀ ਹੋਈ ਹੱਥ ਲਿਖਤ ਮਿਲੀ ਹੈ ਜੋ ਸ੍ਰੀ ਪਿਆਰੇ ਲਾਲ ਕਪੂਰ, ਦੀ ਸੰਤਾਨ ਪਾਸ ਸੁਰਖਿਅਤ ਹੈ। ਹੁਣ ਤਾਈਂ ਮਿਲੀਆਂ ਹੱਥ ਲਿਖਤਾਂ 'ਚ ਇਹ ਸਭ ਤੋਂ ਪੁਰਾਣੀ ਹੱਥ ਲਿਖਤ ਮੰਨੀ ਗਈ ਹੈ। ਇਹ ਇਕੋ ਹੱਥ ਦੀ ਲਿਖਤ ਹੈ। ਇਸ ਦਾ ਲੇਖਕ ਲਾਹੌਰ ਨਿਵਾਸੀ ਗੋਰਖ ਨਾਥ ਹੈ। "ਸੰਮਤ ੧੭੧੫ ਮਾਘ ਸੁਦੀ ੬ ਪੋਥੀ ਲਿਖੀ ਗੁਰ ਪ੍ਰਸਾਦ ਗੋਰਖ ਦਾਸ ਸੰਗਤ ਗੁਰੂ ਜਾਚਕ"। ਇਹ ਤਾਰੀਖ 18 ਜਨਵਰੀ 1659 ਈ: (ਜੂਲੀਅਨ) ਬਣਦੀ ਹੈ। ਪਰ ਇਸ ਜਨਮ ਸਾਖੀ ਦੇ ਆਰੰਭ ਵਿੱਚ ਹੀ ਇਸ ਦਾ ਲੇਖਕ ਲਿਖਦਾ ਹੈ, "ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਸੰਮਤ 1582, ਪੰਦ੍ਰਾ ਸੈ ਬੈਆਸੀਆਂ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ"। ਇਹ ਤਾਰੀਖ 27 ਅਪ੍ਰੈਲ 1525 ਈ: ਬਣਦੀ ਹੈ। ਜਦੋਂ ਕਿ ਗੁਰੂ ਜੀ ਅੱਸੂ ਵਦੀ 10 ਸੰਮਤ 1596 ਬਿਕ੍ਰਮੀ (7 ਸਤੰਬਰ 1539 ਈ:) ਜੋਤੀ ਜੋਤ ਸਮਾਏ ਸਨ।

ਕੋਈ ਸਮਾਂ ਸੀ ਜਦੋਂ ਸਾਧਨਾਂ ਦੀ ਕਮੀ ਕਾਰਨ ਸਿੱਖਾਂ ਵਿੱਚ ਪੜ੍ਹਨ ਦੀ ਬਹੁਤੀ ਰੁਚੀ ਨਹੀ ਸੀ। ਆਪ ਪੜ੍ਹਨ ਅਤੇ ਪਰਖ ਪੜਚੋਲ ਦੀ ਬਜਾਏ, ਪ੍ਰਚਾਰਕਾਂ ਵੱਲੋਂ ਸੁਣਾਈਆਂ ਸਾਖੀਆਂ ਨੂੰ ਹੀ ਸੱਚ ਮੰਨ ਲਿਆ ਜਾਂਦਾ ਸੀ। ਅੱਜ ਸਾਡੇ ਪਾਸ ਬਹੁਤ ਸਾਰੇ ਸਾਧਨ ਹਨ ਅਤੇ ਪ੍ਰਚਾਰਕਾਂ ਦੀ ਨਵੀਂ ਪੀੜ੍ਹੀ, ਕੁਝ ਇਕ ਨੂੰ ਛੱਡ ਕੇ, ਪੜ੍ਹੀ ਲਿਖੀ ਹੈ, ਜੋ ਇਤਿਹਾਸ'ਚ ਦਰਜ ਸਾਖੀਆਂ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਵਿਗਿਆਨਕ ਨਿਯਮਾ ਨਾਲ ਪਰਖ ਪੜਚੋਲ ਕੇ ਪੇਸ਼ ਕਰਦੇ ਹਨ। ਪੜ੍ਹਨ-ਲਿਖਣ ਦੀ ਰੁਚੀ ਰੱਖਣ ਵਾਲੇ ਸੱਜਣ ਇਹ ਜਾਣਦੇ ਹਨ ਕਿ ਬਾਲੇ ਵਾਲੀ ਜਨਮ ਸਾਖੀ ਜੋ ਅੱਜ ਪ੍ਰਚਲਿਤ ਹੈ, ਇਹ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਾਈ, ਜਨਮ ਸਾਖੀ ਨਹੀਂ ਹੈ। ਬਹੁਗਿਣਤੀ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਹੋਈ ਹੈ। ਇਸ ਵਿੱਚ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਸ ਜਨਮ ਸਾਖੀ ਵਿੱਚ ਬੇਅੰਤ ਭੁੱਲਾਂ ਦੇ ਨਾਲ-ਨਾਲ ਗੁਰੂ ਜੀ ਦਾ ਨਿਰਾਦਰ ਕਰਨ ਵਾਲੀਆਂ ਸਾਖੀਆਂ ਵੀ ਦਰਜ ਹਨ। ਜਿਵੇ ਕਿ ਮਝੌਤ ਵਾਲੀ (57) ਅਤੇ ਸਹਿਜ ਕੁਸਹਿਜ ਵਾਲੀ ਸਾਖੀ (75)।

ਹੰਦਾਲ ਦਾ ਜਨਮ, ਸੰਮਤ 1630 ਬਿਕ੍ਰਮੀ ਵਿਚ ਹੋਇਆ ਸੀ। "ਸੰਮਤ ੧੬੩੦ ਵਿਸਾਖ ਸੁਦੀ ਪੂਰਨਮਾਸ਼ੀ ਸਵਾਂਤੀ ਨਿਛੱਤ੍ਰ ਡੇਢ ਪਹਿਰ ਰਾਤ ਰਹਿੰਦੀ ਐਤਵਾਰ ਗੁਰੂ ਜੀ ਦਾ ਜਨਮ ਹੋਇਆ" (ਸ੍ਰੀ ਗੁਰੂ ਹੰਦਾਲ ਪ੍ਰਕਾਸ਼, ਪੰਨਾ 31) (ਯਾਦ ਰਹੇ ਵੈਸਾਖ ਸੁਦੀ ਪੂਰਨਮਾਸ਼ੀ ਨੂੰ 17 ਅਪ੍ਰੈਲ ਦਿਨ ਸ਼ੁੱਕਰਵਾਰ ਸੀ ਨਾਕਿ ਐਤਵਾਰ) ਹੰਦਾਲ ਦੀ ਮੌਤ ਸੰਮਤ ੧੭05 ਬਿਕ੍ਰਮੀ ਨੂੰ ਹੋਈ ਸੀ। ਇਸ ਦੇ ਪੁੱਤਰ ਬਿਧੀ ਚੰਦ ਦਾ ਜਨਮ ਸੰਮਤ 1660 ਬਿਕ੍ਰਮੀ ਅਤੇ ਮੌਤ ਸੰਮਤ 1715 ਬਿਕ੍ਰਮੀ ਨੂੰ ਹੋਈ ਸੀ। ਬਾਲ ਚੰਦ, ਬਿਧੀ ਚੰਦ ਤੋਂ 3 ਸਾਲ ਡਾ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਬਾਲਾ ਹੈ।

ਡਾ. ਗੁਰਬਚਨ ਕੌਰ ਜੀ ਲਿਖਦੇ ਹਨ, "ਬਾਲਾ, ਇਸ ਜਨਮ ਸਾਖੀ ਦਾ ਵਿਸ਼ੇਸ਼ ਪਾਤਰ ਹੈ ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮ ਸਾਖੀ ਦੀਆਂ ਅੰਦਰਲੀਆਂ ਗਵਾਈਆਂ ਦੇ ਅਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਿਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਖੜ ਜੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ"। (ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਣ ਤੇ ਆਲੋਚਨਾਤਮਿਕ ਸੰਪਾਦਨ, ਪੰਨਾ 146) (1987 ਈ: ਛਪੀ ਸੀ 27 ਮਈ 2015 ਈ: ਵਿੱਚ ਫੂਕੀ ਗਈ ਸੀ)

ਕਵੀ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਦ' ਦੇ 37ਵੇਂ ਅਧਿਆਇ "ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਵਿੱਚ ਆਪਣੇ ਸਰੋਤਾਂ ਦਾ ਜਿਕਰ ਕਰਦੇ ਲਿਖਦੇ ਹਨ:

ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ। ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼॥੧੩॥

ਉਪ੍ਰੋਕਤ ਪੰਗਤੀ ਤੋਂ ਸਪੱਸ਼ਟ ਹੈ ਕਿ ਕਵੀ ਭਾਈ ਸੰਤੋਖ ਸਿੰਘ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਜਿਕਰ ਕਰ ਰਹੇ ਹਨ ਜੋ ਇਨ੍ਹਾਂ ਦਾ ਇਤਿਹਾਸਕ ਸਰੋਤ ਹੈ। ਇਸ ਤੋਂ ਅੱਗੇ ਕਵੀ ਜੀ, ਹੰਦਾਲ ਦਾ ਜਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ ਜਿਸ ਵਿੱਚ ਉਸ ਨੇ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਆਨਵ।

ਪੂਰਬ ਪੋਥੀ ਹੁਤੀ ਜੋ ਸੋਈ ਦਈ ਬਿਆਸ ਬੀਚ ਡਬੋਇ॥੨੭॥

ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰੂ ਅੰਗਦ ਲਿਖਵਾਈ।

ਤਿਹ ਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥੨੯॥

ਕਵੀ ਸੰਤੋਖ ਸਿੰਘ ਦੀ ਉਪ੍ਰੋਕਤ ਲਿਖਤ ਤੋਂ ਇਹ ਸਪੱਸ਼ਟ ਹੈ, ਕਵੀ ਦੀ ਜਾਣਕਾਰੀ ਦਾ ਵਸੀਲਾ ਭਾਈ ਬਾਲੇ ਵਾਲੀ ਮਿਲਾਵਟੀ ਜਨਮ ਸਾਖੀ ਹੈ। "ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ"। ਕਵੀ ਜੀ ਲਿਖਦੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ'ਚ ਰੋੜ ਦਿੱਤਾ ਸੀ। ਜੇ ਇਹ ਸੱਚ ਹੈ ਤਾਂ ਇਹ ਘਟਨਾ ਸੰਮਤ 1715 ਬਿਕ੍ਰਮੀ (1658 ਈ:) ਤੋਂ ਪਹਿਲਾ ਦੀ ਹੀ ਹੋ ਸਕਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਵੀ ਜੀ ਖ਼ੁਦ ਮੰਨਦੇ ਹਨ ਕਿ ਉਨ੍ਹਾਂ ਦਾ ਸਰੋਤ ਹੰਦਾਲੀਆਂ ਵਾਲੀ ਮਿਲਾਵਟੀ ਜਨਮ ਸਾਖੀ ਹੈ ਤਾ ਉਨ੍ਹਾਂ ਦੀ ਲਿਖਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਸ਼ਵਾਸ ਯੋਗ ਕਿਵੇਂ ਮੰਨੀ ਜਾ ਸਕਦੀ ਹੈ?

ਇਸ ਜਨਮ ਸਾਖੀ ਬਾਰੇ ਕਰਮ ਸਿੰਘ ਹਿਸਟੋਰੀਅਨ ਦੀ ਖੋਜ ਦਾ ਤੱਤ ਸਾਰ, "ਪਾਠਕ ਜੀ! ਮੈਂ ਭਾਈ ਗੁਰਮੁਖ ਸਿੰਘ ਜੀ ਸਵਰਗਵਾਸੀ ਨਾਲ ਇਕ ਸੁਰ ਹੋ ਦੁਹਾਈ ਦੇ ਕੇ ਆਖਦਾ ਹਾਂ ਕਿ ਇਹ ਸਾਖੀ ਸ਼ੁਰੂ ਤੋਂ ਲੈ ਕੇ ਅਖੀਰ ਤਕ ਜਾਲੀ ਹੈ, ਝੂਠੀ ਹੈ, ਬਨਾਉਟੀ ਹੈ, ਨਿੰਦਿਆ ਨਾਲ ਭਰੀ ਪਈ ਹੈ, ਸੁਨਣ ਦੇ ਯੋਗ ਨਹੀ, ਦੇਖਣ ਦੇ ਕੰਮ ਨਹੀਂ, ਮੰਨਣ ਦੇ ਲੈਕ ਨਹੀਂ, ਏਸ ਨੂੰ ਬੰਨ੍ਹ ਕੇ ਅਜਿਹੇ ਥਾਂ ਪੁਚਾਉਣਾ ਚਾਹੀਂਏ ਜਿਥੋਂ ਇਸ ਦਾ ਖੁਰਾ ਖੋਜ ਨਾ ਮਿਲੇ"। (ਕੱਤਕ ਕਿ ਵਿਸਾਖ- ਪੰਨਾ 131)

ਪੁਰਾਤਨ ਜਨਮ ਸਾਖੀਆਂ, ਪੋਥੀ ਸੱਚ ਖੰਡ (1619 ਈ:), ਜਨਮ ਪਤ੍ਰੀ ਬਾਬੇ ਜੀ ਕੀ (1597 ਈ:) ਅਤੇ ਸਾਖੀ ਮਹਿਲ ਪਹਿਲੇ ਕੀ (1574 ਈ:) ਵਿੱਚ ਕਿਤੇ ਵੀ ਭਾਈ ਬਾਲੇ ਦਾ, ਗੁਰੂ ਨਾਨਕ ਜੀ ਦੇ ਨਿਕਟਵਰਤੀ ਵਜੋਂ ਜਿਕਰ ਨਹੀਂ ਹੈ। ਸਪੱਸ਼ਟ ਹੈ ਕਿ ਭਾਈ ਬਾਲੇ ਨਾਮ ਦਾ ਕੋਈ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਨਹੀਂ ਸੀ। ਭਾਈ ਬਾਲੇ ਵਾਲੀ ਮੌਜੂਦਾ ਜਨਮ ਸਾਖੀ, ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਹੋਈ ਨਹੀਂ ਹੈ। ਇਸ ਜਨਮਸਾਖੀ ਦੇ ਆਰੰਭ ਵਿੱਚ ਲਿਖੀ ਤਾਰੀਖ ਇਸ ਨੂੰ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੱਗ ਭੱਗ 14 ਸਾਲ ਪਹਿਲਾ ਦੀ ਲਿਖੀ ਦੱਸ ਰਹੀ ਹੈ। ਇਸ ਦੇ ਆਰੰਭ ਵਿੱਚ ਲਿਖਿਆ ਸਾਲ (1582) ਅਤੇ ਅੰਤ ਵਿੱਚ ਦਰਜ ਇਸ ਦੇ ਲਿਖੇ ਜਾਣ ਦੇ ਸਾਲ (1715) ਵਿੱਚ 133 ਸਾਲ ਦਾ ਫਰਕ ਹੈ।

"੧ੳ ਸਤਿਗੁਰ ਪ੍ਰਸਾਦਿ ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ - ਸੰਮਤ 1582 ਪੰਦ੍ਰਹ ਸੈ ਬਿਆਸੀਆਂ ਮਿਤੀ ਵੈਸਾਖ ਸੁਦੀ ਪੰਚਮੀਂ" ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ" ਗੁਰੂ ਅੰਗਦ ਲਖਵਾਈ ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੌ ਢੂਢਿ ਕੈ ਲਧਾ ਆਹਾ॥ ਦੁਇ ਮਹੀਨੇ ਸਤਾਰਹ ਦਿਨ ਲਿਖਦਿਆ ਲਗੇ ਅਹੇ। ਜੋ ਹਕੀਕਤ ਜਿਥੇ ਜਿਥੇ ਫਿਰੇ ਆਹੈ ਤਿਥੋ ਤਿਥੋ ਦੀ ਹਕੀਕਤ ਸਹਜਿ ਨਾਲ ਭਾਈ ਬਾਲੇ ਲਖਾਈ। ਬਾਲੇ ਉਪਰਿ ਗੁਰੂ ਅੰਗਦ ਬਹੁਤੁ ਖੁਸੀ ਹੋਇਆ।

ਭਾਈ ਬਾਲੇ ਅਤੇ ਮੁਰਦਾਨਾ ਰਬਾਬੀ ਨਾਲਿ ਫਿਰੇ ਆਹਾ ਮੋਦੀਖਾਨੇ ਕੇ ਤਖਤ, ਬਾਲਾ ਨਾਲੇ ਆਹਾ। ਸਭ ਤੋਂ ਮਹੱਤਵ ਪੂਰਨ ਸਵਾਲ ਹੈ, ਗੁਰੂ ਅੰਗਦ ਦੇਵ ਜੀ ਵੱਲੋਂ ਭਾਈ ਬਾਲੇ ਨੂੰ ਪੁੱਛਣਾ, "ਸਿਖਾ ਕਿਥੋਂ ਆਇਓ ਸੁ ਕਿਵ ਕਰਿ ਆਵਣ ਹੋਇਆ ਹੈ ਜੀ। ਕਉਣ ਹੁੰਦੇ ਹੋ"? ਕੀ ਇਸ ਜਨਮ ਸਾਖੀ ਦੇ ਅੰਦਰਲੀਆਂ ਗਵਾਈਆਂ ਹੀ ਇਸ ਨੂੰ ਰੱਦ ਕਰਨ ਲਈ ਕਾਫੀ ਨਹੀਂ ਹਨ? ਬਾਲਾ, ਇਕ ਕਾਲਪਨਿਕ ਪਾਤਰ ਹੈ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਮੌਜੂਦਾ ਜਨਮ ਸਾਖੀ ਝੂਠੀ ਅਤੇ ਜਾਹਲੀ ਹੈ। ਸਾਡਾ ਇਹ ਦਾਵਾ ਉਨ੍ਹਾਂ ਚਿਰ ਕਾਇਮ ਰਹੇਗਾ, ਜਿੰਨਾ ਚਿਰ ਸਬੰਧਿਤ ਧਿਰਾਂ ਸੰਮਤ 1596 ਬਿਕ੍ਰਮੀ (1539-40 ਈ:) ਦੀ ਲਿਖੀ ਹੋਈ ਭਾਈ ਬਾਲੇ ਦੀ ਅਸਲ ਲਿਖਤ ਪੇਸ਼ ਨਹੀ ਕੀਤੀ ਜਾਂਦੀ।

# ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਖੂਬਸੂਰਤ ਵਰਣਨ : ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼

ਲਿਖਤ ਬਲਵਿੰਦਰ ਬਾਲਮ ਗੁਰਦਾਸਪੁਰ
ਮੋ. 98156-25409

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕੁਦਰਤ ਦਾ ਖੂਬਸੂਰਤ ਵਰਣਨ ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼ ਹੈ। ਗੁਰੂ ਜੀ ਨੇ ਮਾਨਵਤਾ ਦੇ ਸਿੱਧੇ ਰਸਤੇ ਪਾਉਣ ਲਈ, ਅਧਿਆਤਮਿਕਤਾ ਦੇ ਸੱਚੇ ਰਸਤੇ ਉਪਰ ਚੱਲਣ ਲਈ ਸ਼ਬਦਾਂ ਦੇ ਰੂਪ ਵਿਚ ਬਾਣੀ ਦੀ ਖੋਜ ਕੀਤੀ ਹੈ। ਕਵੀ ਬਾਬਾ ਨਾਨਕ ਨੇ ਆਪਣੀ ਕਵਿਤਾ ਵਿਚ (ਬਾਣੀ ਵਿਚ) ਅਨੇਕਾਂ ਹੀ ਛੋਟੀਆਂ ਵੱਡੀਆਂ ਬਹਿਰਾਂ (ਵਜ਼ਨ) ਦਾ ਪ੍ਰਯੋਗ ਕੀਤਾ ਹੈ। ਇਹ ਬਹਿਰਾਂ ਉਨ੍ਹਾਂ ਦੇ ਹਿਰਦੇ 'ਚੋਂ ਆਪਣੇ ਆਪ ਵਾਹਿਗੁਰੂ ਦੀ ਦਾਤ ਬਣਕੇ ਉਤਰੀਆਂ।

ਕਵੀ ਬਾਬਾ ਨਾਨਕ ਨੇ ਧੁਰੋਂ ਉਤਰੀ ਬਾਣੀ ਨੂੰ ਆਪਣੇ ਸ਼ਬਦਾਂ ਵਿਚ ਪਿਰੋ ਕੇ ਮਾਨਵਤਾ ਲਈ ਸੁਰਜਤਾ ਪੈਦਾ ਕੀਤੀ ਹੈ। ਆਪਣੀ ਬਾਣੀ ਵਿਚ ਗੁਰੂ ਜੀ ਨੇ ਏਨੀਆਂ ਬਹਿਰਾਂ ਦਾ ਪ੍ਰਯੋਗ ਕੀਤਾ ਹੈ, ਜਿਨ੍ਹਾਂ ਦਾ ਜ਼ਿਕਰ ਹੋਰ ਕਿਸੇ ਗ੍ਰੰਥ ਵਿਚ ਨਹੀਂ ਮਿਲਦਾ। ਉਨ੍ਹਾਂ ਜੋ ਕੁਝ ਅੱਖੀਂ ਵੇਖਿਆ ਉਸਨੂੰ ਆਪਣੀ ਅੱਖਰ ਜਨਨੀ ਵਿਚ ਪਿਰੋ ਕੇ ਖੂਬਸੂਰਤ ਐਨ ਢੁਕਦੇ ਬਿੰਬਾਂ, ਪ੍ਰਤੀਕਾਂ, ਰਾਹੀਂ ਸਮਾਜ ਅੱਗੇ ਪੇਸ਼ ਕੀਤਾ ਹੈ। ਮਗਰ ਅਤਿ ਮੁਸ਼ਕਿਲ ਅਤੇ ਆਸਾਨ ਬਹਿਰਾਂ ਦੀ ਜਾਣਕਾਰੀ ਲੈਣੀ ਹੋਵੇ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ, ਘੋਖਿਆ ਜਾਵੇ।

ਕਵੀ ਬਾਬਾ ਨਾਨਕ ਨੇ ਆਪਣੀ ਬਾਣੀ ਵਿਚ ਕੁਦਰਤ ਅਤੇ ਸ੍ਰਿਸ਼ਟੀ ਦੇ ਕਣ-ਕਣ ਉਪਰ ਲਿਖਿਆ ਹੈ, ਪਰ ਅਸੀਂ ਇਥੇ ਸਿਰਫ਼ ਕਵੀ ਬਾਬਾ ਨਾਨਕ ਬਾਣੀ ਵਿਚ ਰੁੱਖ, ਮੌਸਮ, ਵਾਤਾਵਰਣ (ਕੁਦਰਤ) ਦੇ ਮਨਮੋਹਣੇ ਸੰਦੇਸ਼ਮਈ ਅਲੰਕਾਰਾਂ, ਪ੍ਰਤੀਕਾਂ, ਬਿੰਬਾਂ ਦਾ ਹੀ ਉਲੇਖ ਕੀਤਾ ਹੈ। ਜਿਸ ਖੂਬਸੂਰਤੀ ਅਤੇ ਅਧਿਆਤਮਿਕਤ ਸੱਚਖੰਡ ਦੀ ਸ਼ਕਤੀ ਨਾਲ ਬਾਣੀ ਲਿਖਕੇ ਮਾਨਵਤਾ ਨੂੰ ਜ਼ਿੰਦਗੀ ਦੇ ਸਹੀ ਅਰਥ ਸਮਝਾ ਦਿੱਤੇ ਹਨ।

ਗੁਰੂ ਜੀ ਆਖਦੇ ਹਨ, "ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ" ਕੁਦਰਿਤ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ" ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ" ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ। ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਆ ਜਹਾਨ" ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ" ਕੁਦਰਤਿ ਪਾਉਣ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕੁ" ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਦਾ ਪਾਕੀ ਨਾਈ ਪਾਕੁ" ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕ"

ਭਾਵ ਕਿ ਜੀਵਾਂ ਦਾ ਵੇਖਣਾ, ਸੁਣਨਾ, ਵਾਹਿਗੁਰੂ ਦੇ ਡਰ ਅੰਦਰ ਰਹਿਣਾ, ਸੁਖ ਭੋਗਣੇ ਸਭ ਵਾਹਿਗੁਰੂ ਜੀ ਦੀ ਕੁਦਰਤ ਹੈ। ਪਾਤਾਲ, ਆਕਾਸ਼, ਸਾਰੇ ਆਕਾਰਾਂ ਦੀ ਸਿਰਜਣਾ ਵਾਹਿਗੁਰੂ ਜੀ ਦੀ ਕੁਦਰਤ ਹੈ। ਵੇਦ ਆਦਿ ਧਰਮਾਂ ਗ੍ਰੰਥਾਂ ਦੀ ਰਚਨਾ ਹੋਈ ਅਤੇ ਇਨ੍ਹਾਂ ਦੇ ਵੀਚਾਰਾਂ ਦਾ ਫੈਲਾਉ ਹੋਣਾ ਵਾਹਿਗੁਰੂ ਜੀ ਤੇਰੀ ਕੁਦਰਤ ਹੈ। ਜੀਵਾਂ ਦਾ ਖਾਣ ਪੀਣ, ਕਪੜੇ ਆਦਿ ਪਾਉਣ ਦੇ ਢੰਗ ਤਰੀਕੇ ਅਤੇ ਤਰ੍ਹਾਂ ਤਰ੍ਹਾਂ ਦੇ ਪ੍ਰੇਮ ਆਦਿ ਪਰਮਾਤਮਾ ਦੀ ਕੁਦਰਤ ਦਾ ਹਿੱਸਾ ਹਨ। ਅਨੇਕਾਂ ਜਾਤਾਂ, ਜਿਨਸਾਂ, ਰੰਗਾਂ ਅਨੁਸਾਰ ਜੀਵਾਂ ਦੀ ਸਿਰਜਣਾ, ਸੰਸਾਰ ਵਿਚ ਨੇਕੀਆਂ ਬਦੀਆਂ, ਅਨੇਕਾਂ ਮਾਨ-ਮਰਿਆਦਾ, ਅਨੇਕਾਂ ਤਰ੍ਹਾਂ ਦੇ ਹੰਕਾਰ, ਹਵਾ ਪਾਣੀ ਅੱਗ ਧਰਤੀ ਦੀ ਬਣਤਰ ਆਦਿ। ਹੇ ਵਾਹਿਗੁਰੂ ਜੀ! ਸਭ ਤੇਰੀ ਕੁਦਰਤ ਹੈ ਅਤੇ ਤੂੰ ਇਸ ਕੁਦਰਤ ਦਾ ਕਰਤਾ ਮਾਲਿਕ ਹੈ ਅਤੇ ਤੇਰੀ ਵਡਿਆਈ ਬੜੀ ਪਾਕ-ਪਵਿੱਤਰ ਹੈ। ਇਹ ਸਾਰਾ ਕੁਝ ਤੇਰੇ ਹੁਕਮ ਅੰਦਰ ਹੈ ਅਤੇ ਤੂੰ ਇਸ ਸਾਰੇ ਵਰਤਾਰੇ ਨੂੰ ਇਕੱਲਾ ਖੁਦ ਹੀ ਦੇਖ, ਸੰਭਾਲ ਕਰ ਰਿਹਾ ਹੈ।

ਸੰਦੇਸ਼ :- ਉਹ ਵਾਹਿਗੁਰੂ, ਪਰਮਾਤਮਾ ਕਣ-ਕਣ ਵਿਚ ਬਿਰਾਜਮਾਨ ਹੈ ਅਤੇ ਕੁਦਰਤ ਦੀ ਸਾਰੀ ਹੋਂਦ ਉਸਦੀ ਕਿਰਪਾ ਸਦਕੇ ਹੀ ਹੈ। ਮਨੁੱਖ ਨੂੰ ਕੁਦਰਤ ਦੇ ਨਿਯਮਾਂ ਅਤੇ ਅਨੁਸ਼ਾਸਨ ਤੋਂ ਸਬਕ ਲੈਣਾ ਚਾਹੀਦਾ ਹੈ। ਕੁਦਰਤ ਦਾਨ ਕਰਦੀ ਹੈ, ਦਾਨ ਲੈਂਦੀ ਨਹੀਂ। ਆਕਾਸ਼, ਧਰਤੀ, ਪਾਣੀ, ਹਵਾ, ਅੱਗ ਆਦਿ ਮਨੁੱਖ ਨੂੰ ਦਾਨ ਕਰਦੇ ਹਨ। ਮਨੁੱਖ ਵੀ ਦੂਸਰਿਆਂ ਦੀ ਮਦਦ ਕਰੇ ਆਦਿ।

ਗੁਰੂ ਜੀ ਆਖਦੇ ਹਨ:- "ਜਾ ਕੇ ਰੁਖ ਬਿਰਖ ਆਰਾਉ" ਜੇਹੀ ਧਾਤੁ ਤੇਹਾ ਤਿਨ ਨਾਉ" ਫੁਲੁ ਭਾਉ ਫਲੁ ਲਿਖਿਆ ਪਾਇ" ਆਪਿ ਬੀਜਿ ਆਪੇ ਹੀ ਖਾਇ"

ਭਾਵ ਕਿ ਜਿਸ ਮਾਲੀ ਨੇ ਰੁੱਖ, ਦਰਖਤ, ਬੂਟੇ ਲਗਾਏ ਹੁੰਦੇ ਨੇ, ਉਹ ਹੀ ਉਨ੍ਹਾਂ ਨੂੰ ਸੰਵਾਰਦਾ ਹੈ ਅਤੇ ਜਿਸ ਤਰ੍ਹਾਂ ਦਾ ਬੂਟੇ ਦਾ ਜੀਵਨ ਹੁੰਦਾ ਹੈ, ਉਸੇ ਹਿਸਾਬ ਨਾਲ, ਉਹੋ ਜਿਹਾ ਉਸਦਾ ਨਾਂਅ ਪੈ ਜਾਂਦਾ ਹੈ। ਮਨੁੱਖ ਦੇ ਜੀਵਨ ਦੇ ਜਿਸ ਤਰ੍ਹਾਂ ਫੁੱਲ ਹੁੰਦੇ ਹਨ, ਉਸੇ ਹੀ ਹਿਸਾਬ ਨਾਲ ਉਸਦਾ ਫਲ ਪੈਂਦਾ ਹੈ। ਜੋ ਕਰਮ ਕਰੇ ਉਸੇ ਹਿਸਾਬ ਨਾਲ ਫਲ ਮਿਲੇਗਾ। ਮਨੁੱਖ ਜੋ ਬੀਜਦਾ ਹੈ ਉਸਦਾ ਹੀ ਫਲ ਉਸਨੂੰ ਖਾਣਾ ਪੈਂਦਾ ਹੈ।

ਸੰਦੇਸ਼:-ਮਨੁੱਖ ਨੂੰ ਚੰਗੇ-ਮਾੜੇ ਕਰਮਾਂ ਦੇ ਹਿਸਾਬ ਨਾਲ ਹੀ ਸਭ ਕੁਝ ਮਿਲਦਾ ਹੈ। ਆਦਮੀ ਜਿਸ ਤਰ੍ਹਾਂ ਦਾ ਕਰਮ ਕਰਦਾ ਹੈ, ਉਸਨੂੰ ਫਲ ਵੀ ਉਸੇ ਤਰ੍ਹਾਂ ਨਾਲ ਮਿਲਦਾ ਜਾਂਦਾ ਹੈ। ਮਨੁੱਖ ਨੇਕ ਕਰਮ ਕਰੇ।

ਗੁਰੂ ਜੀ ਕਹਿੰਦੇ ਹਨ:- "ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ" ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ" ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ" ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ"

ਭਾਵ ਕਿ ਗੁਰੂ ਇਕ ਸੋਨੇ ਦਾ ਰੁੱਖ ਹੈ, ਜਿਸਦੇ ਪੱਤੇ ਮੂੰਗੇ ਹਨ ਅਤੇ ਫੁੱਲ ਜਵਾਹਰ ਲਾਲ ਹਨ। ਅਮੋਲਕ ਬਚਨ ਫਲ ਹਨ, ਇਸ ਕਰਕੇ ਗੁਰੂ ਦੇ ਬਚਨਾਂ ਨੂੰ ਹੀ ਹਿਰਦੇ ਦੇ ਅੰਦਰ ਰੱਖ ਲੈ ਅਤੇ ਮੂੰਹ ਮੱਥੇ ਉਪਰ ਸ਼ੁੱਧ ਕਰਮ ਹੋਵੇ, ਤਾਂ ਗੁਰੂ ਦੇ ਚਰਨਾਂ ਨੂੰ ਹੀ 68 ਤੀਰਥ ਸਮਝ, ਵਿਸ਼ੇਸ ਜਾਣ।

ਸੰਦੇਸ਼:- ਤੀਰਥਾਂ ਆਦਿ 'ਤੇ ਜਾਣ ਨਾਲੋਂ ਚੰਗਾ ਹੈ, ਕਿ ਗੁਰੂ ਦੇ ਚਰਨਾਂ ਨੂੰ ਹੀ ਸਭ ਕੁਝ ਸਮਝ। ਗੁਰੂ ਦੀ ਭਗਤੀ ਨਾਲ, ਵਾਹਿਗੁਰੂ ਦੀ ਸਾਧਨਾ ਨਾਲ ਜੁੜਣ ਵਾਲੇ ਮਨੁੱਖ ਹੀ ਸੱਚਾ ਮਾਰਗ ਲਭਦੇ ਹਨ। ਭਟਕਣਾ ਮਨੁੱਖ ਲਈ ਗਿਰਾਵਟ ਹੈ। ਗੁਰੂ ਸਾਹਿਬ ਨੇ ਗੁਰੂ ਨੂੰ ਰੱਖਾਂ ਵਾਂਗ ਕੁਦਰਤ ਦੀ ਕਿਰਪਾ ਵਾਂਗ ਦੱਸਿਆ ਹੈ। ਮਨੁੱਖ ਵਹਿਮਾਂ ਭਰਮਾਂ ਵਿਚ ਨਾ ਪਵੇ ਆਦਿ।

ਕਵੀ ਗੁਰੂ ਨਾਨਕ ਕਹਿੰਦੇ ਹਨ:- " ਗਾਵਿਨ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।"

ਭਾਵ ਕਿ ਪਰਮਾਤਮਾ ਦੀ ਉਸਤਤ ਤਾਂ ਹਵਾ ਪਾਣੀ ਅੱਗ ਵੀ ਗਾਉਂਦੇ ਹਨ, ਰਾਜੇ ਮਹਾਂਰਾਜੇ ਅਤੇ ਧਰਮ ਸਥਾਨਾਂ 'ਤੇ ਵੀ ਉਸਦੀ ਮਹਿਮਾ ਹੈ।

ਸੰਦੇਸ਼:-ਮਨੁੱਖ ਨੂੰ ਵੀ ਕੁਦਰਤ ਦੀ ਉਸਤਤ ਕਰਦੀ ਚਾਹੀਦੀ ਹੈ, ਉਸਦੀ ਮਰਿਆਦਾ ਵਿਚ ਰਹੇ, ਉਸਦਾ ਨਾਮ ਜਪੇ ਜਿਸਨੇ ਸਾਰੀ ਸ੍ਰਿਸ਼ਟੀ ਥਾਪੀ ਹੈ।

ਗੁਰੂ ਜੀ ਕਹਿੰਦੇ ਹਨ:- "ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ" ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ"

ਭਾਵ ਕਿ ਉਹ ਵਾਹਿਗੁਰੂ (ਪਰਮਾਤਮਾ) ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਅਤੇ ਪਾਲਣਹਾਰ ਹੈ, ਜੋ ਪਰਮਾਤਮਾ ਦੇ ਗੁਣ ਗਾਉਂਦਾ ਹੈ, ਜਿਸਨੇ ਸਭ ਨੂੰ ਜਨਮ ਦਿੱਤਾ ਹੈ। ਸਭ ਨੂੰ ਉਸਦਾ ਹੀ ਆਸਾਰਾ ਹੈ। ਨਾਨਕ ਦਾਸ ਵੀ ਉਸ ਕਰਤੇ ਦੇ ਗੁਣ ਗਾਉਂਦਾ ਹੈ ਜੋ ਸਾਰਿਆਂ ਦੀ ਗੱਲ ਜਾਣਦਾ ਹੈ।

ਸੰਦੇਸ਼:- ਜਿਸ ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਰਚੀ ਹੈ। ਸਭ ਦਾ ਪਾਲਣਹਾਰ ਹੈ, ਉਸਨੂੰ ਮਨੁੱਖ ਸਦਾ ਯਾਦ ਰੱਖੇ ਅਤੇ ਉਸਦੇ ਨਾਮ ਵਿਚ ਸਧਾ ਲੀਨ ਰਵੇ, ਤਾਂ ਹੀ ਮਨੁੱਖ ਦਾ ਜਨਮ ਸਫ਼ਲ ਹੋ ਸਕਦਾ ਹੈ।

ਗੁਰੂ ਜੀ ਕਹਿੰਦੇ ਹਨ:-"ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ਤਾਂ ਵਾਪਾਰੀ ਜਾਣੀਅਹੁ ਲਾਹਾ ਲੈਜਾਵਹੁ"

ਭਾਵ ਕਿ ਧਰਮ ਨੂੰ ਧਰਤੀ ਦੀ ਤਰ੍ਹਾਂ ਬਣਾਓ, ਸੱਚਾਈ ਨੂੰ ਬੀਜ ਦੀ ਤਰ੍ਹਾਂ ਬਣਾਕੇ ਇਸ ਤਰ੍ਹਾਂ ਦੀ ਖੇਤੀ ਕਰੋ ਤਾਂ ਉਸ ਪ੍ਰਭੂ ਦੇ ਨਾਮ ਨੂੰ ਸਮਝ ਜਾਉਗੇ।

ਸੰਦੇਸ਼:-ਮਨੁੱਖ ਨੂੰ ਖੂਬਸੂਰਤ ਪ੍ਰਤੀਕਾਂ ਨਾਲ ਸਮਝਾਇਆ ਗਿਆ ਹੈ, ਕਿ ਧਰਤੀ ਵਰਗਾ ਧਰਮ ਹੋਵੇ, ਧਰਮ ਦਾਨੀ ਹੋਵੇ, ਨਿਸ ਸਵਾਰਥ ਹੋਵੇ, ਬਸ ਦੇਵੇ ਹੀ ਦੇਵੇ, ਲਵੇ ਕੁਝ ਨਾ, ਸੱਚ ਵਰਗਾ ਧਰਮ ਹੋਵੇ, ਧਰਤੀ ਵਾਂਗ ਇਸਦੀ ਪੂਜਾ ਹੋਵੇ। ਧਰਤੀ ਵਰਗੀ ਸ਼ਹਿਨਸ਼ਕਤੀ ਹੋਵੇ। ਸੱਚਾਈ ਨੂੰ ਬੀਜ ਦੀ ਤਰ੍ਹਾਂ ਸਮਝ, ਜਿਸ ਤਰ੍ਹਾਂ ਬੀਜ ਧਰਤੀ 'ਚੋਂ ਉਗ ਕੇ ਹਰਿਆਵਲ ਦਿੰਦਾ ਹੈ, ਮਨੁੱਖ ਤੂੰ ਵੀ ਇੰਝ ਦਾ ਬਣ। ਇਸ ਤਰ੍ਹਾਂ ਦੀ ਕਰਮਰੂਪੀ ਖੇਤੀ ਕਰ, ਤਾਂ ਜੋ ਤੇਰਾ ਕਰਮ ਸ਼ੁੱਧ-ਸੁਖਦਾਇਕ ਹੋਵੇ।

"ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ" ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ।"

ਭਾਵ ਕਿ ਅੰਮ੍ਰਿਤ ਦਾ ਰੁੱਖ ਇਕ ਹੀ ਹੈ, ਜਿਸਦਾ ਫਲ ਵੀ ਅੰਮ੍ਰਿਤ ਵਰਗਾ ਹੈ। ਜੋ ਸੱਚ ਨਾਲ ਰੱਜ ਗਏ ਹਨ, ਜਿਨ੍ਹਾਂ ਅੰਮ੍ਰਿਤ ਫਲ ਦਾ ਸਵਾਦ ਚੱਖਿਆ ਹੈ, ਉਨ੍ਹਾਂ ਨੂੰ ਅਗਿਆਨ ਨਹੀਂ, ਨਾ ਹੀ ਕਿਸੇ ਨਾਲ ਮਤਭੇਦ ਜਾਂ ਫਰਕ ਹੈ, ਪਰਮਾਤਮਾ ਨਾਲ ਰਸਨਾ ਰੰਗੀ ਗਈ ਹੈ। ਭਾਵ ਕਿ ਜੋ ਮਨੁੱਖ ਉਸਦੇ ਸੱਚੇ ਨਾਮ ਨਾਲ ਜੁੜ ਜਾਂਦੇ ਹਨ, ਉਨ੍ਹਾਂ ਵਿਚ ਛੋਟਾ-ਵੱਡਾ, ਉਚਾ-ਨੀਵਾਂ ਕੁਝ ਨਈ ਰਹਿ ਜਾਂਦਾ, ਉਹ ਮਨੁੱਖ ਉਸ ਹਰੀ ਦੇ ਨਾਮ ਵਿਚ ਰੰਗੇ ਜਾਂਦੇ ਹਨ।

ਸੰਦੇਸ਼:-ਜੋ ਸਾਧਕ, ਜੋ ਮਨੁੱਖ ਉਸ ਪ੍ਰਭੂ ਨਾਲ ਇਕਮਿਕ ਹੋ ਜਾਂਦੇ ਹਨ, ਉਹ ਧੰਨ ਪੁਰਸ਼ ਹਨ। ਉਨ੍ਹਾਂ ਨੂੰ ਕਿਸੇ ਵਿਚ ਕੋਈ ਫਰਕ ਨਜ਼ਰ ਨਹੀਂ ਆਉਂਦਾ। ਸਭ ਬਰਾਬਰ ਨਜ਼ਰ ਆਉਂਦੇ ਹਨ। ਮਨੁੱਖ ਨੂੰ ਸੱਚ ਦੇ ਰਸਤੇ ਚਲ ਕੇ ਮਾਨਵਤਾ ਨੂੰ ਪਿਆਰ ਕਰਨਾ ਚਾਹੀਦਾ ਹੈ ਆਦਿ।

"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ" ਓਇ ਜਿ ਆਵਹਿ ਆਸ ਕਰ ਜਾਹਿ ਨਿਰਾਸੇ ਕਿਤੁ" ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ" ਮਿਠਤੁ ਨੀਵੀ ਨਾਨਕਾ ਗੁਰਣ ਚੰਗਿਆਈਆ ਤਤੁ"

ਭਾਵ ਕਿ ਗੁਰੂ ਸਾਹਿਬ ਨੇ ਕਿੰਨੀ ਖੂਬਸੂਰਤ ਤਸਬੀਹ ਨਾਲ ਮਨੁੱਖ ਨੂੰ ਸਮਝਾਇਆ ਹੈ। ਸਿੰਮਲ ਦਾ ਰੁੱਖ ਸਿੱਧਾ ਲੰਬਾ ਅਤੇ ਗੁੱਛੇਦਾਰ ਹੁੰਦਾ ਹੈ। ਇਸ ਉਪਰ ਜੇਕਰ ਕੋਈ ਆਸ ਕਰਕੇ ਆਵੇ, ਤਾਂ ਉਹ ਨਿਰਾਸ਼ ਹੋ ਕੇ ਜਾਂਦਾ ਹੈ, ਕਿਉਂਕਿ ਇਸਦੇ ਫਲ ਫਿੱਕੇ ਅਤੇ ਫੁੱਲ ਬਕਬਕੇ ਹੁੰਦੇ ਹਨ ਅਤੇ ਪੱਤੇ ਕਿਸੇ ਵੀ ਕੰਮ ਨਹੀਂ ਆਉਂਦੇ।

ਸੰਦੇਸ਼:-ਭਾਵ ਕਿ ਕਦ-ਕਾਠ ਦੇ ਉਚੇ ਵਿਅਕਤੀ ਕੋਲ ਜੇ ਗੁਣ ਨਹੀਂ, ਉਹ ਕਿਸੇ ਦੇ ਕੰਮ ਨਹੀਂ ਆਉਂਦਾ, ਤਾ ਉਹ ਬੇਕਾਰ ਹੈ। ਸਮਾਜ ਵਿਚ ਉਸਦੀ ਕੋਈ ਕਦਰ ਨਹੀਂ। ਜਿਸਦਾ ਸੁੱਖ ਕੋਈ ਨਹੀਂ, ਉਹ ਵਿਅਕਤੀ ਵੀ ਕੀ ਏ? ਨੀਵੀਂ ਚੀਜ਼ ਮਿੱਠੀ ਹੈ, ਤਾਂ ਉਸ ਵਿਚ ਚੰਗਿਆਈ ਦੇ ਤੱਤ ਹੁੰਦੇ ਹਨ। ਨੀਵੇਂ (ਨਿਮਰਤਾ) ਅਤੇ ਗੁਣਾਂ ਵਾਲੇ ਇਨਸਾਨ ਵਿਚ ਚੰਗਿਆਈ ਦੇ ਸਾਰੇ ਤੱਤ ਹੁੰਦੇ ਹਨ ਆਦਿ।

"ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।"

ਭਾਵ ਕਿ ਅਸਮਾਨ ਰੂਪੀ ਥਾਲ ਹੈ ਜਿਸ ਵਿਚ ਸੂਰਜ ਚੰਨ ਦੀਵੇ ਧਰੇ ਹੋਏ ਹਨ ਅਤੇ ਤਾਰਿਆਂ ਦਾ ਸਮੂਹ ਮੋਤੀ ਹਨ। ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦਾ ਸੁਹਣਾ ਚਿਤਰਨ ਆਰਤੀ ਦੇ ਰੂਪ ਵਿਚ ਕੀਤਾ ਹੈ। ਇਸ ਆਰਤੀ ਵਿਚ ਏਨੇ ਸ਼ਕਤੀਸ਼ਾਲੀ ਸ਼ਬਦ ਹਨ, ਜਿਸ ਨਾਲ ਵਾਤਾਵਰਣ ਅਤੇ ਮਾਨਵ ਦਾ ਹਿਰਦਾ ਸ਼ਾਂਤਮਈ ਅਤੇ ਅਧਿਆਤਮਿਕ ਹੋ ਜਾਂਦਾ ਹੈ, ਕੁਦਰਤ ਨਾਲ ਓਤ-ਪ੍ਰੋਤ ਹੋ ਜਾਂਦਾ ਹੈ।

ਸੰਦੇਸ਼:- ਇਸ ਆਰਤੀ ਨਾਲ ਮਾਨਵਤਾ ਅਤੇ ਵਾਤਾਵਰਣ ਸ਼ੁੱਧ ਹੁੰਦੇ ਹਨ। ਇਸ ਵਿਚ ਬੈਠੇ ਸ਼ਕਤੀਸ਼ਾਲੀ ਸ਼ਬਦ ਹਨ, ਉਨ੍ਹਾਂ ਦੀ ਖੁਸ਼ਬੂ ਨਾਲ, ਉਨ੍ਹਾਂ ਦੇ ਉਚਾਰਣ ਨਾਲ ਸਭ ਕੁਝ ਸ਼ੁੱਧ ਹੋ ਜਾਂਦਾ ਹੈ। ਮਨੁੱਖ ਨੂੰ ਕੁਦਰਤ ਵਾਂਗੂ ਵਿਚਰਨਾ ਚਾਹੀਦਾ ਹੈ।

"ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ" ਸੋ ਫਲ ਕੰਮਿ ਨਾ ਆਵਨੀ ਤੇ ਗੁਣ ਮੈ ਤਨਿ-ਹੰਨਿ"

ਭਾਵ ਕਿ ਮੇਰਾ (ਮਨੁੱਖ ਦਾ) ਸਰੀਰ ਸਿੰਮਲ ਦੇ ਰੁੱਖ ਵਰਗਾ ਹੈ, ਜਿਸਦੇ ਫਲ ਕਿਸੇ ਦੇ ਵੀ ਕੰਮ ਨਹੀਂ ਆਉਂਦੇ। ਮੈਨੂੰ ਵੇਖਕੇ ਲੋਕ ਭੁੱਲ ਜਾਂਦੇ ਹਨ, ਉਹੋ ਜਹੇ ਗੁਣ ਮੇਰੇ ਸਰੀਰ ਵਿਚ ਹਨ।

ਸੰਦੇਸ਼:-ਸਿੰਮਲ ਦਾ ਰੁੱਖ ਸੂਹੇ ਲਾਲ ਫੁੱਲਾਂ ਨਾਲ ਭਰਪੂਰ ਹੁੰਦਾ ਹੋਇਆ ਵੀ ਖੁਸ਼ਬੂ ਰਹਿਤ ਹੁੰਦਾ ਹੈ, ਜਿਸਦਾ ਕੋਈ ਸੁੱਖ ਨਹੀਂ ਹੁੰਦਾ। ਸਿੰਮਲ ਰੁੱਖ ਦੇ ਫੁੱਲਾਂ ਦੀ ਖੂਬਸੂਰਤੀ ਤੇ ਉਚਾਈ ਵੇਖ ਕੇ ਉਸ ਉਪਰ ਪੰਛੀ (ਤੋਤੇ) ਬੈਠਦੇ ਹਨ ਪਰ ਹਾਸਿਲ ਕੁਝ ਨਹੀਂ ਹੁੰਦਾ। ਆਦਮੀ ਆਪਣੇ ਹਰੀ ਨਾਮ ਨੂੰ ਲੋਕਾਂ ਤਕ ਵੰਡੇ, ਭਲਾਈ ਦੇ ਕਾਰਜ ਕਰੇ ਆਦਿ ਤਾਂ ਹੀ ਮਨੁੱਖ ਦਾ ਸੱਚਾ ਜੀਵਨ ਹੈ।

"ਪਉਣ ਪਾਣੀ ਅਗਨੀ ਬਿਸਰਾਉ" ਤਹੀ ਨਿਰੰਜਨੁ ਸਾਚੋ ਨਾਉ"

ਭਾਵ ਕਿ ਹਵਾ ਪਾਣੀ ਅੱਗ ਵਰਗੀਆਂ ਚੀਜ਼ਾਂ ਨੂੰ ਵਿਸਾਰ ਦਿਓ। (ਭਟਕਣ ਨੂੰ ਵਿਸਾਰ ਦਿਓ), ਤਾਂ ਉਥੇ ਹੀ ਹਰੀ ਦਾ ਸੱਚਾ ਨਾਮ ਵੱਸਦਾ ਹੈ।

ਸੰਦੇਸ਼:-ਮਨੁੱਖ ਆਪਣੀਆਂ ਇਛਾਵਾਂ ਨੂੰ ਕਾਬੂ ਵਿਚ ਰੱਖੇ, ਤਾਂ ਹੀ ਸੁੱਖ ਪ੍ਰਾਪਤ ਹੋ ਸਕਦਾ ਹੈ। ਕ੍ਰਿਤ ਨੂੰ ਛੱਡ ਕਰਤੇ ਯਾਦ ਰੱਖ।

"ਫਲੋਹਰ ਕੀਏ ਫੂਲ ਜਾਇ" ਰਸ ਕਸ ਖਾਏ ਸਾਦੁ ਗਵਾਇ"

ਭਾਵ ਕਿ ਕਈ ਨਿਰੇ ਫਲ ਹੀ ਖਾਂਦੇ ਹਨ, ਪਰ ਇਸ ਵਰਤ ਦਾ ਫਲ ਨਹੀਂ ਮਿਲਦਾ। ਕਈ ਰਸਦਾਰ ਚੀਜ਼ਾਂ, ਸਵਾਦੀ ਚੀਜ਼ਾਂ ਖਾਂਦੇ ਹਨ, ਪਰ ਫਿਰ ਵੀ ਆਪਣਾ ਸਵਾਦ ਗੁਆ ਲੈਂਦੇ ਹਨ।

ਸੰਦੇਸ਼:- ਹਰੀ ਪ੍ਰਭੂ ਦਾ ਨਾਮ ਲੈਣ ਵਾਲੇ ਮਹਾਂ ਪੁਰਸ਼ਾਂ ਨੂੰ ਸਵਾਦਾਂ ਦਾ ਸ਼ੌਂਕ ਨਹੀਂ ਹੁੰਦਾ। ਉਹ ਤਾਂ ਹਰੀ ਦੇ ਨਾਮ ਵਿਚ ਚੰਗੇ ਰਹਿੰਦੇ ਹਨ। ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ। ਮਨੁੱਖ ਨੂੰ ਹਰੀ ਦੇ ਨਾਮ ਵਿਚ ਰੰਗੇ ਰਹਿਣਾ ਚਾਹੀਦਾ ਹੈ। ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ। ਮਨੁੱਖ ਨੂੰ ਹਰੀ ਦੇ ਨਾਮ ਵਿਚ ਰੰਗੇ ਰਹਿਣਾ ਚਾਹੀਦਾ ਹੈ। ਸਵਾਦਾਂ ਤੋਂ ਉਪਰ ਉਠਕੇ ਚੰਗੇ ਕਰਮ ਕਰ ਮਨੁੱਖ ਆਦਿ।

"ਤੇਰਸਿ ਤਰਵਰ ਸਮੁਦ ਕਨਾਰੈ" ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੇ"

ਭਾਵ ਕਿ ਮਨੁੱਖ ਦੀ ਜ਼ਿੰਦਗੀ ਸਮੁੰਦਰ ਦੇ ਕੰਢੇ ਉਤੇ ਰੁੱਖ ਦੀ ਤਰ੍ਹਾਂ ਹੈ (ਜੋ ਛੇਤੀ ਹੀ ਉਖੜ ਕੇ ਪਾਣੀ ਵਿਚ ਡਿਗ ਪਵੇਗਾ), ਪਰ ਉਸ ਦੀ ਜੜ੍ਹ ਅਮਰ ਹੋ ਸਕਦੀ ਹੈ ਉਸ ਦੀ ਚੋਟੀ ਲਿਵ ਦੀ ਤਾਰ ਨਾਲ ਬੱਧੀ ਰਹੇ। (ਇਹ ਸੁੰਦਰ ਪ੍ਰਤੀਕ ਦੱਸਦੇ ਹਨ)

ਸੰਦੇਸ਼:-ਇਹ ਸੁੰਦਰ ਪ੍ਰਤੀਕ ਦੱਸਦੇ ਹਨ, ਕਿ ਮਨੁੱਖ ਜੇ ਪ੍ਰਭੂ ਨਾਲ ਜੁੜਿਆ ਰਵੇ, ਤਾਂ ਉਸਦੀ ਜ਼ਿੰਦਗੀ ਸੰਵਰ ਜਾਂਦੀ ਹੈ। ਮਨੁੱਖ ਦੀ ਜ਼ਿੰਦਗੀ ਤਾਂ ਸਾਗਰ ਕੰਢੇ ਰੁੱਖ ਵਾਂਗੂ ਹੈ, ਕੱਦ ਨੇਰ੍ਹੀ, ਤੂਫ਼ਾਨ, ਝੱਖੜ (ਦੁੱਖਾਂ-ਤਕਲੀਫ਼ਾਂ ਨਾਲ ਡਿੱਗ ਜਾਵੇ) ਇਸ ਦੇ ਲਈ ਸਦਾ ਹਰੀ ਨੂੰ ਯਾਦ ਰੱਖੋ, ਮਾਨਵਤਾ ਦੇ ਕੰਮ ਆਵੇ।

"ਪਾਣੀ ਪ੍ਰਾਨ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ। ਮਰਣ-ਜੀਵਨ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ"

ਭਾਵ ਕਿ ਪ੍ਰਾਣਾਂ ਨੂੰ ਹਵਾ ਪਾਣੀ ਆਦਿ ਨਾਲ ਬੰਨ੍ਹ ਰੱਖਿਆ ਹੈ, ਚੰਨ ਅਤੇ ਸੂਰਜ ਦੋ ਵੱਡੇ ਦੀਵੇ ਦਿੱਤੇ ਹਨ। ਧਰਤੀ ਦੇ ਬਹੁਤ ਉਪਕਾਰ ਹਨ, ਜਿਸ ਨਾਲ ਮਰਣ-ਜੀਵਨ ਜੁੜਿਆ ਹੋਇਆ ਹੈ।

ਸੰਦੇਸ਼:-ਮਨੁੱਖ ਦੀ ਜ਼ਿੰਦਗੀ ਦੀ ਸਾਰੀ ਕਾਰਗੁਜਾਰੀ ਹਵਾ, ਪਾਣੀ ਚੰਨ, ਸੂਰਜ ਦੇ ਨਾਲ ਹੈ। ਧਰਤੀ ਦੇ ਬਹੁਤ ਉਪਕਾਰ ਹਨ, ਜਿਸ ਨਾਲ ਜੀਵਨ-ਮਰਨ ਜੁੜਿਆ ਹੋਇਆ ਹੈ। ਮਨੁੱਖ ਨੂੰ ਪਾਣੀ, ਚੰਨ, ਸੂਰਜ, ਹਵਾ, ਧਰਤੀ ਨੂੰ ਨਮਸਕਾਰ ਕਰਨਾ ਚਾਹੀਦਾ, ਜਿਸਦੀ ਬਦੌਲਤ ਉਹ ਹੈ। ਉਸ ਪ੍ਰਭੂ ਦੀ ਬਦੌਲਤ ਜੀਵਨ ਹੈ, ਜਿਸਨੂੰ ਸ਼ੁੱਭ ਅਮਲਾਂ, ਚੰਗੇ ਕਰਮਾਂ ਨਾਲ ਗੁਜ਼ਾਰਿਆ ਜਾਵੇ।

"ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ" ਸਾਜਣ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ।"

ਭਾਵ ਕਿ ਧੁਰ ਅੰਦਰ ਠੰਡ ਵਰਤ ਗਈ ਹੈ, ਗੁਰਬਾਣੀ ਰੂਪ ਅੰਮ੍ਰਿਤ ਦੇ ਵੱਸਣ ਨਾਲ। ਬੂੰਦ ਸੁਹਾਵਣੀ ਪੈਣ ਨਾਲ ਠੰਡ ਪੈ ਗਈ ਹੈ। ਹਰੀ ਨਾਲ ਇਸ ਤਰ੍ਹਾਂ ਮਿਲਾਪ ਹੈ ਜਿਸ ਤਰ੍ਹਾ ਸਾਜਣ ਦੇ ਮਿਲਣ ਵਾਂਗ, ਜਿਸਦੀ ਬਾਣੀ ਨਾਲ ਪ੍ਰੀਤ ਹੈ, ਉਹ ਹੀ ਉਸਦੀ ਪ੍ਰਾਪਤੀ ਪਾਉਂਦਾ ਹੈ।

ਸੰਦੇਸ਼:- ਕਵੀ ਗੁਰੂ ਨਾਨਕ ਨੇ ਬਹੁਤ ਹੀ ਸੁੰਦਰ ਕੁਦਰਤੀ ਪ੍ਰਤੀਕ ਲੈ ਕੇ ਮਨੁੱਖ ਨੂੰ ਸਮਝਾਇਆ ਹੈ, ਕਿ ਜਿਸ ਤਰ੍ਹਾਂ ਸੁਹਾਵਣੀ ਬੂੰਦ ਠੰਡ ਪਾ ਦਿੰਦੀ ਹੈ, ਹਰੀ ਦਾ ਨਾਮ ਵੀ ਇਵੇਂ ਹਿਰਦੇ ਵਿਚ ਠੰਡ ਪਾ ਦੇਂਦਾ ਹੈ। ਜਿਸ ਤਰ੍ਹਾਂ ਸੱਜਣ ਦੇ ਮਿਲਣ ਨਾਲ ਸੱਚੀ ਪ੍ਰੀਤ ਹੁੰਦੀ ਹੈ, ਇਵੇਂ ਹਰੀ ਦੇ ਦਰਸ਼ਨਾਂ ਨਾਲ ਮਨੁੱਖ ਦੀ ਅਧਿਆਤਮਿਕ ਤ੍ਰਿਪਤੀ ਹੁੰਦੀ ਹੈ। ਮਨੁੱਖ ਨੂੰ ਉਸ ਪ੍ਰਭੂ ਦੇ ਨਾਮ ਨਾਲ ਸੱਚਾ ਲਗਾਓ ਹੋਣਾ ਚਾਹੀਦਾ ਹੈ।

"ਉਨ ਵਿਘਨ ਛਾਏ ਬਰਸੁ ਸੁਭਾਏ ਮਨਿ-ਤਨਿ ਪ੍ਰੇਮੁ ਸੁਖਾਵੈ। ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ"

ਭਾਵ ਕਿ ਝੁਕ-ਝੁਕ ਕੇ ਬੱਦਲ ਛਾਏ ਹਨ, ਵਰਖਾ ਸ਼ੋਭਮਾਨ ਹੋਈ ਹੈ ਅਤੇ ਮਨ ਤਨ ਪ੍ਰੇਮ ਸੁਖਾਂਦਾ ਹੈ। ਕਿਰਪਾ ਹੋਣ 'ਤੇ ਉਹ ਹਰੀ ਮਨ ਵਿਚ ਆ ਜਾਂਦਾ ਹੈ।

ਸੰਦੇਸ਼:- ਚਾਰੇ ਪਾਸੇ ਬੱਦਲ ਛਾਏ ਹੋਏ ਹਨ, ਇਵੇਂ ਹਰੀ ਹਿਰਦੇ ਵਿਚ ਬਰਸਦਾ ਹੈ। ਉਸਦੇ ਨਾਮ ਨਾਲ ਠੰਡ ਵਰਤ ਜਾਂਦੀ ਹੈ, ਮਨ ਵਿਚ ਸਕੂਨ ਉਤਪਨ ਹੋ ਜਾਂਦਾ ਹੈ।

"ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ" ਪਿਰ ਘਰਿ ਨਹੀਂ ਆਵੈ ਧਨ ਕਿਉ ਸੁਖੁ ਪੈ ਬਿਰਹਿ ਬਿਰੋਧ ਤਨੁ ਛੀਜੈ" ਕੋ ਦਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ।। ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ"

ਭਾਵ ਕਿ ਬਾਹਰ ਦੇ ਇਲਾਕੇ ਵਿਚ ਜੰਗਲ ਫੁੱਲ ਪਵੇ, ਜੇ ਮੇਰੇ ਘਰ ਪਤੀ ਵਾਪਸ ਆਏ; ਜਿਸ ਤਰ੍ਹਾਂ ਮਾਰੂਥਲ ਵਿਚ, ਉਜਾੜ ਵਿਚ ਜੰਗਲ ਹਰਿਆ-ਭਰਿਆ ਹੋ ਜਾਂਦਾ ਹੈ, ਤਾਂ ਬਹਾਰਾਂ ਹੀ ਬਹਾਰਾਂ ਆ ਜਾਂਦੀਆਂ ਹਨ, ਤਿਵੇਂ ਪਤੀ ਦੇ ਘਰ ਪੈਰ ਪਾਉਣ ਨਾਲ ਘਰ ਵਿਚ ਖੁਸ਼ੀਆਂ ਹੀ ਖੁਸ਼ੀਆਂ ਆ ਜਾਂਦੀਆਂ ਹਨ। ਵਿਛੋੜੇ ਕਰਕੇ ਸਰੀਰ ਟੁੱਟ ਰਿਹਾ ਹੈ, ਕਿਵੇਂ ਦੁੱਖ ਨੂੰ ਦਿਲ ਅੰਦਰ ਸਹਾਰਾ। ਅੰਬਾਂ ਉਤੇ ਕੋਇਲ ਸੁਹਾਣੇ ਬੋਲ-ਕੂਕਦੀ ਹੈ। ਹੇ ਮਾਈ! ਮੈਂ ਕਿਵੇਂ ਜੀਵਾਂ, ਭੌਰਾ ਫੁੱਲਾਂ ਲੱਦੀ ਟਹਿਣੀ ਉਤੇ ਘੁੰਮ ਰਿਹਾ ਹੈ। ਬਸੰਤੀ ਦੀ ਖੁਸ਼ੀ ਦਾ ਸੁੰਦਰ ਦ੍ਰਿਸ਼ ਵਰਣਨ ਹੈ।

ਚਲਦਾ

# ਕਲੋਵਰਡੇਲ-ਲੈਂਗਲੀ ਸਿਟੀ ਰਾਈਡਿੰਗ ਲਈ ਜ਼ਿਮਨੀ ਚੋਣ 16 ਦਸੰਬਰ ਨੂੰ

ਸਰੀ, (ਏਕਜੋਤ ਸਿੰਘ): ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਕਲੋਵਰਡੇਲ-ਲੈਂਗਲੀ ਸਿਟੀ ਰਾਈਡਿੰਗ ਲਈ ਜ਼ਿਮਨੀ ਚੋਣ 16 ਦਸੰਬਰ ਨੂੰ ਹੋਵੇਗੀ। ਇਹ ਫੈਸਲਾ ਇਸ ਸਦਨ ਦੀ ਇੱਕ ਮਹੱਤਵਪੂਰਨ ਸੀਟ ਨੂੰ ਭਰਨ ਲਈ ਲਿਆ ਗਿਆ ਹੈ, ਜੋ ਪਿਛਲੇ ਕਈ ਸਾਲਾਂ ਤੋਂ ਲਿਬਰਲ ਪਾਰਟੀ ਦੀ ਨੁਮਾਇੰਦਗੀ ਕਰਦੀ ਆ ਰਹੀ ਹੈ।



ਇਹ ਸੀਟ ਪਿਛਲੇ ਐਮਪੀ ਜੌਹਨ ਐਲਡਾਗ ਦੇ ਅਸਤੀਫ਼ੇ ਤੋਂ ਬਾਅਦ ਖਾਲੀ ਹੋਈ ਸੀ। ਐਲਡਾਗ ਨੇ ਹਾਲ ਹੀ ਵਿੱਚ ਬ੍ਰਿਟਿਸ਼ ਕੋਲੰਬੀਆ ਦੀਆਂ ਸੂਬਾਈ ਚੋਣਾਂ ਵਿੱਚ ਐਮਐਲਏ ਦੀ ਚੋਣ ਲੜਨ ਲਈ ਆਪਣਾ ਅਹੁਦਾ ਛੱਡ ਦਿੱਤਾ ਸੀ। ਉਨ੍ਹਾਂ ਨੇ 2015 ਤੋਂ 2019 ਅਤੇ ਫਿਰ 2021 ਤੋਂ ਮਈ 2024 ਤੱਕ ਇਸ ਰਾਈਡਿੰਗ ਦੀ ਲਿਬਰਲ ਐਮਪੀ ਵਜੋਂ ਨੁਮਾਇੰਦਗੀ ਕੀਤੀ। 2019 ਵਿੱਚ, ਉਨ੍ਹਾਂ ਨੂੰ ਕੰਜ਼ਰਵੇਟਿਵ ਉਮੀਦਵਾਰ ਤਮਾਰਾ ਜੈਨਸਨ ਤੋਂ 1,500 ਤੋਂ ਘੱਟ ਵੋਟਾਂ ਦੇ ਫਰਕ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਪਰ 2021 ਵਿੱਚ ਉਨ੍ਹਾਂ ਨੇ ਲਗਭਗ 1,650 ਵੋਟਾਂ ਦੇ ਮੋਟੇ ਅੰਤਰ ਨਾਲ ਜਿੱਤ ਦਰਜ ਕੀਤੀ।

ਇਸ ਵਾਰ ਦੇ ਚੋਣੀ ਹਾਲਾਤ ਮੌਜੂਦਾ ਸਿਆਸੀ ਦਿਸ਼ਾ ਨੂੰ ਦਰਸਾਉਂਦੇ ਹਨ। ਲਿਬਰਲ ਪਾਰਟੀ ਨੂੰ ਹਾਲ ਹੀ ਦੀਆਂ ਟੋਰੰਟੋ ਅਤੇ ਮੌਂਟਰੀਅਲ ਦੀਆਂ ਜ਼ਿਮਨੀ ਚੋਣਾਂ ਵਿੱਚ ਔਖੀ ਹਾਰ ਜ਼ਰੂਰ ਮਹਿਸੂਸ ਹੋਈ ਹੈ। ਮੌਂਟਰੀਅਲ ਵਿੱਚ ਲਾਸੈਲ-ਇਮਾਰਡ-ਵਰਡਨ ਰਾਈਡਿੰਗ, ਜੋ ਪਹਿਲਾਂ ਬਲੌਕ ਕਿਊਬੈਕਵਾ ਦੇ ਹੱਕ ਵਿੱਚ ਗਈ ਸੀ, ਨੇ ਸਿਆਸੀ ਜ਼ਮੀਨ ਨੂੰ ਹਿਲਾ ਦਿੱਤਾ ਹੈ। ਲਿਬਰਲ ਉਮੀਦਵਾਰ ਲੌਰਾ ਪੈਲਸਟੀਨੀ ਨੂੰ ਬਲੌਕ ਦੇ ਲੁਈ-ਫ਼ਿਲਿਪ ਸੌਵੀ ਨੇ ਹਰਾਇਆ। ਇਹ ਸੀਟ ਪਿਛਲੇ ਕਈ ਦਹਾਕਿਆਂ ਤੋਂ ਲਿਬਰਲ ਪਾਰਟੀ ਦਾ ਗੜ੍ਹ ਮੰਨੀ ਜਾਂਦੀ ਸੀ।

ਉਦਾਰਣ ਦੇ ਤੌਰ ਤੇ, ਟੋਰੰਟੋ-ਸੇਂਟ ਪੌਲਜ਼ ਦੀ ਰਾਈਡਿੰਗ, ਜਿਸ ਨੂੰ ਹਮੇਸ਼ਾਂ ਹੀ ਲਿਬਰਲ ਪਾਰਟੀ ਦੇ ਪੱਖ ਵਿੱਚ ਦੇਖਿਆ ਜਾਂਦਾ ਸੀ, ਜੂਨ 2024 ਵਿੱਚ ਹੋਈ ਜ਼ਿਮਨੀ ਚੋਣ ਦੌਰਾਨ ਕੰਜ਼ਰਵੇਟਿਵਾਂ ਦੇ ਡੌਨ ਸਟੀਵਰਟ ਦੇ ਹੱਕ ਵਿੱਚ ਚਲੀ ਗਈ। ਇਹ ਹਾਰ ਲਿਬਰਲਾਂ ਲਈ ਸਿਆਸੀ ਸੰਦਰਭ ਵਿੱਚ ਇੱਕ ਵੱਡਾ ਜਟਿਲ ਸੰਕੇਤ ਹੈ। ਇਸੇ ਕਾਰਨ, ਬ੍ਰਿਟਿਸ਼ ਕੋਲੰਬੀਆ ਦੀਆਂ ਅਗਾਮੀ ਜ਼ਿਮਨੀ ਚੋਣਾਂ ਨੂੰ ਟਰੂਡੋ ਸਰਕਾਰ ਲਈ ਇੱਕ ਪ੍ਰੀਖਿਆਵਾਰਤਾ ਮੰਨਿਆ ਜਾ ਰਿਹਾ ਹੈ।

ਇਸ ਵਾਰ, ਫੈਡਰਲ ਕੰਜ਼ਰਵੇਟਿਵਜ਼ ਵੱਲੋਂ ਤਮਾਰਾ ਜੈਨਸਨ ਨੂੰ ਮੁੜ ਚੋਣ ਮੈਦਾਨ ਵਿੱਚ ਉਤਾਰਿਆ ਜਾ ਰਿਹਾ ਹੈ। ਜੈਨਸਨ ਪਹਿਲਾਂ ਹੀ 2019 ਤੋਂ 2021 ਤੱਕ ਰਾਈਡਿੰਗ ਦੀ ਨੁਮਾਇੰਦਗੀ ਕਰ ਚੁੱਕੀ ਹੈ। ਉਹ ਇੱਕ ਮਜਬੂਤ ਉਮੀਦਵਾਰ ਹਨ, ਅਤੇ ਉਨ੍ਹਾਂ ਦੇ ਮੁੜ ਮੈਦਾਨ ਵਿੱਚ ਆਉਣ ਨਾਲ ਇਸ ਰਾਈਡਿੰਗ ਵਿੱਚ ਤਗੜਾ ਮੁਕਾਬਲਾ ਹੋਣ ਦੀ ਸੰਭਾਵਨਾ ਹੈ।

ਕਲੋਵਰਡੇਲ-ਲੈਂਗਲੀ ਸਿਟੀ ਰਾਈਡਿੰਗ ਦੀ ਗਿਣਤੀ ਬ੍ਰਿਟਿਸ਼ ਕੋਲੰਬੀਆ ਦੀਆਂ ਅਹਿਮ ਸੀਟਾਂ ਵਿੱਚ ਹੁੰਦੀ ਹੈ, ਕਿਉਂਕਿ ਇਸ ਰਾਈਡਿੰਗ ਵਿੱਚ ਲਗਭਗ 130,000 ਵਸਨੀਕ ਹਨ। ਇਹ ਰਾਈਡਿੰਗ ਸਰੀ ਸ਼ਹਿਰ ਅਤੇ ਲੈਂਗਲੀ ਸ਼ਹਿਰ ਦੇ ਹਿੱਸਿਆਂ ਨੂੰ ਸ਼ਾਮਲ ਕਰਦੀ ਹੈ। 2021 ਦੀ ਮਰਦਮਸ਼ੁਮਾਰੀ ਅਨੁਸਾਰ, ਇਸ ਖੇਤਰ ਦੇ ਵਸਨੀਕਾਂ ਵਿੱਚ ਕਈ ਸੰਸਕ੍ਰਿਤਿਕ ਪਿਛੋਕੜਾਂ ਦੇ ਲੋਕ ਸ਼ਾਮਲ ਹਨ, ਜੋ ਇਸਨੂੰ ਇੱਕ ਬਹੁਸਾਂਸਕ੍ਰਿਤਕ ਹਾਲਾਤ ਵਿੱਚ ਬਨਾਉਂਦੇ ਹਨ।

ਇਲੈਕਸ਼ਨਜ਼ ਕੈਨੇਡਾ ਨੇ ਐਲਾਨ ਕੀਤਾ ਹੈ ਕਿ 6 ਤੋਂ 9 ਦਸੰਬਰ ਦੇ ਵਿਚਕਾਰ ਐਡਵਾਂਸ ਵੋਟਿੰਗ ਹੋਵੇਗੀ। ਵੋਟਰ ਹੁਣ ਤੋਂ 10 ਦਸੰਬਰ ਤੱਕ ਇਲੈਕਸ਼ਨਜ਼ ਕੈਨੇਡਾ ਦੇ ਦਫ਼ਤਰਾਂ ਵਿੱਚ ਵੀ ਵੋਟ ਪਾ ਸਕਦੇ ਹਨ।

ਇਸ ਰਾਈਡਿੰਗ ਦੀ ਜ਼ਿਮਨੀ ਚੋਣ ਲਿਬਰਲ ਪਾਰਟੀ ਦੀ ਮੌਜੂਦਾ ਸਥਿਤੀ ਲਈ ਇਕ ਸਿਆਸੀ ਅਕਸੁਰੀ ਵਾਰਤਾ ਹੋਵੇਗੀ। This report was written by Ekjot Singh as part of the Local Journalism Initiative.

# ਜੀ-20 ਸੰਮੇਲਨਾਂ ਵਿੱਚ ਸ਼ਿਰਕਤ ਕਰਨ ਲਈ ਪ੍ਰਧਾਨ ਮੰਤਰੀ ਪੇਰੂ ਲਈ ਰਵਾਨਾ

ਸਰੀ, (ਏਕਜੋਤ ਸਿੰਘ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਏਸ਼ੀਆ-ਪੈਸਿਫ਼ਿਕ ਆਰਥਿਕ ਸਹਿਯੋਗ ਅਤੇ ਜੀ-20 ਸੰਮੇਲਨਾਂ ਵਿੱਚ ਸ਼ਿਰਕਤ ਕਰਨ ਲਈ ਪੇਰੂ ਲਈ ਰਵਾਨਾ ਹੋਏ ਹਨ । ਇਹ ਸੰਮੇਲਨ ਪੇਰੂ ਦੀ ਰਾਜਧਾਨੀ ਲੀਮਾ ਵਿੱਚ ਆਯੋਜਿਤ ਹੋ ਰਿਹਾ ਹੈ। ਇਸ ਮਹੱਤਵਪੂਰਨ ਸਿਖਰ ਸੰਮੇਲਨ ਦਾ ਉਦੇਸ਼ ਖੇਤਰ ਵਿੱਚ ਆਰਥਿਕ ਸਹਿਯੋਗ ਵਧਾਉਣਾ ਅਤੇ ਵਪਾਰ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰਨਾ ਹੈ। ਸੰਮੇਲਨ ਵਿੱਚ ਹਿੱਸਾ ਲੈਣ ਦੇ ਨਾਲ, ਟਰੂਡੋ ਦਾ ਮਨੋਰਥ ਪੈਸੀਫਿਕ ਖੇਤਰ ਦੇ ਵੱਡੇ ਪੱਧਰ ਤੇ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਇਹ ਸੰਮੇਲਨ ਕੈਨੇਡਾ ਲਈ ਅੰਤਰਰਾਸ਼ਟਰੀ ਸਟੇਜ 'ਤੇ ਆਪਣੇ ਭੂਮਿਕਾ ਨੂੰ ਵਧਾਉਣ ਅਤੇ ਮੁੱਖ ਆਰਥਿਕ ਮਾਮਲਿਆਂ 'ਤੇ ਸਾਂਝੇ ਹੱਲ ਲੱਭਣ ਦਾ ਮੌਕਾ ਹੋਵੇਗਾ। ਟਰੂਡੋ ਨੇ ਕਿਹਾ, "ਇਹ ਸਿਖਰ ਸੰਮੇਲਨ ਸਾਡੀ ਅਰਥਵਿਵਸਥਾ ਦੇ ਵਿਕਾਸ ਅਤੇ ਕੈਨੇਡਾ ਲਈ ਨਵੀਆਂ ਆਰਥਿਕ ਵਸਾਤੀਆਂ ਬਣਾਉਣ ਲਈ ਇਕ ਸੁਨਹਿਰੀ ਮੌਕਾ ਹਨ।"



ਇਸ ਤੋਂ ਬਾਅਦ, ਟਰੂਡੋ ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਹੋਣ ਵਾਲੇ ਜੀ-20 ਸੰਮੇਲਨ ਵਿੱਚ ਹਿੱਸਾ ਲੈਣਗੇ। ਇਹ ਸੰਮੇਲਨ ਦੁਨੀਆ ਦੇ ਪ੍ਰਮੁੱਖ ਆਰਥਿਕ ਅਤੇ ਸਿਆਸੀ ਮੁੱਦਿਆਂ ਤੇ ਚਰਚਾ ਕਰਨ ਲਈ ਮੁੱਖ ਪਲੇਟਫਾਰਮ ਹੈ। ਇਸ ਵਿੱਚ ਯੂਕਰੇਨ-ਰੂਸ ਜੰਗ, ਭੁਖਮਰੀ ਨੂੰ ਖਤਮ ਕਰਨ, ਆਰਟੀਫੀਸ਼ਲ ਇੰਟੈਲੀਜੈਂਸ, ਅਤੇ ਗਲੋਬਲ ਵਪਾਰ ਸਹਿਯੋਗ ਸਮੇਤ ਕਈ ਮੁੱਦੇ ਸ਼ਾਮਲ ਹਨ। ਟਰੂਡੋ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਉਹ ਇਹ ਯਕੀਨੀ ਬਣਾਉਣ ਲਈ ਕੰਮ ਕਰਨਗੇ ਕਿ ਕੈਨੇਡਾ ਅੰਤਰਰਾਸ਼ਟਰੀ ਸਥਿਤੀ ਵਿੱਚ ਆਪਣੇ ਅੰਕਸ਼ੁਕਰ ਭੂਮਿਕਾ ਨੂੰ ਪੂਰੀ ਤਰ੍ਹਾਂ ਨਿਭਾਏ। ਇਹ ਦੋਵਾਂ ਸਿਖਰ ਸੰਮੇਲਨ ਸੰਸਾਰ ਦੇ ਮੁੱਖ ਨੇਤਾਵਾਂ ਨੂੰ ਮਿਲਣ ਅਤੇ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਟਰੂਡੋ ਦੀਆਂ ਕਈ ਅਨੌਪਚਾਰਿਕ ਮੁਲਾਕਾਤਾਂ ਅਤੇ ਰਸਮੀ ਮੀਟਿੰਗਾਂ ਵੀ ਹੋਣ ਦੀ ਸੰਭਾਵਨਾ ਹੈ। ਇਹ ਮੀਟਿੰਗਾਂ ਕੈਨੇਡਾ ਲਈ ਖੇਤਰ ਵਿੱਚ ਆਪਣੇ ਸਹਿਯੋਗੀ ਦੇਸ਼ਾਂ ਨਾਲ ਸਬੰਧਾਂ ਨੂੰ ਠੋਸ ਬਣਾਉਣ ਲਈ ਮਹੱਤਵਪੂਰਨ ਹਨ। This report was written by Ekjot Singh as part of the Local Journalism Initiative.


HOMELAND MORTGAGE CORP.

ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।

- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜ਼ੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ



Kuldip Panesar
Mortgage Consultant
Cell :604-308-6839

PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com



YOUR NEIGHBOURHOOD LAYER

RISHI LAW CORPORATION



NARINDER RISHI
Barrister, Solicitor & Notary Public

Criminal Law
» Assault Charges
» Drug Charges
» Theft/Fraud
» Uttering Threats
» Driving Offences

Divorces Probate

All kind of Notary Services

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa


Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)





NEWTON DENTURE CLINIC INC.
Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified


ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com




## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08


## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

# ਮੈਂ ਧਰਤ ਪੰਜਾਬ ਦੀ

**ਲਿਖਤ : ਸੁਖਪਾਲ ਸਿੰਘ ਗਿੱਲ**



ਸਪਤ ਸਿੰਧੂ ਤੋਂ ਅੱਜ ਤੱਕ ਦੇ ਪੰਜਾਬ ਦੀ ਸਭਿਅਤਾ ਦਾ ਨਕਸ਼ਾ ਸਾਜਿਸ਼ੀ ਅਤੇ ਬਦਕਿਸਮਤੀ ਨਾਲ ਵਿਗੜਦਾ ਰਿਹਾ। ਪਹਿਰਾਵਾ, ਸਿਹਤ, ਸਿੱਖਿਆ, ਬੋਲੀ, ਲੋਕ ਗੀਤਾਂ ਅਤੇ ਮਿਸ਼ਰੀ ਵਰਗੀ ਬੋਲੀ ਕਰਕੇ ਪੰਜਾਬ ਦੀ ਨਕੋਰ ਨੁਹਾਰ ਰਹੀ। ਚੁੰਨੀ, ਸਿਰ ਦਾ ਛਾਇਆ ਅਤੇ ਪੱਗ ਸਿਰ ਦਾ ਤਾਜ ਰਹੀ। ਹੋਲੀ- ਹੋਲੀ ਇਹ ਸਭ ਕੁੱਝ ਇਸ ਸੁਨਹਿਰੀ ਪੰਜਾਬ ਲਈ ਧੁੰਦਲਾ ਹੁੰਦਾ ਗਿਆ। ਇਸ ਦੇ ਹਰ ਪੱਖ ਨੂੰ ਗ੍ਰਹਿਣ ਲੱਗਦੇ ਗਏ। ਨਸ਼ਾ ਦੁਨੀਆਂ ਦਾ ਮੁੱਦਾ ਹੈ ਪਰ ਪੰਜਾਬ ਦੀ ਸੱਭਿਅਤਾ ਨਾਲ ਇਸ ਦਾ ਕੋਈ ਮੇਲ-ਜੋਲ ਨਹੀਂ ਹੈ। ਸਰਕਾਰ ਦੇ ਹੰਭਲਿਆਂ ਦੇ ਬਾਵਜੂਦ ਵੀ ਅੱਜ ਪੰਜਾਬ ਵਿੱਚ ਨਸ਼ੇ ਦਾ ਮੁੱਦਾ ਖੁੱਦ ਨਸ਼ਈ ਹੋਕੇ ਮਜ਼ਾਕ ਦਾ ਪਾਤਰ ਬਣਿਆ ਹੋਇਆ ਹੈ। ਇੱਕ ਬਾਰ ਫੇਰ ਬਾਂਕੇ ਦਿਆਲ ਦਾ ਨਾਅਰਾ "ਪੱਗੜੀ ਸੰਭਾਲ ਓ ਜੱਟਾ ਪੱਗੜੀ" ਨਸ਼ੇ ਵਿਰੁੱਧ ਵਰਤਣਾ ਚਾਹੀਦਾ ਹੈ। ਨਸ਼ਾ ਖਾਤਮੇ ਲਈ ਸਰਕਾਰੀ ਇੱਛਾ ਜ਼ੋਰਾਂ ਤੇ ਹੈ ਪਰ ਨਸ਼ੇ ਦਾ ਜੰਜਾਲ ਪੇਸ਼ ਨਹੀਂ ਜਾਣ ਦੇ ਰਿਹਾ। ਪੰਜਾਬ ਹਮੇਸ਼ਾ ਭਾਰਤ ਦੇ ਸਿਰ ਦਾ ਤਾਜ ਰਿਹਾ। ਆਜ਼ਾਦੀ ਲਈ ਵੈਰਿਆਂ ਦੇ ਮੂੰਹ ਮੋੜਦਾ ਰਿਹਾ। ਪਰ ਪੰਜਾਬ ਬਾਰੇ ਚਾਲਾ ਵੀ ਚੱਲਦੀਆਂ ਰਹੀਆਂ। ਮਹਿਕਦਾ ਅਤੇ ਰੰਗਲਾ ਪੰਜਾਬ ਨਸ਼ੇ ਨੇ ਇੱਕ ਵਾਰ ਬਦਸੂਰਤ ਕਰ ਦਿੱਤਾ ਹੈ। ਪ੍ਰਵਾਸ ਦੀ ਆਸ ਵਿੱਚ ਗਵਾਚਿਆ ਪੰਜਾਬ ਹਰ ਸਾਲ ਪੈਸਾ ਅਤੇ ਜਵਾਨੀ ਵਿਦੇਸ਼ਾਂ ਵਿੱਚ ਭੇਜ ਰਿਹਾ ਹੈ। ਕਨੇਡਾ ਦੀ ਵਸੋਂ ਦਾ 1.3 ਫੀਸਦੀ ਪੰਜਾਬੀ ਹਨ। ਪੰਜਾਬ ਦੀ 25 ਲੱਖ ਤੋਂ ਉਪਰ ਆਬਾਦੀ ਵਿਦੇਸ਼ਾਂ ਵਿੱਚ ਵਸੀ ਹੋਈ ਹੈ। ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਸਲਰ ਸ. ਜੋਗਿੰਦਰ ਸਿੰਘ ਪੁਆਰ ਨੇ ਵਿਦੇਸ਼ੀ ਰੁਝਾਣ ਰੋਕਣ ਲਈ ਰੁਜਗਾਰ ਗਰੰਟੀ ਯੋਜਨਾਂ ਘੜਣ ਦੀ ਨਸੀਅਤ ਦਿੱਤੀ ਸੀ। ਪੰਜਾਬ ਦੀ ਬੇਰੁਜਗਾਰੀ ਦੀ ਦਰ 2019 ਵਿੱਚ 8.2 ਸੀ ਜਿਸ ਵਿੱਚ ਸੁਧਾਰ ਨੂੰ ਬੂਰ ਨਹੀਂ ਪਿਆ। ਇਸ ਸਾਰੇ ਆਲਮ ਤੋਂ ਬਾਅਦ ਪੰਜਾਬੀਆਂ ਵਿੱਚ ਖੁਦਕੁਸੀਆਂ ਦਾ ਰੁਝਾਨ ਵੀ ਚਿੰਤਾ ਜਨਕ ਵਿਸ਼ਾ ਬਣਿਆ ਹੋਇਆ ਹੈ। ਨਸ਼ਾ ਸਭ ਉਜਾੜੇ ਅਤੇ ਬੁਰਾਈਆਂ ਮਾਂ ਹੈ। ਸਭ ਤੋਂ ਪਹਿਲਾ ਪੰਜਾਬ ਨੂੰ ਨਸ਼ੇ ਵਿਰੁੱਧ ਜੰਗ ਜਿੱਤਣੀ ਪਵੇਗੀ। ਜੰਗਲ ਬੇਲਿਆ, ਹਰੇ ਭਰੇ ਮੈਦਾਨ ਪਹਾੜ, ਪਹਿਰਾਵਾ, ਲੋਕ ਗੀਤ, ਭੰਗੜੇ-ਗਿੱਧੇ ਮੇਲਿਆਂ ਖੇਡਾਂ ਅਤੇ ਵਗਦੇ ਪਾਣੀਆਂ ਦੇ ਪੰਜਾਬ ਦੀ ਧਰਤੀ ਅੱਜ ਕੁਰਲਾਉਂਦੀ ਹੋਈ ਆਪ ਮੁਹਾਰੇ ਬੋਲਣ ਲਈ ਮਜਬੂਰ ਹੈ "ਮੈਂ ਧਰਤ ਪੰਜਾਬ ਦੀ, ਲੋਕੋ ਵੱਸਦੀ ਉਜੜ ਗਈ ।" ਪਰ ਗੁਰੂਆਂ ਪੀਰਾਂ ਦਾ ਪੰਜਾਬ ਗੁਰਾਂ ਦੇ ਨਾਮ ਤੇ ਵੱਸਦਾ ਹੀ ਰਹੇਗਾ। ਇਹੀ ਆਸ ਹੈ। ਸੁਰਜੀਤ ਪਾਤਰ ਦੀਆਂ ਇਹ ਸਤਰਾਂ ਮਨ ਨੂੰ ਸ਼ਾਂਤੀ ਵੀ ਦਿੰਦੀਆਂ ਹਨ:-

"ਪੰਜਾਬ ਕੋਈ ਨਿਰਾ ਜੁਗਰਾਫੀਆ ਨਹੀਂ,
ਇਹ ਇੱਕ ਗੀਤ, ਇਕ ਰੀਤ ਅਤੇ ਇਤਿਹਾਸ ਵੀ ਹੈ,
ਗੁਰੂਆਂ, ਰਿਸ਼ੀਆਂ ਅਤੇ ਸੂਫੀਆਂ ਸਿਰਜਿਆਂ ਹੈ,
ਇਹ ਇਕ ਫਲਸਫਾਂ ਸੋਚ ਅਤੇ ਇਤਿਹਾਸ ਵੀ ਹੈ,
ਕਿੰਨੇ ਝੱਖੜ ਤੂਫਾਨਾਂ ਵਿਚੋਂ ਲੰਘਿਆ ਏ,
ਇਹਦਾ ਮੁਖੜਾ ਕੁੱਝ-ਕੁੱਝ ਉਦਾਸ ਵੀ ਹੈ "

ਅੱਜ ਪੰਜਾਬ ਦੀ ਨਵੀਂ ਨੁਹਾਰ ਲਈ ਨਸ਼ਾ ਮੁਕਤੀ ਤਰਜੀਹੀ ਮੁੱਦਾ ਹੈ। ਇਤਿਹਾਸ ਗਵਾਹੀ ਭਰਦਾ ਹੈ ਕਿ ਪੰਜਾਬ ਨੇ ਵੱਡੀਆਂ ਵੱਡੀਆਂ ਆਫਤਾਂ ਦਾ ਮੂੰਹ ਮੋੜ ਦਿੱਤਾ ਨਸ਼ਾ ਤਾਂ ਛੋਟੀ ਗੱਲ ਹੈ। ਸਿਰਫ ਮਾਨਸਿਕਤਾ, ਇੱਛਾ ਸ਼ਕਤੀ ਅਤੇ ਲੋਕ ਲਹਿਰ ਉਭਾਰਨ ਦੀ ਲੋੜ ਹੈ। ਪੰਜਾਬ ਨਾ-ਬਰਾਬਰੀ ਝੱਲਣ ਅਤੇ ਮੁੜ ਸੁਰਜੀਤ ਹੋਣ ਦਾ ਬਲ ਰੱਖਦਾ ਹੈ। ਸਾਰਾ ਵਰਤਾਰਾ ਇਹਨਾਂ ਸਤਰਾਂ ਦੀ ਛਾਇਆ ਹੇਠ ਹੀ ਹੈ। ਨਸ਼ਾ ਕਈ ਕਿਸਮਾਂ ਦਾ ਹੁੰਦਾ ਹੈ ਜਿਵੇਂ ਕਿ ਕੁਦਰਤੀ ਨਸ਼ਾ, ਅਰਧ ਰਸਾਇਣਿਕ ਨਸ਼ਾ ਅਤੇ ਰਸਾਇਣਿਕ ਨਸ਼ਾ ਇਹ ਸਾਰੇ ਨਸ਼ੇ ਪੰਜਾਬ ਵਿੱਚ ਭਾਰੂ ਹਨ। ਪੰਜਾਬ ਦੀ ਨਸ਼ਾ ਪੀੜਾ ਨੂੰ ਗੱਲੀਬਾਤੀ ਦਫਨ ਵੀ ਨਹੀਂ ਕੀਤਾ ਜਾ ਸਕਦਾ। ਇਸ ਪ੍ਰਤੀ ਲੋਕਾਂ ਅਤੇ ਸਰਕਾਰ ਦੀ ਦ੍ਰਿੜਤਾ ਦੀ ਲੋੜ ਹੈ। ਸਾਡੇ ਕੁੱਝ ਗਾਇਕਾ ਨੇ ਵੀ ਨਸ਼ੇ ਨੂੰ ਹੁਲਾਰਾ ਦਿੱਤਾ ਹੈ। ਨਸ਼ੇ ਦਾ ਸੇਵਨ ਮਾਨਵੀ ਸਦਾਚਾਰਕ ਜੀਵਨ ਨੂੰ ਨਕਾਰਾ ਕਰ ਦਿੰਦਾ ਹੈ। ਇਸ ਨਾਲ ਸਮਾਜ ਦਾ ਤਾਣਾ-ਬਾਣਾ ਨਸ਼ਟ ਹੋ ਕੇ ਹਿੰਸਾ ਫੈਲਦੀ ਹੈ। ਗੁਰਬਾਣੀ ਦੇ ਮਾਨਵਤਾ ਬਾਰੇ ਨਸ਼ੇ ਵਿਰੁੱਧ ਸੰਦੇਸ਼ ਨੂੰ ਜਾਗਰੂਕਤਾ ਫੈਲਾਉਣ ਲਈ ਵੱਡਾ ਸਮਝਿਆ ਗਿਆ ਹੈ, ਜੋ ਸੱਚ ਦੀ ਛਾਨਣੀ ਵਿਚੋਂ ਝੂਠ ਛਾਨਣ ਵਾਲਾ ਹੈ। ਪਰ ਫਿਰ ਵੀ ਧਰਮ ਪ੍ਰਚਾਰਕ ਆਪਣਾ ਬਹੁਤ ਯੋਗਦਾਨ ਨਹੀਂ ਪਾ ਸਕੇ। ਗੁਰਬਾਣੀ ਵਿੱਚ ਅੰਕਿਤ ਹੈ:-

"ਜਿਤੁ ਪੀਤੈ ਮਤਿ ਦੂਰ ਹੋਇ, ਬਰਲੁ ਪਾਵੈ ਵਿਚਿ ਆਇ,
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ "

ਮਿੱਤਰਚਾਰਾ, ਨਿਰਾਸ਼ਾ, ਜਿੰਦਗੀ ਦੇ ਮਕਸਦ ਦੀ ਕਮੀ, ਆਰਥਿਕ ਅਤੇ ਬੇਰੁਜਗਾਰੀ ਸਮੱਸਿਆ ਪੰਜਾਬ ਵਿੱਚ ਨਸ਼ੇ ਦੇ ਕਾਰਨ ਦਾ ਸਰੂਪ ਹਨ। ਸਭ ਤੋਂ ਭੈੜੀ ਗੱਲ ਇਹ ਹੈ ਕਿ ਨਸ਼ਾ ਮਿਲਾਵਟੀ ਮਿਲ ਰਿਹਾ ਹੈ। ਜਿਸ ਨਾਲ ਨਸ਼ੇ ਦੇ ਦੂਰ ਪ੍ਰਭਾਵ ਵੱਧ ਜਾਂਦੇ ਹਨ। ਪੰਜਾਬੀ ਹੋਰ ਬਿਮਾਰੀਆਂ ਤੋਂ ਵੀ ਪੀੜਤ ਹੋ ਰਹੇ ਹਨ। ਨਸ਼ਿਆਂ ਦਾ ਪਸਾਰਾ ਇੰਨਾ ਵੱਧ ਗਿਆ ਹੈ ਕਿ ਪਛਾਣ ਕਰਨੀ ਵੀ ਔਖੀ ਹੋਈ ਪਈ ਹੈ। ਪੰਜਾਬ ਨਸ਼ੇ ਬਾਰੇ ਜਵਾਨੀ, ਕਾਨੂੰਨੀ ਅਤੇ ਵਰਦੀ ਘੇਰੇ ਵਿੱਚ ਰਹਿੰਦੇ ਹਨ। ਸਭ ਤੋਂ ਪਹਿਲਾ ਖਾਂਸੀ ਦੀ ਦਵਾਈ ਨੇ ਜਵਾਨੀ ਨੂੰ ਨਸ਼ੇ ਵਿੱਚ ਜਕੜਿਆਂ, ਇਸ ਤੋਂ ਬਾਅਦ "ਮਰਜ ਬੜਤੀ ਗਈ ਜੂੰ-ਜੂੰ ਦਵਾ ਕੀ"। ਪੰਜਾਬ ਵਿੱਚ ਪਾਕਿਸਤਾਨ ਤੋਂ ਡਰੋਨ ਰਾਹੀਂ ਨਸ਼ੇ ਦਾ ਰੋਲਾ-ਰੱਪਾ ਰਹਿੰਦਾ ਹੈ। ਪਿਛੇ ਜਿਹੇ ਗੁਜਰਾਤ ਦੀ ਮੁਦਰਾ ਬੰਦਰਗਾਹ ਤੇ 4269 ਕਰੋੜ ਦੇ ਨਸ਼ੀਲੇ ਪਦਾਰਥ ਫੜੇ ਸਨ। ਇਸ ਦੇ ਤਾਰ ਵੀ ਪੰਜਾਬ ਨਾਲ ਜੁੜੇ ਸਨ। ਇਹ ਪੰਜਾਬ ਲਈ ਅਲਾਰਮ ਸੀ। ਪਰ ਦੇਸ਼ ਵਾਸੀਆਂ ਨੂੰ ਇਸ ਦਾ ਨਤੀਜਾ ਨਹੀਂ ਮਿਲਿਆ। ਭੋਲੀ-ਭਾਲੀ ਜਨਤਾ ਸ਼ੱਕੀ ਹੋ ਜਾਂਦੀ ਹੈ ਕਿ ਪਰਦੇ ਪਿਛਲਾ ਸੱਚ ਕੀ ਹੈ? ਇਹਨਾਂ ਖਬਰਾਂ ਨੂੰ ਉਘਾੜਿਆਂ ਗਿਆ ਅਤੇ ਸਰਕਾਰ ਹਰਕਤ ਵਿੱਚ ਵੀ ਆਈ ਸੀ। ਨਸ਼ੇ ਬਾਰੇ ਪੰਜਾਬ ਵਿੱਚ ਕਈ ਤਰ੍ਹਾਂ ਦੀਆਂ ਅਫਵਾਹਾਂ ਅਤੇ ਸੋਸ਼ਲ ਮੀਡੀਆ ਤੇ ਗਲਤ ਖਬਰਾਂ ਵੀ ਚੱਲਦੀਆਂ ਹਨ। ਪਰ ਕਈ ਵਾਰੀ ਇਹੋ ਜਿਹੇ ਮਹੋਲ ਨੂੰ ਜਿਮੀ ਗੇਮਜ ਦੇ ਇਹਨਾਂ ਸਬਦਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਕਿ ਜਦੋਂ ਫਰਜੀ ਖਬਰਾਂ ਨੂੰ ਦੁਹਰਾਇਆ ਜਾਵੇ ਤਾਂ ਇਹ ਸਮਝਣਾ ਮੁਸ਼ਕਲ ਹੋ ਜਾਂਦਾ ਹੈ ਕਿ ਅਸਲੀਅਤ ਕੀ ਹੈ? ਪੰਜਾਬ ਵਿੱਚ ਨਸ਼ੇ ਤੇ ਪਰਦਾ ਨਹੀਂ ਪਾਇਆ ਜਾ ਸਕਦਾ ਪਰ ਝੂਠੀਆਂ ਅਤੇ ਮਨਘੜਤ ਤੱਥਾਂ ਤੋਂ ਸੁਚੇਤ ਹੋਣ ਦੀ ਵੀ ਲੋੜ ਹੈ। ਨਸ਼ਿਆਂ ਨਾਲ ਨਜਿੱਠਣ ਲਈ ਧਾਰਮਿਕ, ਸਮਾਜਿਕ ਅਤੇ ਵਿਗਿਆਨਿਕ ਸੋਝੀ ਜਰੂਰੀ ਹੈ। ਪੰਜਾਬ ਵਿੱਚ ਮੰਨੋਰਜਨ ਦੇ ਸਾਧਨ ਲਈ ਨਸ਼ਾ ਖਤਰਨਾਕ ਰੁਝਾਨ ਪੈਦਾ ਕਰਦਾ ਹੈ। ਇਸ ਕਾਰਨ ਸਰਕਾਰੀ ਵੀ ਨਸ਼ਾ ਮੁਕਤੀ ਲਈ ਉਪਰਾਲਿਆਂ ਵਿੱਚ ਰੁੱਝੀ ਹੋਈ ਹੈ।

ਪੰਜਾਬ ਨਸ਼ੇ ਲਈ ਆਲਮੀ ਪੱਧਰ ਤੇ ਨਕਸ਼ੇ ਉੱਤੇ ਹੈ। ਮੌਜੂਦਾ ਪੰਜਾਬ ਸਰਕਾਰ ਇਸ ਵਿਸ਼ੇ ਤੇ ਸੁਹਿਰਦ ਅਤੇ ਚਿੰਤਕ ਵੀ ਹੈ। ਦੁੱਖ ਹੋਰ ਵੀ ਜਿਆਦਾ ਹੁੰਦਾ ਹੈ, ਜਦੋਂ ਰੰਗੀਲਾ ਪੰਜਾਬ ਨਸ਼ੀਲਾ ਪੰਜਾਬ ਕਹਿਲਾਉਣ ਲੱਗ ਜਾਂਦਾ ਹੈ। ਸਿਆਸੀ ਸੰਗੁਫੇ ਭਾਰੂ ਹੋ ਜਾਂਦੇ ਹਨ। ਨਸ਼ੇ ਬਾਰੇ ਕਾਨੂੰਨੀ ਕਾਇਦਿਆਂ ਅਤੇ ਦਾਇਰਿਆਂ ਦੀ ਵਿਆਖਿਆ ਤਾਂ ਹੁੰਦੀ ਹੈ ਪਰ ਜਦੋਂ ਨਸ਼ੇ ਦੀ ਫੜੋ-ਫੜਾਈ ਦੀਆਂ ਰੋਜ਼ਾਨਾ ਖਬਰਾਂ ਆਉਂਦੀਆਂ ਹਨ ਤਾਂ ਲੋਕ ਸੋਚਣ ਲਈ ਮਜਬੂਰ ਹੋ ਜਾਂਦੇ ਹਨ। ਨਸ਼ਾ ਗੱਠ-ਜੋੜ ਦੀਆਂ ਸੁਰਖੀਆਂ ਵੀ ਭਾਰੂ ਰਹੀਆਂ। ਜਿਸ ਤਰ੍ਹਾਂ ਰਫਤਾਰ ਚੱਲ ਰਹੀ ਹੈ, ਉਸ ਤੋਂ ਲੱਗਦਾ ਹੈ ਨਸ਼ੇ ਨੂੰ ਮੋੜਾ ਕੱਟਣ ਲਈ ਅਜੇ ਸਮਾਂ ਲੱਗੇਗਾ। ਪੰਜਾਬ ਪੰਚਾਇਤੀ ਰਾਜ ਐਕਟ 1994 ਜੋ ਪਿੰਡਾਂ ਦੀ ਰੂਹ ਦੀ ਤਰਜਮਾਨੀ ਕਰਦਾ ਹੈ ਉਸ ਵਿੱਚ ਸਪੱਸ਼ਟ ਲਿਖਿਆ ਗਿਆ ਹੈ ਕਿ ਪੰਚਾਇਤਾਂ ਪ੍ਰਕਿਰਿਆ ਅਧੀਨ ਮਤੇ ਰਾਹੀ ਆਪਣੇ ਪਿੰਡ ਵਿਚੋਂ ਨਸ਼ਾ ਮੁਕਤੀ ਲਈ ਠੇਕਾ ਸ਼ਰਾਬ ਚੁਕਵਾ ਸਕਦੀਆਂ ਹਨ। ਪਰ ਇਹ ਸਭ ਕੁੱਝ ਨਜਾਇਜ਼ ਸ਼ਰਾਬ ਦੀ ਤਸਕਰੀ ਅਤੇ ਸਰਕਾਰੀ ਮਾਲੀਏ ਦੀ ਆੜ ਕਰਕੇ ਆਪਣੀ ਮੌਤੇ ਮਰ ਜਾਂਦਾ ਹੈ। ਸ਼ਰਾਬ ਦੇ ਠੇਕੇ ਚੁਕਾਉਣ ਲਈ ਤੀਵੀਂਆਂ ਸ਼ਰਾਬ ਦੇ ਖੋਖੇ ਭੰਨਦੀਆਂ ਰਹਿੰਦੀਆਂ ਹਨ। ਇਸੇ ਕਰਕੇ ਪੰਜਾਬ ਵਿੱਚ ਇਹ ਵੀ ਚਰਚਾ ਰਹਿੰਦੀ ਹੈ ਕਿ ਸਿੰਥੈਟਿਕ ਨਸ਼ੇ ਦੀ ਬਜਾਏ ਅਫੀਮ ਵਰਗੇ ਨਸ਼ੇ ਵਰਤਣ ਲਈ ਮਾਪਦੰਡ ਬਣਾਏ ਜਾਣ। ਅਫੀਮ ਖੇਤੀ ਨਾਲ ਵੀ ਜੁੜੀ ਹੋਈ ਹੈ। ਚਲੋ ਖੈਰ ਇਹ ਮਸਲਾ ਤਾਂ ਸਿਹਤ ਮਾਹਿਰਾਂ ਅਤੇ ਸਰਕਾਰੀ ਦੀ ਕਚਹਿਰੀ ਵਿੱਚ ਪਿਆ ਹੈ। ਨਸ਼ਾ, ਨਸ਼ਾ ਹੀ ਹੁੰਦਾ ਹੈ।

ਨਸ਼ੇ ਬਾਰੇ ਰਿਪੋਰਟਾਂ ਮੁਤਾਬਿਕ 10 ਲੱਖ ਤੋਂ ਵੱਧ ਪੰਜਾਬੀ ਨਸ਼ਾ ਕਰਦੇ ਹਨ। ਇਸੇ ਕਰਕੇ ਅੱਜ ਪੰਜਾਬ ਵਿੱਚ ਚੌਥਾ ਦਰਿਆ ਨਸ਼ਿਆਂ ਦਾ ਵੱਗਦਾ ਹੈ। 2.65 ਲੱਖ ਨਸ਼ਈ ਨਸ਼ਾ ਛੁਡਾਓ ਕੇਂਦਰ ਤੋਂ ਇਲਾਜ ਕਰਾ ਰਹੇ ਹਨ। ਸੂਬੇ ਵਿੱਚ 36 ਨਸ਼ਾ ਛੁਡਾਓ ਸਰਕਾਰੀ ਅਤੇ 185 ਪ੍ਰਾਈਵੇਟ ਕੇਂਦਰ ਹਨ। ਪੰਜਾਬ ਦੀ ਆਬਾਦੀ 3.17 ਕਰੋੜ ਹੈ। ਇਸ ਆਬਾਦੀ ਦਾ 3 ਪ੍ਰਤੀਸ਼ਤ ਨਸ਼ੇ ਵਿੱਚ ਨਾਮ ਹੈ। ਨਸ਼ੇ ਦੀ ਓਵਰਡੋਜ ਨਾਲ ਪੰਜਾਬੀ ਮਰ ਰਹੇ ਹਨ। ਹਰ ਦੂਜੇ ਦਿਨ ਨਸ਼ੇ ਕਾਰਨ ਮੌਤ ਹੁੰਦੀ ਹੈ। ਆਮ ਤੌਰ ਤੇ ਸਮਾਜਿਕ ਖੇਮੇ ਵਿੱਚ ਨਸ਼ੇ ਦੀ ਗੱਲ ਕਰੀਏ ਕਿ ਜੋ ਨਸ਼ਾ ਨਹੀਂ ਕਰਦੇ ਉਹਨਾਂ ਦੇ ਹਾਵ-ਭਾਵ ਇਸ ਤਰ੍ਹਾਂ ਹੁੰਦੇ ਹਨ ਕਿ ਕਿਸੇ ਹੋਰ ਦੁਨੀਆਂ ਵਿੱਚ ਰਹਿੰਦੇ ਹਨ। ਉਹਨਾਂ ਨੂੰ ਨਸ਼ੇ ਦੇ ਨੁਕਸਾਨਾਂ, ਨਸ਼ੇ ਦੀ ਵਿਕਰੀ ਅਤੇ ਨਸ਼ੇ ਦੇ ਪ੍ਰਭਾਵਾਂ ਬਾਰੇ ਕੋਈ ਵਾ-ਵਾਸਤਾ ਨਹੀਂ ਹੁੰਦਾ। ਜੋ ਲੋਕ ਨਸ਼ਾ ਕਰਦੇ ਹਨ ਉਹਨਾਂ ਦੇ ਨਸ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਤੇ ਵੱਧ ਪ੍ਰਭਾਵ ਹੁੰਦਾ ਹੈ। ਮੋਨੋਵਿਗਿਆਨ ਦੱਸਦਾ ਕਿ ਨਸ਼ੇ ਦੇ ਨਾਲ ਨਫਰਤ ਕਰਨ ਵਾਲਾ ਵੀ ਨਸ਼ਾ ਕਰਦੇ ਹਨ। ਇਸ ਪਿੱਛੇ ਮਾੜੀ ਮਾਨਸਿਕਤਾ ਹੈ। ਨਸ਼ੇ ਤੋਂ ਲੜ ਛੁਡਾਉਣਾ ਚਾਹੁਣ ਵਾਲੇ ਵੀ ਮਾਨਸਿਕ ਕਮਜੋਰੀ ਕਰਕੇ ਇਸ ਵਿੱਚੋਂ ਨਿਕਲ ਨਹੀਂ ਸਕਦੇ, ਆਖਿਰ ਦਿਖਦੀ ਮੌਤ ਮੂਹਰੇ ਗੋਡੇ ਟੇਕ ਦਿੰਦੇ ਹਨ। ਅੱਜ ਹੈਰਾਨੀ ਹੁੰਦੀ ਹੈ ਜਦੋਂ ਘਰਾਂ ਵਿੱਚ ਪੂਜਾ ਰੂਮ ਵਾਂਗ ਬੀਅਰ ਬਾਰ ਵੀ ਮਿਲ ਜਾਂਦਾ ਹੈ। ਇਸ ਤੋਂ ਭਵਿੱਖੀ ਬਦਨਸੀਬੀ ਦੇ ਸੰਕੇਤ ਮਿਲਦੇ ਹਨ। ਕੇਰਲਾ ਵਾਂਗ ਸਾਡੇ ਘਰਾਂ ਦਾ ਸ਼ਿੰਗਾਰ ਕਿਤਾਬਾਂ ਹੁੰਦੀਆਂ ਤਾਂ ਨਕਸ਼ਾ ਹੋਰ ਹੋਣਾ ਸੀ।

ਅੱਜ ਪੰਜਾਬ ਨੂੰ ਨਵੀਂ ਨਕੋਰ ਨੁਹਾਰ ਦੇਣ ਲਈ ਨਸ਼ੇ ਵਿਰੁੱਧ ਲੋਕ ਲਹਿਰ ਪੈਦਾ ਹੋਣੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸੰਕਟ ਦੇ ਸਮੇਂ ਅੱਖਾਂ ਮੀਚਣੀਆਂ ਤਬਾਹੀ ਦਾ ਕਾਰਨ ਬਣਦਾ ਹੈ। ਜਿਵੇਂ ਦ੍ਰਿੜ ਇਰਾਦੇ ਨਾਲ ਅੰਗਰੇਜ਼ ਭਜਾਏ, ਦੇਸ਼ ਦੀ ਰਾਖੀ ਕੀਤੀ ਅਤੇ ਕਿਸਾਨ ਅੰਦੋਲਨ ਜਿੱਤਿਆ ਇਸੇ ਤਰਜ ਤੇ ਨਸ਼ੇ ਦੀ ਜੰਗ ਜਿੱਤਣਾ ਔਖੀ ਨਹੀਂ। ਜੇ ਪੰਜਾਬ ਦੇ ਲੋਕ ਜਾਗਰੂਕ ਹੋ ਕੇ ਨਸ਼ੇ ਵਿਰੁੱਧ ਲਾਮਬੰਦ ਹੁੰਦੇ ਹਨ ਤਾਂ ਸਰਕਾਰੀ ਉਪਰਾਲਿਆਂ ਦਾ ਰੰਗ ਵੀ ਗੂੜਾ ਹੋ ਜਾਵੇਗਾ। ਕਈ ਵਾਰ ਅਜਿਹਾ ਵੀ ਲੱਗਦਾ ਹੈ ਕਿ ਨਸ਼ਾ ਹੁਣ ਧੁੰਦਲਾ ਮੁਦਾ ਹੈ ਕਿਉਂਕਿ ਇਸ ਦੀ ਰਟ-ਰਟਾਈ ਬਹੁਤ ਹੋ ਚੁੱਕੀ ਹੈ। ਪੰਜਾਬ ਨੂੰ ਦੁਬਾਰੇ ਪੰਜਾਬ ਬਣਾਉਣ ਲਈ ਹਰ ਨਾਗਰਿਕ ਦਾ ਫਰਜ ਹੈ। ਅੱਜ ਪੰਜਾਬ ਜਿਸ ਆਲਮ ਵਿਚੋਂ ਗੁਜਰ ਰਿਹਾ ਹੈ ਇਉਂ ਪ੍ਰਤੀਤ ਹੁੰਦਾ ਹੈ:-

"ਫੁੱਲ ਉਗੇਂਦੀ ਧਰਤੀ ਤੇ, ਕਿਤੇ ਉੱਗ ਪੈਣ ਨਾ ਥੋਰਾਂ,
ਵਤਨ ਪੰਜਾਬ ਦੀਆਂ, ਡਾਹਢੇ ਦੇ ਹੱਥ ਡੋਰਾਂ "



# ਨਾਰੀ ਸੰਸਾਰ





## ਨਾ ਰਿਹਾ ਖੱਦਰ ਨਾ ਰਹੀਆਂ ਖੱਡੀਆਂ



ਪਰਮਜੀਤ ਕੌਰ ਸਰਹਿੰਦ

ਪੇਂਡੂ ਜੀਵਨ ਦਾ ਥੰਮ੍ਹ ਸਮਝੇ ਜਾਂਦੇ ਕਿਰਤੀ ਲੋਕਾਂ ਵਿਚ ਕਦੇ 'ਬੋਣੇ' ਅਹਿਮ ਸਥਾਨ ਰੱਖਦੇ ਸਨ। ਇਨ੍ਹਾਂ ਨੂੰ ਭਗਤ ਕਬੀਰ ਜੀ ਦੀ ਵੰਸ਼ ਜੁਲਾਹਾ ਜਾਤੀ ਵਿਚੋਂ ਹੋਣ ਦਾ ਮਾਣ ਹਾਸਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1368 ਉੱਤੇ ਭਗਤ ਕਬੀਰ ਜੀ ਦਾ ਉਚਾਰਿਆ ਸਲੋਕ ਹੈ:

*ਕਬੀਰ ਜਾਤਿ ਜੁਲਾਹਾ ਕਿਆ ਕਰੈ*
*ਹਿਰਦੈ ਬਸੇ ਗੁਪਾਲ ॥*
*ਕਬੀਰ ਰਮਈਆ ਕੰਠਿ ਮਿਲੁ*
*ਚੂਕਹਿ ਸਰਬ ਜੰਜਾਲ ॥ 82 ॥*

ਇਨ੍ਹਾਂ ਲੋਕਾਂ ਨੂੰ ਕਿੱਤਾ ਵੰਡ ਨੇ 'ਬੋਣੇ' ਅਰਥਾਤ 'ਬੁਣਨ ਵਾਲੇ' ਨਾਂ ਦਿੱਤਾ। ਇਨ੍ਹਾਂ ਲੋਕਾਂ ਦਾ ਮੁੱਖ ਕਿੱਤਾ ਖੱਡੀਆਂ ਤੇ ਕੁੰਭਲਾਂ 'ਤੇ ਘਰੇਲੂ ਲੋੜ ਦਾ ਸੂਤੀ ਕੱਪੜਾ ਬੁਣਨਾ ਹੁੰਦਾ ਸੀ। ਇਨ੍ਹਾਂ ਨੇ ਆਪਣੇ ਘਰਾਂ ਵਿਚ ਹੀ ਖੱਡੀਆਂ ਅਤੇ ਕੁੰਭਲਾਂ ਬਣਾਈਆਂ ਹੁੰਦੀਆਂ। ਪੇਂਡੂ ਸੁਆਣੀਆਂ ਆਪਣਾ ਹੱਥੀਂ ਕੱਤਿਆ ਸੂਤ ਉਨ੍ਹਾਂ ਨੂੰ ਦੇ ਦਿੰਦੀਆਂ ਤੇ ਨਿੱਤ-ਵਰਤੋਂ ਦੇ ਕੱਪੜੇ ਲਈ ਖੱਦਰ ਅਤੇ ਪਤਲੀਆਂ ਚਾਦਰਾਂ ਵੀ ਬਣਵਾ ਲੈਂਦੀਆਂ। ਬੋਣੇ ਵੱਡੇ-ਭਾਰੇ ਕੱਪੜੇ ਵੀ ਬੁਣਦੇ ਜਿਨ੍ਹਾਂ ਵਿਚ ਖੇਸ, ਖੇਸੀਆਂ, ਚੁਤਾਹੀਆਂ, ਦੋੜੇ (ਦੋਲੇ) ਅਤੇ ਖੱਦਰ ਦੇ 'ਕੋਰੇ' ਵੀ ਬਣਾਏ ਜਾਂਦੇ। ਕੋਰੇ ਬਾਰਾਂ ਕੁ ਗਿਰੇ ਚੌੜੇ ਅਤੇ ਅੰਦਾਜ਼ਨ ਪੱਚੀ-ਤੀਹ ਗਜ਼ ਲੰਮੇ ਹੁੰਦੇ। ਪੁਰਾਣੇ ਸਮੇਂ ਪਿੰਡਾਂ ਵਿਚ ਕੋਰਿਆਂ ਦੀ ਬੜੀ ਵਰਤੋਂ ਹੁੰਦੀ ਕਿਉਂਕਿ ਕੁੜੀ ਦੀ ਆਈ ਬਰਾਤ ਨੂੰ ਇਨ੍ਹਾਂ ਦੁੱਧ ਚਿੱਟੇ ਕੋਰਿਆਂ 'ਤੇ ਬਿਠਾ ਕੇ ਰੋਟੀ ਖੁਆਈ ਜਾਂਦੀ। ਇਹ ਕੋਰੇ, ਤੱਪੜ (ਟਾਟ) ਵਾਂਗ ਵਿਛਾਏ-ਵਰਤੇ ਜਾਂਦੇ। ਕੋਰੇ ਨੂੰ 'ਵਰਕ' ਵੀ ਕਿਹਾ ਜਾਂਦਾ ਸੀ।

ਖੱਡੀ ਉੱਤੇ ਬੁਣਿਆ ਖੱਦਰ, ਪੋਣਿਆਂ-ਪਰਨਿਆਂ ਤੋਂ ਇਲਾਵਾ ਔਰਤਾਂ-ਮਰਦਾਂ ਦੇ ਸੂਟਾਂ ਲਈ ਵੀ ਵਰਤਿਆ ਜਾਂਦਾ। ਖੇਸ ਤੇ ਖੇਸੀਆਂ ਚਿੱਟੇ ਵੀ ਹੁੰਦੇ ਤੇ ਸੂਤ ਨੂੰ ਰੰਗ ਕੇ ਇਹ ਦੋ ਰੰਗੇ ਡੱਬੀਦਾਰ ਵੀ ਬਣਾਏ ਜਾਂਦੇ। ਚਿੱਟੀਆਂ ਚੁਤਹੀਆਂ ਦੇ ਚਾਰੇ ਪਾਸੇ ਲਾਲ-ਹਰੀ ਕਿਨਾਰੀ ਪਾਈ ਜਾਂਦੀ ਜੋ ਬਹੁਤ ਖ਼ੂਬਸੂਰਤ ਲੱਗਦੀ। ਖੱਦਰ ਨੂੰ ਰੰਗ ਕੇ ਰਜਾਈਆਂ ਦੇ ਅੰਦਰੋੜ (ਅੰਦਰਲੇ ਪਾਸੇ ਲਾਉਣ ਵਾਲਾ ਕੱਪੜਾ) ਅਤੇ ਚੰਦੇ (ਉੱਪਰ ਵਾਲਾ ਕੱਪੜਾ) ਵੀ ਬਣਾਏ ਜਾਂਦੇ। ਉੱਪਰ ਵਾਲੇ ਚੰਦੇ ਨੂੰ ਪਿੰਡ ਨਾਲ ਦੇ ਕਸਬੇ ਜਾਂ ਸ਼ਹਿਰ ਤੋਂ ਛਪਵਾ ਲਿਆ ਜਾਂਦਾ। ਛਾਪੇ ਵਾਲਾ ਨਮੂਨਾ ਪਸੰਦ ਕਰਵਾ ਕੇ ਠੱਪੇ ਨਾਲ ਰੰਗ-ਬਰੰਗੇ ਛਾਪੇ ਲਾ ਦਿੰਦਾ। ਇਸ ਤਰ੍ਹਾਂ ਘਰ ਦੀਆਂ ਆਮ ਲੋੜਾਂ ਘੱਟ ਖਰਚੇ ਨਾਲ ਪੂਰੀਆਂ ਹੋ ਜਾਂਦੀਆਂ। ਇਹ ਕਾਮੇ ਆਪਣੀ ਰੋਜ਼ੀ ਵੀ ਚਲਾਉਂਦੇ ਤੇ ਘੱਟ ਖ਼ਰਚੇ ਨਾਲ ਘਰਾਂ ਦੀਆਂ ਅਜਿਹੀਆਂ ਗਰਜ਼ਾਂ ਵੀ ਪੂਰਦੇ। ਇਹ ਲੋਕ ਵੀ ਬੜੀ ਮਿਹਨਤ ਕਰਦੇ ਤੇ ਜ਼ਿਆਦਾ ਕੰਮ ਵੇਲੇ ਰਾਤ ਨੂੰ ਦੀਵੇ-ਲਾਲਟੈਣਾਂ ਦੇ ਚਾਨਣ ਵਿਚ ਵੀ ਕੰਮ ਲੱਗੇ ਰਹਿੰਦੇ। ਇਸ ਕੰਮ ਨੂੰ ਵੀ ਸਾਰਾ ਪਰਿਵਾਰ ਰਲ-ਮਿਲ ਕੇ ਕਰਦਾ। ਔਰਤਾਂ ਵੀ ਖੱਡੀ ਦੇ ਕੰਮ ਵਿਚ ਮਾਹਰ ਹੁੰਦੀਆਂ।

ਪੁਰਾਣੇ ਸਮੇਂ ਵਿਚ ਤਕਰੀਬਨ ਸਾਰੇ ਜੁਲਾਹਿਆਂ ਦੇ ਘਰਾਂ ਵਿਚ ਖੱਡੀਆਂ ਹੁੰਦੀਆਂ। ਖੱਡੀ ਲੱਕੜ ਦੇ ਚੌਖਟੇ ਵਿਚ ਫੱਟੀਆਂ ਆਦਿ ਨਾਲ ਬਣੀ ਹੁੰਦੀ। ਇਸ ਵਿਚ ਵਰਤਿਆ ਜਾਂਦਾ ਮੁੱਖ ਸਾਮਾਨ 'ਸ਼ਟਲ' ਹੱਥਾ, ਰੱਛ, ਪੈੜੇ, ਨਲੀਆਂ ਅਤੇ ਬੋਕੀ ਆਦਿ ਹੁੰਦਾ। ਸ਼ਟਲ ਤੋਂ ਬਿਨਾਂ ਬਾਕੀ ਸਾਰਾ ਸਾਮਾਨ ਬੰਨ੍ਹਿਆ ਜਾਂ ਜੜਿਆ-ਠੋਕਿਆ ਹੁੰਦਾ। ਖੱਡੀ 'ਤੇ ਕੰਮ ਕਰਨ ਲਈ ਇਕ ਫੱਟੀ ਫਿੱਟ ਕੀਤੀ ਹੁੰਦੀ ਉਸ ਉੱਤੇ ਬੈਠ ਕੇ ਬੋਣਾ ਕੱਪੜਾ ਬੁਣਦਾ। ਤਾਣਾ ਲੋਹੇ ਦੀਆਂ ਬਾਰੀਕ ਕੁੰਡੀਦਾਰ ਤਾਰਾਂ ਵਿਚੋਂ ਲੰਘਾਇਆ ਹੁੰਦਾ। ਸਾਹਮਣੇ ਪਾਸੇ ਟਿਕਾਏ ਰੂਲ ਤੋਂ ਇਹ ਤਾਣਾ ਚੜ੍ਹਾਇਆ ਜਾਂਦਾ। ਕਾਰੀਗਰ ਦੇ ਬੈਠਣ ਵਾਲੇ ਪਾਸੇ ਫਿੱਟ ਕੀਤੀ ਮੋਟੀ ਬਾਹੀ ਤੋਂ ਤਾਣਾ ਘੁੰਮਾਇਆ ਜਾਂਦਾ। ਖੱਡੀ ਦੇ ਚੌਖਟੇ ਦੀ ਉੱਪਰਲੀ ਫੱਟੀ ਨਾਲ 'ਰੱਛ' ਬੰਨ੍ਹੇ ਹੁੰਦੇ। ਜੇ ਮੋਟਾ ਖੱਦਰ ਬੁਣਨਾ ਹੁੰਦਾ ਤਾਂ ਦੋ ਰੱਛ ਪਾਏ ਜਾਂਦੇ ਅਤੇ ਜਿਉਂ-ਜਿਉਂ ਕੱਪੜਾ ਬਾਰੀਕੀ ਨਾਲ ਬੁਣਨਾ ਹੁੰਦਾ ਤਾਂ ਰੱਛਾਂ ਦੀ ਗਿਣਤੀਵਧਦੀ ਜਾਂਦੀ। ਤਾਣੇ ਦੇ ਥੱਲਵੇਂ ਪਾਸੇ ਬੋਣੇ ਦੇ ਬੈਠਣ ਵਾਲੀ ਫੱਟੀ ਕੋਲ ਲੱਕੜ ਦੀਆਂ ਫੱਟੀਆਂ ਦੇ ਲੰਮੇ ਦਾਅ ਵਾਲੇ 'ਪੈੜੇ' ਹੁੰਦੇ। ਬੁਣਨ ਲਈ ਇਹ ਪੈੜੇ ਪੈਰਾਂ ਨਾਲ ਦੱਬੇ-ਛੱਡੇ ਜਾਂਦੇ। ਜਦੋਂ ਪੈੜਾ ਦੱਬਿਆ ਜਾਂਦਾ ਤਾਂ ਤਾਣਾ ਥੱਲੇ ਡਿੱਗਦਾ, ਦੋ ਪੈੜੇ ਛੱਡੇ ਜਾਂਦੇ ਉਹ ਤਾਣਾ ਉੱਪਰ ਉੱਠਦਾ।

ਤਾਣੇ ਵਿਚ ਬਾਣਾ (ਪੇਟਾ) ਪਾਉਣ ਲਈ ਵਿਸ਼ੇਸ਼ 'ਸ਼ਟਲ' ਹੁੰਦਾ ਹੈ ਜਿਸ ਦਾ ਆਕਾਰ ਨਿੱਕੀ ਜਿਹੀ ਕਿਸ਼ਤੀ ਵਰਗਾ ਹੁੰਦਾ ਹੈ। ਸ਼ਟਲ ਲੱਕੜ ਦਾ ਹੁੰਦਾ ਹੈ ਤੇ ਇਸ ਦੇ ਹੇਠਲੇ ਪਾਸੇ ਦੋਵੇਂ ਸਿਰਿਆਂ ਉੱਤੇ ਛੋਟੇ-ਛੋਟੇ ਰੇੜ੍ਹੂ ਲੱਗੇ ਹੁੰਦੇ ਹਨ ਜੋ ਉਸ ਦੇ ਚੱਲਣ ਵਿਚ ਸੌਖ ਪੈਦਾ ਕਰਦੇ ਹਨ। ਇਸ ਦੇ ਇਕ ਪਾਸੇ ਨਿੱਕਾ ਜਿਹਾ ਛੇਕ ਹੁੰਦਾ ਹੈ। ਅੰਦਰਲੇ ਪਾਸੇ ਇਕ ਪਾਸੇ ਵੱਲ ਇਹ ਲੋਹੇ ਜਾਂ ਲੱਕੜ ਦੀ ਨਲੀ ਜੜੀ ਹੁੰਦੀ ਹੈ। ਇਕ ਨਲੀ ਹੋਰ ਹੁੰਦੀ ਹੈ ਜੋ ਪਹਿਲਾਂ ਲੱਕੜ ਦੀ ਹੁੰਦੀ ਸੀ ਫਿਰ ਸਖ਼ਤ ਰਬੜ ਦੀ ਬਣਾਈ ਜਾਣ ਲੱਗੀ। ਬੁਣਨ ਲਈ ਧਾਗਾ, ਸੂਤ ਜਾਂ ਅਜੋਕੇ ਸਮੇਂ ਬਾਰੀਕ ਉੱਨ ਵੀ ਵਰਤੀ ਜਾਂਦੀ ਹੈ। ਸ਼ਟਲ ਨਾਲ ਧਾਗਾ ਆਪਣੇ ਆਪ ਤਾਣੇ ਵਿਚ ਘੁੰਮਦਾ ਹੈ ਤੇ ਕੱਪੜਾ ਬੁਣਿਆ ਜਾਂਦਾ ਹੈ।

ਤਾਣੇ ਦੇ ਆਡਾ-ਟੇਢਾ ਹੋਣ ਤੋਂ ਸਾਵਧਾਨੀ ਲਈ ਪਹਿਲਾਂ 'ਪਣਖ' ਵਰਤੀ ਜਾਂਦੀ ਸੀ। ਇਹ ਤਿੰਨ-ਚਾਰ ਇੰਚ ਚੌੜੀ ਫੱਟੀ ਦੋਵੇਂ ਸਿਰਿਆਂ ਵਿਚ ਫਸਾ ਕੇ ਰੱਖੀ ਜਾਂਦੀ ਸੀ ਤੇ ਤਾਣਾ ਠੀਕ ਟਿਕਾਣੇ ਰਹਿੰਦਾ ਅਤੇ ਕੱਪੜਾ ਕੰਨੀਆਂ ਤੋਂ ਬਰਾਬਰ ਬਣੀ ਜਾਂਦਾ, ਪਰ ਹੁਣ ਦੋਵੇਂ ਸਿਰਿਆਂ ਨੂੰ ਲੋਹੇ ਦੀ ਤਾਰ ਨਾਲ ਕੁੰਡੀਆਂ ਪਾ ਕੇ ਕੱਸਿਆ ਜਾਂਦਾ ਤੇ ਇਹ ਬਣ ਰਹੇ ਕੱਪੜੇ ਨੂੰ ਪਣਖ ਵਾਂਗ ਕਸਾਅ ਪਾਈ ਰੱਖਦੀਆਂ। ਇਸ ਲਈ ਕੱਪੜੇ ਵਿਚ ਕਾਣ ਨਹੀਂ ਸੀ ਪੈਂਦੀ।

ਅੱਜ ਖੱਡੀਆਂ ਉੱਤੇ ਖੱਦਰ ਬੁਣਨ ਦਾ ਜ਼ਮਾਨਾ ਨਹੀਂ ਬਲਕਿ ਵੱਡੀਆਂ-ਵੱਡੀਆਂ ਮਿੱਲਾਂ ਵਿਚ ਅੰਬਰ ਛੂੰਹਦੀਆਂ ਚਿਮਨੀਆਂ ਵਾਲੀਆਂ ਇਮਾਰਤਾਂ ਤੀਹ ਗਜ਼ ਦਾ ਕੋਰਾ ਨਹੀਂ ਬਲਕਿ ਹਜ਼ਾਰਾਂ ਗਜ਼ ਕੱਪੜਾ ਰੋਜ਼ ਤਿਆਰ ਕਰਨ ਵਾਲਾ ਆਧੁਨਿਕ ਯੁੱਗ ਹੈ। ਇਹ ਮਿੱਲਾਂ ਉਨ੍ਹਾਂ ਖੱਡੀਆਂ ਦੀ ਕੁੱਖੋਂ ਹੀ ਜਨਮੀਆਂ ਹਨ, ਸੋ ਉਨ੍ਹਾਂ ਨੂੰ ਚੇਤੇ ਕਰਨਾ ਬਣਦਾ ਹੈ। ਅੱਜ ਇਹ ਕਿਰਤੀ ਲੋਕ ਪੜ੍ਹ-ਲਿਖ ਕੇ ਉੱਚ ਅਹੁਦਿਆਂ 'ਤੇ ਵਿਰਾਜਮਾਨ ਹਨ। ਕਈਆਂ ਦੀਆਂ ਆਪਣੀਆਂ ਕੱਪੜੇ ਦੀਆਂ ਮਿੱਲਾਂ ਹਨ ਜਾਂ ਹੋਰ ਵੱਡੇ ਕਾਰੋਬਾਰ ਹਨ। ਸਲਾਮ ਕਰਨਾ ਬਣਦਾ ਹੈ ਉਨ੍ਹਾਂ ਸੁਚੱਜੇ ਹੱਥਾਂ ਨੂੰ ਜਿਨ੍ਹਾਂ ਦੀ ਕਿਰਤ ਪੇਂਡੂ ਜੀਵਨ ਦਾ ਆਧਾਰ ਸੀ। ਅੱਜ ਭਾਵੇਂ ਨਾ ਖੱਦਰ ਨਾ ਖੱਡੀਆਂ ਲੱਭਦੀਆਂ ਹਨ, ਪਰ ਇਹ ਸਾਡੀ ਵਿਰਾਸਤ ਦਾ ਅਨਮੋਲ ਹਿੱਸਾ ਹਨ।

**ਸੰਪਰਕ: 98728-98599**

## ਮਾਪਿਆਂ ਵਲੋਂ ਬੱਚਿਆਂ ਦੇ ਉੱਜਵਲ ਭਵਿੱਖ ਪ੍ਰਤੀ ਸੰਜੋਏ ਸੁਪਨੇ ਸਾਰਥਿਕ ਹੋਣ ਕਿਵੇਂ?

ਅਕਸਰ ਹਰ ਮਾਂ-ਬਾਪ ਨੇ ਦਿਲੀ ਸੁਪਨੇ ਸੰਜੋਏ ਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਤੰਦਰੁਸਤ, ਸੂਝਵਾਨ, ਆਗਿਆਕਾਰੀ ਹੋਣ। ਚੰਗਾ ਪੜ੍ਹ-ਲਿਖ ਕੇ ਅਫਸਰ, ਡਾਕਟਰ ਜਾਂ ਸਫ਼ਲ ਬਿਜ਼ਨੈਸਮੈਨ ਬਣਨ। ਉਨ੍ਹਾਂ ਦਾ ਭਵਿੱਖ ਉੱਜਵਲ ਹੋਵੇ ਅਤੇ ਉਹ ਮਾਪਿਆਂ ਦੇ ਬੁਢਾਪੇ ਦੀ ਮਜ਼ਬੂਤ ਲਾਠੀ ਵਾਲਾ ਰੋਲ ਵੀ ਭਲੀਭਾਂਤ ਅਦਾ ਕਰਨ। ਜੇ ਦੇਖਿਆ ਜਾਵੇ ਤਾਂ ਘਰ ਵਿਚ ਬੱਚਿਆਂ ਦੇ ਸਭ ਤੋਂ ਪਹਿਲੇ ਅਤੇ ਪ੍ਰਪੱਕ ਰੋਲ ਮਾਡਲ ਮਾਪੇ ਹੀ ਹੁੰਦੇ ਹਨ। ਜੋ ਮਾਪੇ ਆਪਣਾ ਇਹ ਰੋਲ ਸਹੀ ਤਰੀਕੇ ਨਾਲ ਨਿਭਾਅ ਪਾਉਂਦੇ ਹਨ, ਉਨ੍ਹਾਂ ਦੇ ਬੱਚੇ ਜਿਥੇ ਸਫਲਤਾ ਦੀਆਂ ਮੰਜ਼ਿਲਾਂ ਸਹਿਜੇ ਹੀ ਸਰ ਕਰ ਜਾਂਦੇ ਹਨ, ਉਥੇ ਹੀ ਸਭ ਦੇ ਦਿਲਾਂ 'ਤੇ ਰਾਜ ਵੀ ਕਰਦੇ ਹਨ। ਆਦਰਸ਼ ਮਾਪਿਆਂ ਦੇ ਬੱਚਿਆਂ ਪ੍ਰਤੀ ਕੀ ਫਰਜ਼ ਹਨ? ਚੰਗੀ ਤਰ੍ਹਾਂ ਜਾਨਣ-ਸਮਝਣ ਦੀ ਲੋੜ ਹੈ।

ਮੰਨ ਲਵੋ ਤੁਹਾਡਾ ਬੱਚਾ ਛੋਟਾ ਹੈ ਯਾਨੀ ਕਿ ਜਨਮ ਤੋਂ 5 ਸਾਲ ਦੀ ਉਮਰ ਵਿਚਾਲੇ ਹੈ ਤਾਂ ਉਸ ਨੂੰ ਖ਼ੂਬ ਲਾਡ-ਪਿਆਰ ਦੀ ਲੋੜ ਹੁੰਦੀ ਹੈ। 5 ਤੋਂ 10 ਸਾਲ ਉਮਰ ਵਿਚ ਹੈ ਤਾਂ ਉਸ ਵਲੋਂ ਕੀਤੀ ਗ਼ਲਤੀ ਦਾ ਪਿਆਰ ਪੂਰਵਕ ਅਹਿਸਾਸ ਕਰਵਾਉਂਦਿਆਂ ਹਰ ਗੱਲ ਸਮਝਾਓ। ਬੱਚਾ 10 ਤੋਂ 20 ਸਾਲ ਦੀ ਉਮਰ ਵਿਚ ਹੈ ਤਾਂ ਚੰਗੇ ਦੋਸਤ ਬਣ ਕੇ ਉਸ ਦਾ ਸਾਥ ਨਿਭਾਓ। ਕਈ ਘਰਾਂ ਵਿਚ ਤਾਂ ਬੱਚੇ ਦੇ ਮਨ ਵਿਚ ਪਿਤਾ ਦਾ ਡਰ ਹਊਆ ਬਣਾ ਕੇ ਹੀ ਰੱਖਿਆ ਜਾਂਦਾ ਹੈ, ਜੋ ਕਿ ਗ਼ਲਤ ਹੈ, ਕਿਉਂਕਿ ਜੇਕਰ ਬੱਚੇ ਦੇ ਮਨ ਵਿਚ ਇਹ ਡਰ ਇਕ ਵਾਰੀ ਬੈਠ ਗਿਆ ਤਾਂ ਉਹ ਆਪਣੇ ਪਿਤਾ ਨਾਲ ਨਜ਼ਰਾਂ ਮਿਲਾਉਣ ਅਤੇ ਦਿਲ ਦੀ ਕੋਈ ਵੀ ਗੱਲ ਸਾਂਝੀ ਕਰਨ ਤੋਂ ਕੰਨੀ ਕਤਰਾਉਂਦਾ ਹੀ ਰਹੇਗਾ। ਇਥੇ ਸਵਾਲ ਉੱਠਣਾ ਸੁਭਾਵਿਕ ਹੀ ਹੈ ਕਿ ਮਾਪਿਆਂ ਵਲੋਂ ਆਪਣੇ ਬੱਚਿਆਂ ਨੂੰ ਕਾਮਯਾਬ ਸ਼ਖ਼ਸੀਅਤ ਬਣਾਉਣ ਅਤੇ ਉੱਜਵਲ ਭਵਿੱਖ ਸਿਰਜਣ ਪ੍ਰਤੀ ਜੋ ਸੁਪਨੇ ਆਪਣੇ ਮਨਾਂ 'ਚ ਸੰਜੋਏ ਹੁੰਦੇ ਹਨ, ਉਨ੍ਹਾਂ ਦਾ ਬੱਚਿਆਂ 'ਤੇ ਕੀ ਅਸਰ ਹੁੰਦਾ ਹੈ? ਅਤੇ ਮਾਪੇ ਆਪਣਾ ਬਣਦਾ ਰੋਲ ਕਿਵੇਂ ਨਿਭਾਉਣ? ਮਾਪਿਆਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਲਈ ਲੋੜੀਂਦਾ ਸਮਾਂ ਕੱਢਦਿਆਂ ਉਨ੍ਹਾਂ ਸਮੇਤ ਘੁੰਮਣ-ਫਿਰਨ, ਖ਼ਰੀਦਦਾਰੀ ਅਤੇ ਛੁੱਟੀਆਂ ਮਨਾਉਣ ਲਈ ਜਾਣ ਅਤੇ ਉਨ੍ਹਾਂ ਦੀ ਪਸੰਦ-ਨਾ ਪਸੰਦ ਦਾ ਖਿਆਲ ਰੱਖਣ। ਇਸ ਤਰ੍ਹਾਂ ਜਿਥੇ ਬੱਚਿਆਂ ਦਾ ਤੁਹਾਡੇ ਨਾਲ ਮੋਹ-ਪਿਆਰ ਦਾ ਰਿਸ਼ਤਾ ਗੂੜ੍ਹਾ ਹੋਵੇਗਾ, ਉਥੇ ਹੀ ਉਨ੍ਹਾਂ ਦੇ ਦਿਲਾਂ ਵਿਚ ਸਮਾਜ ਅਤੇ ਤੁਹਾਡੇ ਪ੍ਰਤੀ ਪ੍ਰਤੀਬੱਧਤਾ ਵੀ ਪੈਦਾ ਹੋਵੇਗੀ। ਕਈ ਵਾਰ ਤਾਂ ਦੇਖਣ-ਸੁਣਨ ਵਿਚ ਆਉਂਦਾ ਹੈ ਕਿ ਕੁਝ ਮਾਪੇ ਆਪਣੇ ਬੱਚਿਆਂ ਦੀ ਅੰਦਰੂਨੀ ਸਮਰੱਥਾ, ਯੋਗਤਾ ਤੋਂ ਕਈ ਗੁਣਾ ਵਧੇਰੇ ਆਸ ਕਰਦਿਆਂ ਪੜ੍ਹਾਈ 'ਚੋਂ ਪਹਿਲੇ ਨੰਬਰ, ਮੈਰਿਟ 'ਚ ਆਉਣ ਜਾਂ ਖੇਡਾਂ 'ਚੋਂ ਪੁਜ਼ੀਸ਼ਨ ਹਾਸਲ ਕਰਨ ਆਦਿ ਸਬੰਧੀ ਬੇਲੋੜਾ ਦਬਾਅ ਬਣਾ ਕੇ ਰੱਖਦੇ ਹਨ, ਜਿਸ ਸਦਕਾ ਜਿਥੇ ਬੱਚਾ ਸਹਿਮਿਆ, ਤਣਾਅ, ਹੀਣਭਾਵਨਾ ਗ੍ਰਸਤ, ਚਿੜਚਿੜਾ ਅਤੇ ਚੁੱਪਚਾਪ ਜਿਹਾ ਰਹਿਣ ਲਗਦਾ ਹੈ, ਉਥੇ ਹੀ ਇਹ ਅਗਿਆਨਤਾਵੱਸ ਪਾਇਆ ਜਾ ਰਿਹਾ ਦਬਾਅ ਬੱਚੇ ਦੇ ਪੈਰਾਂ ਲਈ ਇਕ ਤਰ੍ਹਾਂ ਦੀ ਬੇੜੀ ਵੀ ਬਣ ਸਕਦਾ ਹੈ। ਮੁੱਕਦੀ ਗੱਲ ਹੈ ਕਿ ਮਾਪੇ ਬੱਚਿਆਂ ਲਈ ਮੁਢਲੇ ਅਤੇ ਭਰੋਸੇਯੋਗ ਰਾਹ ਦਸੇਰੇ ਹਨ। ਜੇ ਉਹ ਆਪਣਾ ਇਹ ਰੋਲ ਸਿਆਣਪ ਨਾਲ ਨਿਭਾਉਣ ਵਿਚ ਸਫਲ ਹੁੰਦੇ ਹਨ ਤਾਂ ਆਪਣੇ ਮਨਾਂ ਵਿਚ ਬੱਚਿਆਂ ਦੇ ਉਜਵਲ ਭਵਿੱਖ ਪ੍ਰਤੀ ਸੰਜੋਏ ਸੁਪਨੇ ਇੰਨ-ਬਿੰਨ ਸਿਰਜ ਅਤੇ ਸਾਕਾਰ ਕਰ ਲੈਂਦੇ ਹਨ।

## ਸੋਸ਼ਲ ਮੀਡੀਆ ਦੀ ਦੁਰਵਰਤੋਂ

ਸੋਸ਼ਲ ਮੀਡੀਆ ਦੀ ਦੁਰਵਰਤੋਂ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੀ ਇਸ ਟਿੱਪਣੀ ਮਗਰੋਂ ਸਰਕਾਰ ਨੂੰ ਕੁਝ ਕਰਨਾ ਹੀ ਹੋਵੇਗਾ ਕਿ ਆਖ਼ਰ ਉਹ ਕੋਈ ਦਿਸ਼ਾ-ਨਿਰਦੇਸ਼ ਲਾਗੂ ਕਿਉਂ ਨਹੀਂ ਕਰ ਰਹੀ ਹੈ? ਕਹਿਣਾ ਔਖਾ ਹੈ ਕਿ ਭਾਰਤ ਸਰਕਾਰ ਸੋਸ਼ਲ ਮੀਡੀਆ ਦੀ ਦੁਰਵਰਤੋਂ ਰੋਕਣ ਲਈ ਕੀ ਅਤੇ ਕਿਸ ਤਰ੍ਹਾਂ ਦੇ ਦਿਸ਼ਾ-ਨਿਰਦੇਸ਼ ਤਿਆਰ ਕਰਦੀ ਹੈ ਅਤੇ ਉਹ ਕਿਸ ਹੱਦ ਤਕ ਪ੍ਰਭਾਵਸ਼ਾਲੀ ਹੁੰਦੇ ਹਨ ਪਰ ਇਸ ਵਿਚ ਦੋ ਰਾਇ ਨਹੀਂ ਕਿ ਪ੍ਰਗਟਾਵੇ ਦੀ ਆਜ਼ਾਦੀ ਦਾ ਮਨਮਰਜ਼ੀ ਨਾਲ ਇਸਤੇਮਾਲ ਹੋ ਰਿਹਾ ਹੈ। ਅਜਿਹਾ ਸਿਰਫ਼ ਭਾਰਤ ਵਿਚ ਹੀ ਨਹੀਂ, ਦੁਨੀਆ ਦੇ ਹੋਰ ਦੇਸ਼ਾਂ ਵਿਚ ਵੀ ਹੋ ਰਿਹਾ ਹੈ। ਇਸੇ ਕਾਰਨ ਸੋਸ਼ਲ ਮੀਡੀਆ ਦੀ ਦੁਰਵਰਤੋਂ ਪੂਰੀ ਦੁਨੀਆ ਲਈ ਇਕ ਵੱਡੀ ਸਮੱਸਿਆ ਬਣ ਗਈ ਹੈ। ਸੋਸ਼ਲ ਮੀਡੀਆ ਦੀ ਦੁਰਵਰਤੋਂ ਸਿਰਫ਼ ਟਰੋਲਿੰਗ ਦੇ ਰੂਪ ਵਿਚ ਹੀ ਨਹੀਂ ਹੋ ਰਹੀ ਹੈ। ਇਕ ਵੱਡੀ ਸਮੱਸਿਆ ਇਹ ਹੈ ਕਿ ਸੋਸ਼ਲ ਮੀਡੀਆ ਜ਼ਰੀਏ ਝੂਠੀਆਂ ਖ਼ਬਰਾਂ ਫੈਲਾਉਣ ਦਾ ਕੰਮ ਵੀ ਕੀਤਾ ਜਾ ਰਿਹਾ ਹੈ। ਕਈ ਵਾਰ ਤਾਂ ਇਹ ਕੰਮ ਗਿਣੇ-ਮਿੱਥੇ ਤਰੀਕੇ ਨਾਲ ਕੀਤਾ ਜਾਂਦਾ ਹੈ ਅਤੇ ਇਸੇ ਲੜੀ ਵਿਚ ਲੋਕ ਰਾਇ ਨੂੰ ਵੀ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਸਿਲਸਿਲੇ ਵਿਚ ਕੈਂਬਰਿਜ ਐਨਾਲਿਟਿਕਾ ਨਾਂ ਦੀ ਕੰਪਨੀ 'ਤੇ ਲੱਗੇ ਇਸ ਸਨਸਨੀਖੇਜ਼ ਦੋਸ਼ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਉਸ ਨੇ ਫੇਸਬੁੱਕ ਦਾ ਡਾਟਾ ਚੋਰੀ ਕਰ ਕੇ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕਰਨ ਦਾ ਕੰਮ ਕੀਤਾ ਸੀ।

ਬੇਸ਼ੱਕ ਉਨ੍ਹਾਂ ਘਟਨਾਵਾਂ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਜੋ ਵ੍ਹਟਸਐਪ ਜ਼ਰੀਏ ਫੈਲਾਈਆਂ ਗਈਆਂ ਅਫ਼ਵਾਹਾਂ ਦੇ ਨਤੀਜੇ ਵਜੋਂ ਵਾਪਰੀਆਂ। ਅਜਿਹੀਆਂ ਕਈ ਘਟਨਾਵਾਂ ਭਾਰਤ ਵਿਚ ਵੀ ਵਾਪਰੀਆਂ। ਇਨ੍ਹਾਂ ਘਟਨਾਵਾਂ ਮਗਰੋਂ ਵ੍ਹਟਸਐਪ ਨੇ ਫ਼ਰਜ਼ੀ ਖ਼ਬਰਾਂ ਨੂੰ ਨੱਥ ਪਾਉਣ ਲਈ ਕੁਝ ਉਪਾਅ ਜ਼ਰੂਰ ਕੀਤੇ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਸੋਸ਼ਲ ਮੀਡੀਆ ਜ਼ਰੀਏ ਫ਼ਰਜ਼ੀ ਖ਼ਬਰਾਂ ਫੈਲਾਉਣ ਦਾ ਕੰਮ ਬੰਦ ਹੋ ਚੁੱਕਾ ਹੈ। ਜੇ ਅਜਿਹਾ ਨਹੀਂ ਹੋਇਆ ਹੈ ਤਾਂ ਇਸ ਦੀ ਇਕ ਵਜ੍ਹਾ ਇਹ ਹੈ ਕਿ ਸੋਸ਼ਲ ਮੀਡੀਆ ਦੇ ਸਾਰੇ ਪਲੇਟਫਾਰਮ ਟਰੋਲਿੰਗ ਅਤੇ ਫ਼ਰਜ਼ੀ ਖ਼ਬਰਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਉਪਾਅ ਨਹੀਂ ਕਰ ਸਕੇ ਹਨ। ਬਿਹਤਰ ਹੋਵੇ ਕਿ ਸੋਸ਼ਲ ਮੀਡੀਆ ਕੰਪਨੀਆਂ ਆਪਣੇ ਪਲੇਟਫਾਰਮ ਦਾ ਗ਼ਲਤ ਇਸਤੇਮਾਲ ਰੋਕਣ ਲਈ ਸਰਕਾਰਾਂ ਨੂੰ ਸਹਿਯੋਗ ਦੇਣ। ਉਨ੍ਹਾਂ ਦੇ ਸਹਿਯੋਗ ਨਾਲ ਹੀ ਸਰਕਾਰ ਅਜਿਹੇ ਦਿਸ਼ਾ-ਨਿਰਦੇਸ਼ ਬਣਾ ਸਕਦੀ ਹੈ ਜੋ ਸੋਸ਼ਲ ਮੀਡੀਆ ਦੀ ਦੁਰਵਰਤੋਂ ਰੋਕਣ ਵਿਚ ਪ੍ਰਭਾਵਸ਼ਾਲੀ ਸਿੱਧ ਹੋਣ। ਅਜਿਹੇ ਦਿਸ਼ਾ-ਨਿਰਦੇਸ਼ ਚਾਹੇ ਜਦ ਵੀ ਬਣਨ, ਇਹ ਜ਼ਰੂਰੀ ਹੈ ਕਿ ਸੋਸ਼ਲ ਮੀਡੀਆ 'ਤੇ ਸਰਗਰਮ ਲੋਕ ਪ੍ਰਗਟਾਵੇ ਦੀ ਆਜ਼ਾਦੀ ਦੀ ਅਹਿਮੀਅਤ ਅਤੇ ਨਾਲ ਹੀ ਉਸ ਦੀ ਮਾਣ-ਮਰਿਆਦਾ ਨੂੰ ਵੀ ਸਮਝਣ। ਪ੍ਰਗਟਾਵੇ ਦੀ ਆਜ਼ਾਦੀ ਦਾ ਇਹ ਮਤਲਬ ਨਹੀਂ ਹੋ ਸਕਦਾ ਕਿ ਜਿਸ ਦੇ ਮਨ ਵਿਚ ਜੋ ਆਵੇ, ਉਹ ਕਹੀ ਜਾਵੇ। ਸੋਸ਼ਲ ਮੀਡੀਆ 'ਤੇ ਸਰਗਰਮ ਲੋਕਾਂ ਨੂੰ ਆਪਣੀ ਪ੍ਰਗਟਾਵੇ ਦੀ ਆਜ਼ਾਦੀ ਦਾ ਖ਼ਿਆਲ ਰੱਖਣ ਦੇ ਨਾਲ-ਨਾਲ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਕਿਸੇ ਵੀ ਕਾਰਵਾਈ ਕਾਰਨ ਕਿਸੇ ਹੋਰ ਦੀ ਨਿੱਜਤਾ ਜਾਂ ਮਾਣ-ਮਰਿਆਦਾ ਦਾ ਘਾਣ ਨਾ ਹੋਵੇ। ਜੇ ਪ੍ਰਗਟਾਵੇ ਦੀ ਆਜ਼ਾਦੀ ਦਾ ਇਸਤੇਮਾਲ ਜ਼ਿੰਮੇਵਾਰੀ ਨਾਲ ਨਹੀਂ ਕੀਤਾ ਜਾਵੇਗਾ ਤਾਂ ਲਾਹੇਵੰਦ ਮੰਨਿਆ ਜਾਣ ਵਾਲਾ ਸੋਸ਼ਲ ਮੀਡੀਆ ਬਦਨਾਮੀ ਦਾ ਸ਼ਿਕਾਰ ਹੋ ਕੇ ਆਪਣੀ ਮਹੱਤਤਾ ਗੁਆ ਸਕਦਾ ਹੈ। ਅਜਿਹਾ ਨਾ ਹੋਵੇ, ਇਸ ਵਾਸਤੇ ਸਾਰਿਆਂ ਨੂੰ ਚੌਕਸ-ਸਰਗਰਮ ਹੋ ਕੇ ਇਸ ਦੇ ਲਈ ਵਾਧੂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮ ਸੰਵਾਦ ਦਾ ਢੁੱਕਵਾਂ ਤੇ ਫ਼ਾਇਦੇਮੰਦ ਮੰਚ ਬਣਨ।



# ਕਿਸੇ ਵੀ ਕਾਰਜ ਪਿੱਛੇ
## ਤੁਹਾਡੀ ਭਾਵਨਾ ਕੀ ਹੈ?

**ਲਿਖਤ : ਮਾਸਟਰ ਨਿਰਮਲ ਸਿੰਘ ਲਾਲੀ ਯੂਬਾ ਸਿਟੀ**

ਅਜੇ ਤੱਕ ਅਜਿਹਾ ਆਦਰਸ਼ਿਕ ਸਮਾਜ ਕਿਉਂ ਨਹੀਂ ਬਣ ਸਕਿਆ ਭਾਵ ਅਜਿਹਾ ਸਮਾਜ ਜਿਸ ਵਿਚ ਹਰ ਮਨੁੱਖ ਨੂੰ ਸ਼ਾਂਤੀ, ਸੁੱਖ, ਖੁਸ਼ਹਾਲੀ, ਇਨਸਾਫ਼, ਆਜ਼ਾਦੀ ਤੇ ਮਨੁੱਖ ਨੂੰ ਮੁੱਢਲੀਆਂ ਲੋੜਾਂ ਮਿਲ ਸਕਣ। ਸਮਾਜ ਵਿਚ ਰਹਿੰਦੇ ਵਿਅਕਤੀਆਂ ਨਾਲ ਸਮਾਜ ਬਣਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਆਦਰਸ਼ਿਕ ਸਮਾਜ ਲਈ ਆਦਰਸ਼ਿਕ ਵਿਅਕਤੀ ਚਾਹੀਦੇ ਹਨ ਪਰ ਸਾਰੇ ਵਿਅਕਤੀ ਆਦਰਸ਼ਿਕ ਨਹੀਂ ਬਣ ਸਕਦੇ। ਅਜਿਹਾ ਸਮਾਜ ਜਿਸ ਵਿਚ ਹਰ ਇਕ ਲਈ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ। ਇਸ ਲਈ ਕੁਝ ਇਕ ਵਿਅਕਤੀ ਜਿਨ੍ਹਾਂ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ ਤੇ ਸਮਾਜ ਦਾ ਪ੍ਰਬੰਧ ਕਰਨਾ ਹੁੰਦਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਨਾ ਹੁੰਦਾ ਹੈ, ਉਹ ਤਾਂ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਚਾਹੀਦੇ ਹਨ, ਜਿਵੇਂ ਧਾਰਮਿਕ, ਵਿੱਦਿਅਕ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਤੇ ਪ੍ਰਬੰਧਕ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇਹ ਲੋਕ ਹੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀ ਦੀ ਕੁਤਾਹੀ ਕਰ ਰਹੇ ਹਨ, ਭਾਵ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਰਾਜੇ ਸ਼ੀਂਹ ਮੁਕੱਦਮ ਕੁੱਤੇ ਵਾਲੀ ਗੱਲ ਬਣੀ ਹੋਈ ਹੈ। ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੋਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ। ਇਸੇ ਤਰ੍ਹਾਂ ਧਰਮ ਦੇ ਖੇਤਰ ਵਿਚ ਵੀ ਇੰਨਾ ਪਾਖੰਡਵਾਦ ਆ ਗਿਆ ਹੈ ਕਿ ਧਾਰਮਿਕ ਆਗੂ ਕਰਦੇ ਕੁਝ ਹਨ, ਕਹਿੰਦੇ ਕੁਝ ਹਨ, ਭਾਵ ਕਹਿਣੀ ਤੇ ਕਰਨੀ ਤੋਂ ਕੋਹਾਂ ਦੂਰ ਹਨ ਤੇ ਲੋਕਾਂ ਵਿਚ ਏਕਤਾ, ਭਾਈਚਾਰਾ, ਪਿਆਰ, ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਕਿੱਥੋਂ ਆਵੇ ਕਿਉਂਕਿ ਧਰਮ ਵਿਚ ਅਸਲੀ ਨੁਕਤੇ ਤਾਂ ਗਾਇਬ ਹਨ। ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਭਾਵ ਗੁਰੂਆਂ ਦੇ ਦਿੱਤੇ ਉਪਦੇਸ਼ ਉੱਤੇ ਚੱਲਣ ਦਾ ਤਾਂ ਕੋਈ ਯਤਨ ਹੀ ਨਹੀਂ ਕਰਦਾ ਤਾਂ ਆਦਰਸ਼ਿਕ ਸਮਾਜ ਦੀ ਉਸਾਰੀ ਕਿਵੇਂ ਹੋ ਸਕਦੀ ਹੈ। ਗੁਰੂ ਘਰਾਂ ਦੇ ਪ੍ਰਬੰਧਕ ਸ਼ਰਾਬੀ ਤੇ ਮੋਨੇ ਸੰਗਤ ਨੂੰ ਕੀ ਪ੍ਰਚਾਰ ਕਰਨਗੇ। ਇਸੇ ਤਰ੍ਹਾਂ ਵਿੱਦਿਆ ਦਾ ਖੇਤਰ ਹੈ। ਅਧਿਆਪਕਾਂ ਦਾ ਮੁੱਖ ਕਰਤੱਵ ਬੱਚਿਆਂ ਨੂੰ ਸਿੱਖਿਆ ਦੇਣੀ ਹੁੰਦਾ ਹੈ। ਪਰ ਅੱਜ ਦਾ ਅਧਿਆਪਕ ਵੀ ਇੰਨਾ ਪਦਾਰਥਵਾਦੀ ਹੋ ਗਿਆ ਕਿ ਉਸ ਨੂੰ ਵੀ ਪੈਸਾ ਹੀ ਨਜ਼ਰ ਆਉਂਦਾ ਹੈ ਤੇ ਪੜ੍ਹਾਉਣ ਦੀ ਗੱਲ ਤਾਂ ਦੂਜੇ ਨੰਬਰ 'ਤੇ ਹੈ। ਸਕੂਲ ਵਿਚ ਪੜ੍ਹਾਈ ਨਾ ਕਰਾਉਣੀ ਤੇ ਮਗਰੋਂ ਵਿਦਿਆਰਥੀਆਂ ਨੂੰ ਟਿਊਸ਼ਨਾਂ ਰੱਖਣ ਲਈ ਮਜਬੂਰ ਕਰਨਾ। ਇਹੋ ਕਾਰਨ ਹੈ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਆਪਸੀ ਸਬੰਧ ਪਹਿਲੇ ਵਰਗੇ ਨਹੀਂ ਰਹੇ। ਪਹਿਲੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਆਪਸੀ ਸਬੰਧ ਗੁਰੂ ਤੇ ਚੇਲੇ ਵਾਲਾ ਹੁੰਦਾ ਸੀ ਪਰ ਹੁਣ ਇਹ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ ਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਅਧਿਆਪਕਾਂ ਲਈ ਕੋਈ ਅਦਬ ਤੇ ਪਿਆਰ ਨਹੀਂ ਰਿਹਾ। ਪਹਿਲੇ ਸਮੇਂ ਵਿਚ ਅਧਿਆਪਕ ਮਿਹਨਤੀ, ਜ਼ਿੰਮੇਵਾਰ ਹੁੰਦੇ ਸਨ ਤੇ ਬੱਚਿਆਂ ਨੂੰ ਮੁਫ਼ਤ ਪੜਾਇਆ ਕਰਦੇ ਸਨ। ਅਧਿਆਪਕ ਅਤਿ ਦੇ ਉਚੇ ਕਿਰਦਾਰ ਦੇ ਮਾਲਕ ਹੁੰਦੇ ਸਨ। ਇਸੇ ਤਰ੍ਹਾਂ ਗਾਇਕੀ ਦਾ ਖੇਤਰ ਹੈ, ਇਸ ਵਿਚ ਵੀ ਉਹ ਪੁਰਾਣੀਆਂ ਕੀਮਤਾਂ ਨਹੀਂ ਰਹੀਆਂ ਲੱਚਰਤਾ ਤੇ ਅਸ਼ਲੀਲਤਾ ਗਾਇਕਾਂ ਵਿਚ ਭਾਰੂ ਹੋ ਰਹੀ ਹੈ ਪਰ ਕੁਝ ਚੰਗਾ ਵੀ ਹੋ ਰਿਹਾ ਹੈ ਤੇ ਕੁਝ ਗਾਇਕ ਬਹੁਤ ਚੰਗੇ ਵੀ ਹਨ ਤੇ ਉਨ੍ਹਾਂ ਨੇ ਆਪਣੇ ਪੁਰਾਣੇ ਸੱਭਿਆਚਾਰ ਨੂੰ ਸਾਂਭਿਆ ਹੋਇਆ ਹੈ। ਪੁਰਾਣੇ ਗਾਇਕ ਜਿਵੇਂ ਯਮਲਾ ਜੱਟ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੂੰ ਦਹਾਕੇ ਹੀ ਬੀਤ ਗਏ ਹਨ ਪਰ ਉਨ੍ਹਾਂ ਦੇ ਗੀਤ ਅੱਜ ਵੀ ਨਵੇਂ ਲੱਗਦੇ ਹਨ ਤੇ ਮਨ ਨੂੰ ਸਕੂਨ ਦਿੰਦੇ ਹਨ, ਜਦੋਂਕਿ ਅੱਜ ਦੀ ਗਾਇਕੀ ਵਿਚ ਸ਼ੋਰ-ਸ਼ਰਾਬਾ ਜ਼ਿਆਦਾ ਹੈ ਤੇ ਕੰਨਾਂ ਨੂੰ ਖਾਣ ਵਾਲਾ ਹੈ ਤੇ ਸਕੂਨ ਘੱਟ ਹੈ। ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਹੈ। ਇੰਨਾ ਸਾਹਿਤ ਲਿਖਿਆ ਗਿਆ ਹੈ ਅਤੇ ਬੜੇ ਵਿਦਵਾਨ, ਸ਼ਾਇਰ ਤੇ ਲੇਖਕ ਪੈਦਾ ਹੋਏ ਹਨ। ਪਰ ਅੱਜ ਤੱਕ ਸਾਹਿਤ ਨੇ ਮਨੁੱਖੀ ਜੀਵਨ ਵਿਚ ਕਿੰਨੀ ਕੁ ਤਬਦੀਲੀ ਲਿਆਂਦੀ ਹੈ। ਜਦੋਂਕਿ ਸਾਹਿਤ ਦਾ ਕੰਮ ਤਾਂ ਮਨੁੱਖੀ ਜੀਵਨ ਵਿਚ ਕੋਈ ਪ੍ਰੀਵਰਤਨ ਲਿਆਉਣਾ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰਾ ਸਾਹਿਤ ਤਾਂ ਪੜ੍ਹਨ ਯੋਗ ਵੀ ਨਹੀਂ ਹੁੰਦਾ ਤੇ ਉਸ ਵਿਚ ਲੱਚਰਤਾ ਤੇ ਅਸ਼ਲੀਲਤਾ ਹੀ ਨਜ਼ਰ ਆਉਂਦੀ। ਕੁਝ ਲੇਖਕ ਅਜਿਹਾ ਤਾਂ ਜ਼ਰੂਰ ਲਿਖਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨਯੋਗ ਜ਼ਰੂਰ ਹੁੰਦੀਆਂ ਹਨ ਪਰ ਉਨ੍ਹਾਂ 'ਚ ਵਿਸ਼ਾ ਬਿਲਕੁਲ ਹੀ ਗਾਇਬ ਹੁੰਦਾ ਹੈ। ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਕੁਝ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਰਚਨਾ ਦਾ ਮੁੱਖ ਉਦੇਸ਼, ਸਮਾਜ ਨੂੰ ਕੋਈ ਨਾ ਕੋਈ ਸੰਦੇਸ਼ ਦੇਣਾ ਹੁੰਦਾ ਹੈ। ਜਿਵੇਂ ਗੁਰਦਿਆਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ ਤੇ ਢਾਡੀ ਸੋਹਣ ਸਿੰਘ ਸ਼ੀਤਲ ਆਦਿ। ਗੁਰਦਿਆਲ ਸਿੰਘ ਤਾਂ ਆਖਦਾ ਹੈ ਕਿ ਜੇ ਕੋਈ ਪਾਤਰ ਅਣਮਨੁੱਖੀ ਕਦਰਾਂ-ਕੀਮਤਾਂ ਦੇ ਵਿਰੁੱਧ ਕੋਈ ਸੱਟ ਨਹੀਂ ਮਾਰਦਾ। ਭਾਵ ਕੋਈ ਵਿਰੋਧਤਾ ਨਹੀਂ ਕਰਦਾ, ਤਾਂ ਮੈਂ ਉਸ ਰਚਨਾ ਨੂੰ ਸਾਹਿਤਕ ਰਚਨਾ ਨਹੀਂ ਮੰਨਦਾ।

ਬਾਕੀ ਸਾਹਿਤ ਵਿਚ ਕੁਝ ਲੇਖਕ ਆਪਣੀਆਂ ਰਚਨਾਵਾਂ ਵਿਚ ਵਿਸ਼ਾ ਤਾਂ ਜ਼ਰੂਰ ਛੋਹਦੇ ਹਨ ਪਰ ਉਹ ਬੋਲੀ ਅਜਿਹੀ ਲਿਖਦੇ ਹਨ ਕਿ ਆਮ ਸਾਧਾਰਨ ਮਨੁੱਖ ਦੀ ਸਮਝ ਤੋਂ ਬਾਹਰ ਹੁੰਦੀ ਹੈ ਤੇ ਉਸ ਰਚਨਾ ਦਾ ਲਾਭ ਕੀ ਹੋਵੇਗਾ। ਇਸ ਲਈ ਰਚਨਾ ਆਮ ਲੋਕਾਂ ਦੀ ਬੋਲੀ ਵਿਚ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਲੇਖਕ ਵਿਸ਼ੇ ਦੀ ਥਾਂ ਆਪਣੀ ਪ੍ਰਭਾਵਸ਼ਾਲੀ ਬੋਲੀ ਰਾਹੀਂ ਪ੍ਰਭਾਵ ਦੇਣਾ ਚਾਹੁੰਦਾ ਹੈ। ਬਾਕੀ ਕੁਝ ਕਵੀ, ਲੇਖਕ ਲਿਖਦੇ ਸੁਹਣਾ ਹਨ ਪਰ ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਉਸ ਦੇ ਅਨੁਸਾਰ ਨਹੀਂ ਹੁੰਦਾ ਤੇ ਜਿਸ ਕਰਕੇ ਪਾਠਕਾਂ ਤੇ ਉਸ ਰਚਨਾ ਦਾ ਬਹੁਤ ਚੰਗਾ ਪ੍ਰਭਾਵ ਨਹੀਂ ਹੁੰਦਾ। ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ? ਉਸ ਦਾ ਮਨੋਰਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ਨੀਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ। ਇਨ੍ਹਾਂ ਸਾਰੇ ਵਿਚਾਰਾਂ ਦਾ ਸਬੰਧ ਧਰਮ ਨਾਲ ਹੈ ਕਿਉਂਕਿ ਧਰਮ ਸਿਰਫ਼ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਧਰਮ ਦਾ ਸਬੰਧ ਸਾਡੇ ਜੀਵਨ ਨਾਲ ਵੀ ਹੈ, ਭਾਵ ਧਰਮ ਇਕ ਮਨੁੱਖੀ ਜੀਵਨ ਜਾਂਚ ਹੈ। ਇਸ ਲਈ ਧਰਮ ਦਾ ਸਬੰਧ ਸਦਾਚਾਰ, ਈਮਾਨਦਾਰੀ, ਹਮਦਰਦੀ ਭਾਵ ਮੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੁੰਦਾ ਹੈ। ਪੱਤਰਕਾਰੀ ਕਿਸੇ ਵੀ ਦੇਸ਼ ਦਾ ਚੌਥਾ ਥੰਮ੍ਹ ਹੁੰਦੀ ਹੈ। ਪਰ ਅੱਜਕੱਲ੍ਹ ਪੱਤਰਕਾਰੀ ਵਿਚ ਵੀ ਭ੍ਰਿਸ਼ਟਾਚਾਰ ਆਰੰਭ ਹੋ ਗਿਆ ਹੈ। ਪੱਤਰਕਾਰ ਦਾ ਅਸਲੀ ਮਨੋਰਥ ਜੋ ਹੋਣਾ ਚਾਹੀਦਾ ਹੈ, ਉਹ ਗਾਇਬ ਹੀ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਸੰਪਾਦਕ ਜਦੋਂ ਕੋਈ ਪਰਚਾ ਕੱਢਣਾ ਆਰੰਭ ਕਰਦਾ ਹੈ, ਤਾਂ ਉਸ ਦੀ ਭਾਵਨਾ ਕੀ ਹੁੰਦੀ ਹੈ, ਭਾਵ ਪੱਤਰਕਾਰ ਜਾਂ ਸੰਪਾਦਕ ਦਾ ਮੁੱਖ ਉਦੇਸ਼ ਕੀ ਹੁੰਦਾ ਹੈ? ਕੁਝ ਲੋਕ ਪਰਚਾ ਕੱਢਣ ਨੂੰ ਪੈਸਾ ਕਮਾਉਣ ਦਾ ਸਾਧਨ ਹੀ ਮੰਨਦੇ ਹਨ। ਇਹ ਠੀਕ ਹੈ ਪੈਸਾ ਵੀ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਜ਼ਿੰਦਗੀ ਲਈ ਠਕਅਤ ਹੈ ਅਰਵ ਕਅਦ। ਪੱਤਰਕਾਰ ਦਾ ਪਹਿਲਾ ਕਰਤੱਵ ਹੈ ਕਿ ਉਹ ਹੱਕ, ਸੱਚ ਤੇ ਇਨਸਾਫ਼ ਬਾਰੇ ਲਿਖੇ ਤੇ ਭ੍ਰਿਸ਼ਟਾਚਾਰ ਤੇ ਜ਼ੁਲਮ-ਜਬਰ ਜਿੱਥੇ ਸਮਾਜ ਵਿਚ ਹੁੰਦਾ ਹੈ, ਉਸ ਨੂੰ ਨੰਗਿਆਂ ਕਰੇ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰੇ, ਲੇਖਕਾਂ ਦੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਪਹਿਲ ਦੇਵੇ, ਜਿਸ ਵਿਚ ਲੇਖਕ ਦੀ ਰਚਨਾ ਦਾ ਸਬੰਧ ਸਮਾਜ ਤੇ ਮਨੁੱਖੀ ਜੀਵਨ ਨਾਲ ਹੋਵੇ ਕਿਉਂਕਿ ਸਮਾਜ ਤੋਂ ਦੂਰ ਦਾ ਸਾਹਿਤ ਗੁਣਕਾਰੀ ਨਹੀਂ ਹੁੰਦਾ। ਸਾਹਿਤ ਉਹ ਚੰਗਾ ਹੁੰਦਾ ਹੈ ਜਿਹੜਾ ਮਨੁੱਖੀ ਜੀਵਨ ਦੇ ਦੁੱਖ-ਸੁੱਖ ਤੇ ਸੁਧਾਰ ਦੀ ਗੱਲ ਕਰੇ। ਸਿਰਜਣਾਤਮਿਕ ਸਾਹਿਤ ਦਾ ਇਹੋ ਹੀ ਫ਼ਰਜ਼ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਪੱਤਰਕਾਰ ਬਹੁਤ ਚੰਗਾ ਕਰਤੱਵ ਵੀ ਨਿਭਾ ਰਹੇ ਹਨ। ਪਰ ਕਈਆਂ ਨੇ ਆਪਣੇ ਅਸਲੀ ਨੁਕਤੇ ਤੋਂ ਬਹੁਤ ਦੂਰ ਦੀ ਗੱਲ ਕਰਦੇ ਹਨ ਤੇ ਸਿਰਫ਼ ਉਨ੍ਹਾਂ ਦਾ ਮੁੱਖ ਉਦੇਸ਼ ਪੈਸਾ ਕਮਾਉਣਾ ਹੀ ਹੁੰਦਾ ਹੈ ਜਿਹੜਾ ਕਿ ਸਮਾਜ ਲਈ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਪੱਤਰਕਾਰੀ ਕੋਈ ਫੁੱਲਾਂ ਦਾ ਵਿਛਾਉਣਾ ਨਹੀਂ, ਸਗੋਂ ਕੰਡਿਆਂ ਦਾ ਸਫ਼ਰ ਹੈ। ਸੱਚੀ ਪੱਤਰਕਾਰੀ ਨੂੰ ਕੁਰਬਾਨੀ ਦੀ ਲੋੜ ਹੁੰਦੀ ਹੈ। ਕਈ ਪੱਤਰਕਾਰਾਂ ਨੇ ਇਸ ਸੱਚਾਈ ਨੂੰ ਸੱਚ ਕਰ ਵੀ ਦਿਖਾਇਆ ਹੈ, ਉਨ੍ਹਾਂ ਨੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਉਹ ਆਪਣੀ ਸੋਚ ਤੋਂ ਭਾਵ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟੇ। ਹਰ ਮਨੁੱਖ ਦੇ ਕੋਈ ਕੰਮ ਕਰਨ ਦੇ ਪਿੱਛੇ ਉਸ ਦਾ ਨਿੱਜੀ ਹਿੱਤ ਲੁਕਿਆ ਹੋਇਆ ਹੁੰਦਾ ਹੈ ਤੇ ਅਸਲੀ ਨੁਕਤਾ ਭਾਵ ਮੁੱਦਾ ਤਾਂ ਗਾਇਬ ਹੀ ਹੁੰਦਾ ਹੈ। ਹਰ ਮਨੁੱਖ ਸਭ ਤੋਂ ਪਹਿਲਾਂ ਸ਼ੋਹਰਤ ਦਾ ਭੁੱਖਾ ਹੈ। ਇਸ ਦੀ ਖ਼ਾਤਰ ਮਨੁੱਖ ਪਤਾ ਨਹੀਂ ਕੀ-ਕੀ ਪਾਖੰਡ ਕਰਦਾ ਹੈ ਤੇ ਲੋਕਾਂ ਨਾਲ ਫ਼ਰੇਬ ਕਰਦਾ ਹੈ। ਇਸ ਤੋਂ ਬਾਅਦ ਹਰ ਮਨੁੱਖ ਪੈਸੇ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਸੱਤਾ ਦੀ ਪ੍ਰਾਪਤੀ ਹੋ ਜਾਏ ਤੇ ਸੱਤਾ ਪ੍ਰਾਪਤ ਕਰਕੇ ਉਸ ਆਦਮੀ ਦਾ ਲਕਸ਼ ਕੀ ਹੈ, ਭਾਵ ਉਹ ਕੀ ਕਰਨਾ ਚਾਹੁੰਦਾ ਹੈ, ਸ਼ਾਇਦ ਉਸ ਨੂੰ ਆਪ ਵੀ ਨਾ ਪਤਾ ਹੋਵੇ। ਆਪਣਾ ਫ਼ਰਜ਼ ਦਾ ਵੀ ਪਤਾ ਨਹੀਂ ਹੁੰਦਾ, ਜਿਸ ਕੁਰਸੀ ਤੇ ਬੈਠੇ ਹਨ। ਅਜਿਹੇ ਵਿਸ਼ੇਸ ਵਿਅਕਤੀ ਤੋਂ ਤੁਸੀਂ ਕੀ ਆਸ ਰੱਖ ਸਕਦੇ ਹੋ ਕਿ ਉਹ ਸਮਾਜ ਦਾ ਕੁਝ ਸੁਆਰੇਗਾ, ਜਿਵੇਂ ਕਿ ਅੱਜਕੱਲ੍ਹ ਹੋ ਰਿਹਾ ਹੈ।



# ਸਮੇਂ-ਸਮੇਂ ਦੀ ਗੱਲ
## ਹਾਲਾਤ ਹੱਥੋਂ ਦੂਰ ਹੁੰਦੇ ਖ਼ਾਸ ਰਿਸ਼ਤੇ

**ਲਿਖਤ : ਦਰਦੀ ਸਰਬਜੀਤ ਸੰਪਰਕ : 90419-95800**

ਰਿਸ਼ਤੇ ਬਹੁਤ ਅਨਮੋਲ ਹੁੰਦੇ ਹਨ, ਜਿਨ੍ਹਾਂ ਛਾਵੇਂ ਅਤੇ ਬੁੱਕਲ 'ਚ ਅਸੀਂ ਬਚਪਨ, ਜਵਾਨੀ ਅਤੇ ਬੁਢਾਪੇ ਦੇ ਸਾਰੇ ਰੰਗ ਮਾਣਦੇ ਹਾਂ। ਇਕ ਬੱਚੇ ਜਾਂ ਬੱਚੀ ਦੇ ਪੈਦਾ ਹੁੰਦਿਆਂ ਹੀ ਉਸ ਨਾਲ ਅਨੇਕਾਂ ਸਮਾਜਿਕ ਰਿਸ਼ਤੇ ਜੁੜ ਜਾਂਦੇ ਹਨ। ਝੱਟ ਸਭ ਰਿਸ਼ਤੇਦਾਰ ਕੋਈ ਇਸ ਬੱਚੇ ਦਾ ਮਾਮਾ-ਮਾਮੀ, ਭੂਆ-ਫੁੱਫੜ, ਚਾਚਾ-ਚਾਚੀ, ਤਾਇਆ-ਤਾਈ, ਭੈਣ-ਭਾਈ ਅਤੇ ਮਾਤਾ-ਪਿਤਾ ਆਦਿ ਬਣ ਜਾਂਦੇ ਹਨ ਪਰ ਕਈ ਵਾਰ ਚਿੰਤਾ ਅਤੇ ਅਫਸੋਸ ਦਾ ਵਿਸ਼ਾ ਇਹ ਰਿਸ਼ਤੇ ਉਦੋਂ ਬਣ ਜਾਂਦੇ ਹਨ ਜਦੋਂ ਹਾਲਾਤ ਹੱਥੋਂ ਕੁਦਰਤੀ ਅਤੇ ਗ਼ੈਰ-ਕੁਦਰਤੀ ਮਾਰਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਪਹਿਲੀ ਮਾਰ ਤਾਂ ਇਨਸਾਨ ਨੂੰ ਪਰਮਾਤਮਾ ਮਾਰ ਦਿੰਦਾ ਹੈ ਅਤੇ ਦੂਜੀ ਮਾਰ ਉਸ ਦਾ ਪਰਿਵਾਰ ਤੇ ਤੀਜੀ ਮਾਰ ਉਸ ਦੇ ਰਿਸ਼ਤੇਦਾਰ ਮਾਰ ਦਿੰਦੇ ਹਨ। ਬਾਕੀ ਜੋ ਸੰਸਾਰਕ ਮਾਰਾਂ ਇਸ ਰੱਬ ਦੇ ਬੰਦੇ ਨੂੰ ਪੈਂਦੀਆਂ ਹਨ, ਉਨ੍ਹਾਂ ਦਾ ਕੋਈ ਲੇਖਾ-ਜੋਖਾ ਨਹੀਂ। ਕਈ ਵਾਰ ਪਰਿਵਾਰਾਂ ਵਿਚ ਅਕਸਰ ਦੇਖਿਆ ਜਾਂਦਾ ਹੈ ਕਿ ਇਕ ਘਰ ਵਿਚ ਦੋ ਭਰਾ ਰਹਿੰਦੇ ਹੁੰਦੇ ਹਨ, ਜਿਨ੍ਹਾਂ 'ਚੋਂ ਇਕ ਕੰਮ ਕਰਦਾ ਹੈ ਤੇ ਦੂਜਾ ਕੰਮ ਨਾ ਮਿਲਣ ਦੀ ਮਜਬੂਰੀ ਕਾਰਨ ਰੁਜ਼ਗਾਰ ਤੋਂ ਵਾਂਝਾ ਹੁੰਦਾ ਹੈ। ਅਜਿਹੇ ਹਾਲਾਤ ਵਿਚ ਸਾਡੇ ਮਾਪੇ ਕਾਮੇ ਬੱਚੇ ਨੂੰ ਚੰਗਾ ਅਤੇ ਦੂਜੇ ਬੱਚੇ ਦਾ ਦਰਦ ਨਾ ਜਾਣਨ ਉਪਰੰਤ ਉਸ ਨੂੰ ਮਾੜਾ ਐਲਾਨ ਕਰ ਦਿੰਦੇ ਹਨ। ਫਿਰ ਅਜਿਹੇ ਮਾਹੌਲ ਵਿਚ ਦੋਵੇਂ ਭਰਾਵਾਂ ਵਿਚਕਾਰ ਮੁਕਾਬਲੇ ਵਾਲੀ ਸਥਿਤੀ ਸਿਰਜੀ ਜਾਂਦੀ ਹੈ, ਜਿਸ ਦੇ ਸਿੱਧੇ ਰੂਪ ਵਿਚ ਸਾਡੇ ਮਾਂ-ਪਿਓ ਅਤੇ ਉਹ ਸਾਕ-ਸੰਬੰਧੀ ਜ਼ਿੰਮੇਵਾਰ ਹੁੰਦੇ ਹਨ, ਜਿਨ੍ਹਾਂ ਨੇ ਮੌਕੇ ਦੇ ਹਾਲਾਤ ਦਾ ਸਹੀ ਜਾਇਜ਼ਾ ਲੈਣ ਉਪਰੰਤ ਵੀ ਸ਼ਾਂਤ ਮਾਹੌਲ ਦੀ ਥਾਂ ਅਸ਼ਾਂਤ ਮਾਹੌਲ ਸਿਰਜਿਆ ਹੋਵੇ। ਭਾਵੇਂ ਬਹੁਤੇ ਮਾਪੇ ਅਤੇ ਰਿਸ਼ਤੇਦਾਰ ਇਕੋ ਜਿਹੇ ਨਹੀਂ ਹੁੰਦੇ ਪਰ ਥੋੜ੍ਹੇ ਮਤਲਬਪ੍ਰਸਤ ਬਹੁਤਿਆਂ ਦੇ ਸਤਿਕਾਰ ਨੂੰ ਵੀ ਵੱਡੀ ਢਾਹ ਲਾ ਜਾਂਦੇ ਹਨ। ਬਾਕੀ ਅਜਿਹੇ ਮੈਂ ਆਪਣੀ ਅੱਖੀਂ ਵੀ ਦੇਖੇ ਹਨ ਅਤੇ ਮੇਰੀ ਮਾਤਾ ਦੇ ਦਿਹਾਂਤ ਤੋਂ ਬਾਅਦ ਇਹ ਸਭ ਕੁਝ ਆਪਣੇ ਪਿਤਾ ਨਾਲ ਵਾਪਰਦਾ ਵੀ ਦੇਖਿਆ ਹੈ। ਅਸਲ ਵਿਚ ਪਰਿਵਾਰਕ ਮੁਖੀ ਨੂੰ ਲੋੜ ਤਾਂ ਇਸ ਗੱਲ ਨੂੰ ਸਮਝਣ ਦੀ ਹੁੰਦੀ ਹੈ ਕਿ ਸਦਾ ਇਨਸਾਨ 'ਤੇ ਇਕੋ ਜਿਹਾ ਸਮਾਂ ਨਹੀਂ ਰਹਿੰਦਾ। ਕਿਉਂਕਿ ਰਾਤ ਤੋਂ ਬਾਅਦ ਦਿਨ ਦਾ ਹੋਣਾ ਵੀ ਯਕੀਨਨ ਹੁੰਦਾ ਹੈ। ਅਜਿਹੀਆਂ ਹਾਲਤਾਂ ਵਿਚ ਇਨਸਾਨ ਕੋਲ ਸਿਰਫ ਦੋ ਰਾਹ ਹੁੰਦੇ ਹਨ-ਪਹਿਲਾ ਰਾਹ ਹਿੰਮਤ, ਹੌਸਲਾ, ਦਲੇਰੀ, ਨਿਡਰਤਾ, ਅਡੋਲਤਾ ਅਤੇ ਚਟਾਨ ਵਰਗੇ ਵਿਸ਼ਵਾਸ ਭਰਪੂਰ ਇਰਾਦਿਆਂ ਨੂੰ ਸ਼ਿੰਗਾਰ ਕੇ ਆਪਣੀ ਮੰਜ਼ਿਲ ਵੱਲ ਤੁਰ ਪਵੇ। ਦੂਜਾ, ਜੋ ਅੱਜਕਲ੍ਹ ਕਿਸਾਨ ਭਰਾ ਵੀ ਅਪਨਾ ਰਹੇ ਹਨ, ਖੁਦਕੁਸ਼ੀ। ਇਨ੍ਹਾਂ ਦੋਵਾਂ ਵਿਚੋਂ ਆਦਮੀ ਨੇ ਆਪਣੀ ਸੋਚ ਦੇ ਅਨੁਸਾਰ ਕਿਸੇ ਇਕ ਨੂੰ ਚੁਣਨਾ ਹੁੰਦਾ ਹੈ। ਬਹੁਤੇ ਔਖੇ ਕੰਮ ਦਾ ਰਿਸਕ ਨਾ ਲੈਂਦੇ ਹੋਏ ਸੌਖਾ ਰਾਹ ਅਖਤਿਆਰ ਕਰ ਲੈਂਦੇ ਹਨ ਤੇ ਥੋੜ੍ਹੇ ਇਸ ਧਰਤੀ ਮਾਂ ਦਾ ਅਸ਼ੀਰਵਾਦ ਲੈ ਕੇ ਔਖੇ ਰਾਹ 'ਤੇ ਤੁਰ ਪੈਂਦੇ ਹਨ, ਜਿਨ੍ਹਾਂ ਦੀ ਫਿਰ ਸੰਘਰਸ਼ ਨਾਲ ਲੰਮੀ ਜੱਦੋ-ਜਹਿਦ ਸ਼ੁਰੂ ਹੁੰਦੀ ਹੈ। ਜੇ ਅਸੀਂ ਮਿਹਨਤ ਨਾਲ ਕੋਈ ਵੀ ਕੰਮ ਕਰਦੇ ਹਾਂ, ਉਸ ਨੂੰ ਬੂਰ ਪੈਣਾ ਲਾਜ਼ਮੀ ਹੁੰਦਾ ਹੈ। ਸਮੇਂ ਸਿਰ ਜ਼ਿੰਦਗੀ ਨੂੰ ਹਾਂ ਅਤੇ ਖੁਦਕੁਸ਼ੀ ਨੂੰ ਨਾਂਹ ਵਾਲਾ ਮਿਹਨਤੀ ਅਤੇ ਪਰਿਵਾਰ ਵਲੋਂ ਬੇਦਖਲ ਕੀਤਾ ਇਹੀ ਪੁੱਤਰ ਅੱਜ ਆਪਣੇ ਜੀਵਨ 'ਤੇ ਜਿੱਤ ਪ੍ਰਾਪਤ ਕਰਕੇ ਕੁਝ ਨਾ ਕੁਝ ਬਣ ਚੁੱਕਾ ਹੈ। ਉਹ ਆਪਣਾ ਚੰਗਾ ਨਾਂਅ ਕਮਾ, ਕਾਰੋਬਾਰ ਸੈਟਲ ਕਰਨ ਦੇ ਨਾਲ-ਨਾਲ ਆਪਣਾ ਘਰ-ਬਾਰ ਵੀ ਬਣਾ ਚੁੱਕਾ ਹੁੰਦਾ ਹੈ। ਚਾਰ ਪੈਸੇ ਆਪਣੇ ਹੱਥ ਹੇਠ ਕਰਨ ਉਪਰੰਤ ਇਸ ਦੁਨੀਆ ਵਿਚੋਂ ਆਪਣੇ ਹਮਸਫਰ ਨੂੰ ਤਲਾਸ਼ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਵੀ ਕਰ ਚੁੱਕਾ ਹੁੰਦਾ ਹੈ। ਫਿਰ ਉਸ ਨਾਲ ਇਸ ਦਾ ਪਿਛੋਕੜ ਪਰਿਵਾਰ ਅਤੇ ਰਿਸ਼ਤੇਦਾਰ ਜ਼ਹਿਲਮ ਰੱਖਣ ਲੱਗ ਪੈਂਦੇ ਹਨ। ਉਨ੍ਹਾਂ ਦੇ ਮਨਾਂ 'ਚ ਪਨਪਦੇ ਇਹ ਵਿਚਾਰ 'ਇਹ ਇਥੋਂ ਤੱਕ ਕਿਉਂ ਅਤੇ ਕਿਵੇਂ ਆ ਗਿਆ, ਲਗਦਾ ਤਾਂ ਹੈ ਨਹੀਂ ਸੀ ਇਸ ਤਰ੍ਹਾਂ ਦਾ' ਆਦਿ ਕਿਸੇ ਹੇਠਲੇ ਪੱਧਰ ਦੀ ਸੋਚ ਦਾ ਪ੍ਰਮਾਣ ਦਿੰਦੇ ਨਜ਼ਰ ਆਉਂਦੇ ਹਨ। ਆਪਣਿਆਂ ਲਈ ਅਜਿਹਾ ਸੋਚਣ ਵਾਲਿਆਂ ਲਈ ਸਮਾਜ ਵਿਚ ਕੋਈ ਥਾਂ ਨਹੀਂ ਹੁੰਦੀ। ਸਮੇਂ ਦੇ ਨਾਲ-ਨਾਲ ਬਦਲਿਆਂ ਬਹੁਤੀ ਵਾਰ ਕੁਝ ਸਾਕ-ਸੰਬੰਧੀ ਗਲਤੀ ਮੰਨ ਕੇ ਇਕ-ਦੂਜੇ ਨਾਲ ਜੁੜ ਵੀ ਜਾਂਦੇ ਹਨ ਪਰ ਫਿਰ ਜਿਹੜੀਆਂ ਵਗਾਰਾਂ ਉਹ ਪਾਉਂਦੇ ਹਨ, ਬਸ ਰਹੇ ਰੱਬ ਦਾ ਨਾਂਅ। ਅਸਲ ਵਿਚ ਹੋ ਰਿਹਾ ਇਹ ਸਭ ਕੁਝ ਮਤਲਬਪ੍ਰਸਤੀ ਵੱਲ ਇਸ਼ਾਰਾ ਕਰਦਾ ਹੈ, ਜੋ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਲਈ ਸਹੀ ਨਹੀਂ ਹੈ। ਸੋ, ਮਾਪਿਆਂ ਅਤੇ ਰਿਸ਼ਤੇਦਾਰਾਂ ਨੂੰ ਚਾਹੀਦਾ ਤਾਂ ਪਹਿਲਾਂ ਹੀ ਇਹ ਸੀ ਕਿ ਜਦ ਉਨ੍ਹਾਂ ਦੇ ਜਿਗਰ ਦਾ ਟੁਕੜਾ ਹਾਲਤਾਂ ਵੱਲੋਂ ਮਜਬੂਰ ਸੀ, ਉਸ ਦਾ ਸਾਥ ਦਿੰਦੇ ਅਤੇ ਉਸ ਨੂੰ ਯੋਗ ਸਿੱਖਿਆ ਦੇਣ ਦੇ ਨਾਲ-ਨਾਲ ਸਹੀ ਦਿਸ਼ਾ ਵੱਲ ਵਧਣ ਲਈ ਪ੍ਰੇਰਿਤ ਕਰਦੇ ਤਾਂ ਜੋ ਅੱਜ ਇਹ ਤਾਣਾ-ਬਾਣਾ ਸ਼ਾਇਦ ਨਾ ਉਲਝਦਾ। ਪਰ ਹੁਣ ਵੀ ਜੋ ਹੋ ਗਿਆ, ਉਸ 'ਤੇ ਮਿੱਟੀ ਪਾਉਂਦੇ ਹੋਏ ਆਪਣੇ ਬੇਟੇ, ਨੂੰਹ, ਪੋਤਾ, ਪੋਤੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਦਾ ਨਿਰਣਾ ਕਰਨ ਅਤੇ ਭਵਿੱਖ ਵਿਚ ਕੋਈ ਵੀ ਨਵੀਂ ਗਲਤੀ ਨਾ ਕਰਨ ਦਾ ਇਕ-ਦੂਜੇ ਨੂੰ ਵਚਨ ਦੇਈਏ।






# BC BOTTLE DEPOT

## ALL MILK CONTAINERS ARE REFUNDABLE

**SCOTT ROAD SURREY**
Bottle Return Depot
12111 86th Ave, Surrey BC
604-543-0606
Open 9.00 A M— 6.00 PM
DROP OFF : Electronics, Paint, Solvent, Pesticide and Gasoline

**SOUTH VANCOUVER**
Bottle Return Depot
34E 69th Ave, Vancouver BC
604-325-3370
Open 8.30 A M— 5.30 PM
DROP OFF : Paint, Solvent, Pesticide Electronics and Gasoline

**GUILDFORD, SURREY**
Bottle Return Depot
100 14727 108 A Avenue, Surrey BC
604-588-4489
Open 9.00 A M— 6.00 PM
Electronics & Paint Drop Off Only

**WALNUT GROVE LANGLEY**
Bottle Return Depot
#8-20280 97th Ave, Walnut Grove BC
604-513-0420
Open 9.00 A M— 6.00 PM
DROP OFF
Paint & Electronics Only

**LANGLEY**
Bottle Return Depot
20137 Industrial Ave, Langley,
604-534-0171
Open 8.30 AM — 5.30 PM
DROP OFF
Paint & Electronics Only

**MAPLE RIDGE**
Bottle Return Depot
15 20475 Lougheed Hwy
Maple Ridge BC
604-465-8900
Open 9.00 A M— 6.00 PM
Electronics Drop Off

**EXPRESS SERVICES AVAILABLE ON ALL LOCATIONS**

Please go to the nearest bottle depot in your area . We are open 7 days a week (except holidays)

**KULBIR RANA**
**604-916-3737**

BC Bottle Depot exclusives
- FULL DEPOSIT on most pop & Beverage containers.
- NO LIMIT to the numbers you can return.
- FULL DEPOSIT beer cans & bottles - 10 cents each.
- FULL DEPOSIT on wine & Spirit containers.
- Bottle drive specialist

For general inquiries, please contact Kulbir Rana | krana@bcbottledepot.com

ੴ

ਸ੍ਰੀ ਗੁਰੂ ਨਾਨਕ ਦੇਵ ਜੀ ਦੇ

# 555ਵੇਂ ਪ੍ਰਕਾਸ਼ ਪੁਰਬ

ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

# JMG CARRIER LTD.

SURREY, B.C.

## ਵੈਨਕੂਵਰ ਤੋਂ ਕੈਲੇਫੋਰਨੀਆਂ ਰੂਟ ਲਈ

## Drivers ਅਤੇ Owner-Operators ਦੀ ਜ਼ਰੂਰਤ ਹੈ।



- ਵਧੀਆ ਤਨਖਾਹ ਦਿੱਤੀ ਜਾਵੇਗੀ।
- ਕਾਬਲ ਡਰਾਈਵਰ ਨੂੰ Owner-Operator ਬਨਣ ਵਿੱਚ ਮਦਦ ਕੀਤੀ ਜਾਵੇਗੀ।
- Standard ਅਤੇ Auto Trucks Available ਹਨ।
- ਤਜ਼ਰਬੇ ਵਾਲੇ ਅਤੇ ਨਵੇਂ ਡਰਾਈਵਰ ਵੀ ਸੰਪਰਕ ਕਰ ਸਕਦੇ ਹਨ।

## FOR OWNER OPERATORS

ਵਧੀਆ ਰੇਟ, ਡੀਜ਼ਲ ਤੇ ਵੀ ਵਧੀਆ Discount Available ਹਨ।

ਟਰੱਕ ਦਾ ਲਾਈਸੈਂਸ ਕੈਨੇਡੀਅਨ ਹੋਵੇ ਅਤੇ ਅਮਰੀਕਾ ਦਾ ਵੀਜ਼ਾ ਹੋਵੇ।

ਸਾਨੂੰ ਵੈਨਕੂਵਰ ਤੋਂ ਕੈਲੇਫੋਰਨੀਆ ਲਈ ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ।

**Call: JAGMINDER, MALWINDER, GAGAN**

**604-210-1036, 604-245-2176, 604-598-3999**


**FAX YOUR RESUME AT 604-599-7020**

Email: dispatch@jmgcarrierltd.com Website : www.jmgcarrier.com



ੴ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
555ਵੇਂ ਪ੍ਰਕਾਸ਼ ਪੁਰਬ
ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਕਿਰਤ ਕਰੋ
ਨਾਮ ਜਪੋ
ਵੰਡ ਛਕੋ
ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ
Celebrate with savings!
MR. LUBE
SAVE $20 OFF INVOICE
ਬੱਚਤਾਂ ਨਾਲ ਜਸ਼ਨ ਮਨਾਓ!
WARRANTY-APPROVED OIL CHANGES.
NO APPOINTMENT NEEDED.
OPEN EVERY DAY
NOW HIRING APPLY ON SITE ANY TIME
Visit one of our locations:
Vancouver
520 SE Marine Dr,
V5X 2T4
604 216 5823
North Vancouver
1790 Marine Dr,
V7P 1V2
604 987 8006
Surrey
2299 King George
Blvd V4A 5A4
604 560 6100
Langley
20112 Fraser Hwy
BC, V3A 4E5
604-532-5990
Langley
9228 200 Street
BC, V1M 3A3
778-705-9299
Or visit any other of our Greater Vancouver locations.
ਹੁਣ ਖੁਲ੍ਹਾ ਹੈ। ਅਸੀਂ ਤੁਹਾਡੀ ਬੋਲੀ ਵਿਚ ਗੱਲ ਕਰਦੇ ਹਾਂ।
ਹਫਤੇ ਵਿਚ 7 ਦਿਨ ਖੁਲ੍ਹਦਾ ਹੈ। ਕੋਈ ਅਪੌਇੰਟਮੈਂਟ ਬਣਾਉਣ ਦੀ ਲੋੜ ਨਹੀਂ। ਵਾਰੰਟੀ ਵਲੋਂ ਮਨਜ਼ੂਰਸ਼ੁਦਾ ਤੇਲ ਬਦਲੀਆਂ।

# ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਕੈਨੇਡੀਅਨ ਸਰਹੱਦ ਤੇ ਚੌਕਸੀ ਵਧੀ, 3,000 ਤੋਂ ਵੱਧ ਗਾਰਡਾਂ ਦੀ ਲੋੜ




ਸਰੀ, (ਏਕਜੋਤ ਸਿੰਘ): ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਤੀਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਧ ਅਮਰੀਕਾ ਤੋਂ ਕੈਨੇਡਾ ਗੈਰ-ਕਾਨੂੰਨੀ ਆਵਾਜਾਈਆਂ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਕੈਨੇਡੀਅਨ ਸਰਹੱਦ ਸੇਵਾਵਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਆਪਣੀ ਚਿੰਤਾ ਪ੍ਰਗਟਾਈ ਹੈ। ਇਸ ਚੇਤਾਵਨੀ ਦੇ ਤਹਿਤ, ਯੂਨੀਅਨ ਨੇ ਕਿਹਾ ਹੈ ਕਿ ਕੈਨੇਡਾ ਨੂੰ ਆਪਣੇ ਸਰਹੱਦ ਰੱਖਵਾਲਿਆਂ ਦੀ ਗਿਣਤੀ 'ਚ ਕਾਫ਼ੀ ਵਾਧਾ ਕਰਨ ਦੀ ਲੋੜ ਹੋ ਸਕਦੀ ਹੈ, ਜੋ ਕਿ ਕਰੀਬ 3,000 ਨਵੇਂ ਗਾਰਡਜ਼ ਤੱਕ ਜਾ ਸਕਦੀ ਹੈ।

ਡੌਨਲਡ ਟਰੰਪ ਨੇ ਚੋਣ ਮੁਹਿੰਮ ਦੌਰਾਨ ਅਤੇ ਚੋਣਾਂ ਵਿੱਚ ਆਪਣੀ ਜਿੱਤ ਤੋਂ ਬਾਅਦ, ਇਹ ਸਪੱਸ਼ਟ ਕੀਤਾ ਸੀ ਕਿ ਉਹ ਅਮਰੀਕਾ ਵਿੱਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਇੱਕ ਕੜੀ ਨੀਤੀ ਨੂੰ ਅਪਣਾਉਣਗੇ। ਇਸ ਐਲਾਨ ਨੇ ਕੈਨੇਡਾ ਸਰਕਾਰ ਅਤੇ ਬਾਰਡਰ ਸੇਵਾਵਾਂ ਨੂੰ ਚੌਕਸ ਕਰ ਦਿੱਤਾ ਹੈ, ਕਿਉਂਕਿ ਅਮਰੀਕਾ ਦੀ ਸਖ਼ਤ ਨੀਤੀ ਨਾਲ ਪ੍ਰਵਾਸੀਆਂ ਦੀ ਇਕ ਵੱਡੀ ਗਿਣਤੀ ਕੈਨੇਡਾ ਦੀ ਸਰਹੱਦ ਰਾਹੀਂ ਪ੍ਰਵੇਸ਼ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ।

ਯੂਨੀਅਨ ਦੇ ਪ੍ਰਧਾਨ ਜੈਨ ਹਾਰਨਸ ਨੇ ਕਿਹਾ, "ਅਸੀਂ ਇਸ ਗੱਲ ਦੀ ਸੰਭਾਵਨਾ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਅਮਰੀਕਾ ਵਿੱਚ ਸਖ਼ਤ ਨੀਤੀਆਂ ਦੇ ਕਾਰਨ ਵੱਡੀ ਗਿਣਤੀ ਵਿੱਚ ਲੋਕ ਕੈਨੇਡਾ ਆ ਸਕਦੇ ਹਨ। ਅਜੇ ਵੀ ਸਾਨੂੰ ਮੌਕਿਆਂ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਸ ਲਈ ਸਾਡੇ ਕੋਲ ਹੋਰ ਸਰਹੱਦੀ ਰੱਖਵਾਲਿਆਂ ਦੀ ਜ਼ਰੂਰਤ ਹੋਵੇਗੀ।"

ਅਮਰੀਕਾ-ਕੈਨੇਡਾ ਸਰਹੱਦ, ਜੋ ਕਿ ਦੁਨੀਆ ਦੀ ਸਭ ਤੋਂ ਵੱਡੀ ਅਨੁਸਚਿਤ ਸਰਹੱਦ ਹੈ, ਹਮੇਸ਼ਾ ਸ਼ਾਂਤੀਪੂਰਨ ਰਹੀ ਹੈ। ਪਰ, ਗੈਰ-ਕਾਨੂੰਨੀ ਪਰਵਾਸਨ ਵਿੱਚ ਵਾਧਾ ਸਰਹੱਦ ਤੇ ਕਈ ਚੁਣੌਤੀਆਂ ਪੈਦਾ ਕਰ ਸਕਦਾ ਹੈ। ਕੈਨੇਡੀਅਨ ਬਾਰਡਰ ਸਰਵਿਸ ਐਜੰਸੀ (ਛਭਸ਼ਅ) ਨੇ ਪਹਿਲਾਂ ਹੀ ਇਸ ਗੱਲ 'ਤੇ ਧਿਆਨ ਦਿੱਤਾ ਹੈ ਕਿ ਉਨ੍ਹਾਂ ਨੂੰ ਆਪਣੇ ਸਰਹੱਦ ਰੱਖਵਾਲੇ ਢਾਂਚੇ ਨੂੰ ਵਧਾਉਣ ਅਤੇ ਹੋਰ ਸਰੋਤ ਜੋੜਣ ਦੀ ਲੋੜ ਹੋਵੇਗੀ, ਤਾਂ ਜੋ ਸਰਹੱਦ 'ਤੇ ਕਿਸੇ ਵੀ ਦਬਾਅ ਦਾ ਪ੍ਰਬੰਧ ਕੀਤਾ ਜਾ ਸਕੇ।

ਇਸ ਸਮੇਂ ਤੇ ਕੈਨੇਡੀਅਨ ਸਰਕਾਰ ਨੇ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਪ੍ਰਵਾਸੀ ਅਧਿਕਾਰਾਂ ਦੀ ਪਾਲਣਾ ਕਰਨ ਦੀ ਪ੍ਰਤੀਬੱਧਤਾ ਦਿਖਾਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੇ ਇਹ ਸਪੱਸ਼ਟ ਕੀਤਾ ਹੈ ਕਿ ਕੈਨੇਡਾ ਸੰਕਟਮਈ ਸਮੇਂ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਹੈ। ਪਰ ਸਰਹੱਦ ਦੀ ਸੰਭਾਵਿਤ ਭੀੜ ਦੇ ਮੱਦੇਨਜ਼ਰ, ਇਹ ਵੀ ਯਕੀਨੀ ਬਣਾਉਣਾ ਜਰੂਰੀ ਹੈ ਕਿ ਕੈਨੇਡਾ ਦੀਆਂ ਸੁਰੱਖਿਆ ਯਥਾਰਥ ਵਿੱਚ ਬਣੀ ਰਹੇ।

ਇਸ ਸੰਕਟ ਦਾ ਹੱਲ ਲੱਭਣ ਲਈ, ਸਰਕਾਰ ਨੂੰ ਸਰਹੱਦ 'ਤੇ ਸੁਰੱਖਿਆ ਅਤੇ ਲੋਕਾਂ ਦੀ ਸੁਵਿਧਾ ਦਾ ਸੰਤੁਲਨ ਬਣਾਈ ਰੱਖਣਾ ਪਵੇਗਾ। ਸਰਹੱਦੀ ਰੱਖਵਾਲੇ ਜਥੇਬੰਦੀ ਦੇ ਕਈ ਮੈਂਬਰਾਂ ਦਾ ਮੰਨਣਾ ਹੈ ਕਿ ਸਰਹੱਦ ਦੇ ਪ੍ਰਬੰਧ ਨੂੰ ਮਜ਼ਬੂਤ ਕਰਨ ਨਾਲ ਦਬਾਅ ਦਾ ਸਾਹਮਣਾ ਕਰਨ ਦੀ ਸਮਰੱਥਾ ਵਧੇਗੀ ਅਤੇ ਇਹ ਯਕੀਨੀ ਬਣੇਗਾ ਕਿ ਕੋਈ ਵੀ ਹਾਲਾਤ ਬੇਕਾਬੂ ਨਾ ਹੋਣ।

ਇਹ ਚੁਣੌਤੀ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਕੈਨੇਡਾ ਦੇ ਪ੍ਰਵਾਸੀ ਅਤੇ ਸਰਹੱਦੀ ਨੀਤੀਆਂ ਲਈ ਸਿਰਫ਼ ਦਲਤ ਅੰਤਰਰਾਸ਼ਟਰੀ ਬਦਲਾਅ ਹੀ ਨਹੀਂ, ਸਗੋਂ ਅਮਰੀਕਾ ਵਿੱਚ ਆਉਣ ਵਾਲੇ ਨੀਤੀ ਬਦਲਾਅ ਵੀ ਕਿੰਨੇ ਮਹੱਤਵਪੂਰਨ ਹੋ ਸਕਦੇ ਹਨ। This report was written by Ekjot Singh as part of the Local Journalism Initiative.

# ਮਿਸੀਸਾਗਾ ਅਤੇ ਬ੍ਰੈਂਪਟਨ ਸ਼ਹਿਰਾਂ ਵੱਲੋਂ ਧਾਰਮਿਕ ਸਥਾਨਾਂ ਸਾਹਮਣੇ ਪ੍ਰਦਰਸ਼ਨਾਂ 'ਤੇ ਰੋਕ ਲਗਾਉਣ ਲਈ ਮਤਾ ਪਾਸ

ਸਰੀ, (ਏਕਜੋਤ ਸਿੰਘ): ਗ੍ਰੇਟਰ ਟੋਰਾਂਟੋ ਏਰੀਆ ਦੇ ਦੋ ਪ੍ਰਮੁੱਖ ਸ਼ਹਿਰਾਂ, ਮਿਸੀਸਾਗਾ ਅਤੇ ਬ੍ਰੈਂਪਟਨ, ਨੇ ਹਾਲ ਹੀ ਵਿੱਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਦੇ ਮੱਦੇਨਜ਼ਰ ਧਾਰਮਿਕ ਅਦਾਰਿਆਂ ਦੇ ਬਾਹਰ ਹੋ ਰਹੀਆਂ ਝੜਪਾਂ ਨੂੰ ਰੋਕਣ ਲਈ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਲੰਘੇ ਬੁੱਧਵਾਰ ਨੂੰ ਦੋਵੇਂ ਸ਼ਹਿਰਾਂ ਦੇ ਕੌਂਸਲਾਂ ਵਿੱਚ ਹੋਈਆਂ ਮੀਟਿੰਗਾਂ ਵਿੱਚ ਧਾਰਮਿਕ ਸਥਾਨਾਂ ਸਾਹਮਣੇ ਪ੍ਰਦਰਸ਼ਨਾਂ ਨੂੰ ਰੋਕਣ ਦੇ ਮਤੇ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਮਿਲੀ।

ਮਿਸੀਸਾਗਾ ਵਿੱਚ ਵਾਰਡ 7 ਦੀ ਕੌਂਸਲਰ ਦੀਪਿਕਾ ਡੈਮਰਲਾ ਨੇ ਬੁੱਧਵਾਰ ਨੂੰ ਇਹ ਮਤਾ ਪੇਸ਼ ਕੀਤਾ। ਡੈਮਰਲਾ ਨੇ ਰੇਡੀਓ ਕੈਨੇਡਾ ਇੰਟਰਨੈਸ਼ਨਲ ਨਾਲ ਗੱਲਬਾਤ ਦੌਰਾਨ ਕਿਹਾ, "ਇਹ ਮਤਾ ਅਸੀਂ ਹਾਲ ਹੀ ਵਿੱਚ ਵਾਪਰੀਆਂ ਕੁਝ ਘਟਨਾਵਾਂ ਦੇ ਮੱਦੇਨਜ਼ਰ ਲੈ ਕੇ ਆਏ ਹਾਂ। ਅਜਿਹੀਆਂ ਘਟਨਾਵਾਂ ਅਤਿਤ ਵਿੱਚ ਵੀ ਹੋਈਆਂ ਹਨ ਅਤੇ ਇਹ ਕਿਸੇ ਇੱਕ ਧਰਮ ਤੱਕ ਸੀਮਿਤ ਨਹੀਂ ਹਨ। ਇਹ ਸਾਰੀਆਂ ਕੌਮਾਂ ਲਈ ਇਕ ਸਮੱਸਿਆ ਬਣੀ ਹੋਈ ਹੈ।"

ਬ੍ਰੈਂਪਟਨ ਦੇ ਮੇਅਰ ਪੈਟਰਿਕ ਬ੍ਰਾਊਨ ਨੇ ਵੀ ਇਸ ਪ੍ਰਸਤਾਵ ਦੀ ਪ੍ਰੋੜਤਾ ਕੀਤੀ ਅਤੇ ਕਿਹਾ, "ਅਸੀਂ ਧਾਰਮਿਕ ਆਜ਼ਾਦੀ ਦਾ ਸਮਰਥਨ ਕਰਦੇ ਹਾਂ। ਸਾਰੇ ਧਰਮਾਂ ਦੇ ਲੋਕ ਪਿਆਰ ਅਤੇ ਸਾਂਝ ਨਾਲ ਰਹਿਣਾ ਚਾਹੁੰਦੇ ਹਨ। ਪਰ, ਕਿਸੇ ਵੀ ਇਕੱਠ ਵਿੱਚ ਸ਼ਾਮਿਲ ਕੁਝ ਵਿਅਕਤੀਆਂ ਨੂੰ ਅਜਿਹੇ ਕਦਮਾਂ ਤੋਂ ਰੋਕਣਾ ਲਾਜ਼ਮੀ ਹੈ, ਜਿਸ ਨਾਲ ਲੋਕਾਂ ਦੇ ਵਿਚਕਾਰ ਖਲਲ ਪੈ ਸਕਦਾ ਹੈ।"

ਬ੍ਰੈਂਪਟਨ ਅਤੇ ਮਿਸੀਸਾਗਾ ਦੇ ਨੇਤਾਵਾਂ ਅਤੇ ਕੌਂਸਲਰਾਂ ਨੇ ਇਹ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਮਤਾ ਧਾਰਮਿਕ ਅਦਾਰਿਆਂ ਅਤੇ ਸਥਾਨਕ ਭਾਈਚਾਰਕ ਸਾਂਝ ਦੀ ਸੁਰੱਖਿਆ ਦੇ ਨਜ਼ਰੀਏ ਤੋਂ ਲਿਆ ਗਿਆ ਹੈ। This report was written by Ekjot Singh as part of the Local Journalism Initiative.

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।

ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।

ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।

ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।



BRITISH COLUMBIA

HealthyHabitsBC.ca


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
BIGGEST SALE IN CANADA
UNBEATABLE EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$11.98 bag
EXTRA SUPER SUPER SPECIAL
Raw Almonds
ਕੱਚੇ ਬਦਾਮ
$4.99 lb
Fresh Methi
ਤਾਜ਼ਾ ਮੇਥੀ
$1.99 bunch
EXTRA SUPER SPECIAL
Cilantro
ਧਣੀਆ
2 bunches for $1.49
SUPER SPECIAL
Indican Tea 216's
ਇੰਡੀਕਨ ਚਾਹ
$5.98 box
Red Lentil Split or Whole
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ
88¢ lb
Red Bell Peppers
ਲਾਲ ਸ਼ਿਮਲਾ ਮਿਰਚਾਂ
$1.49 lb
SUPER SPECIAL
Sher Atta Desi Style 20 lbs
Disclaimer: Limit two bags per family per week
ਸ਼ੇਰ ਆਟਾ ਦੇਸੀ ਸਟਾਈਲ
$13.99 bag
SUPER SPECIAL
BC Cauliflower
ਬੀਸੀ ਵੱਡਾ ਗੋਬੀ ਦਾ ਫੁੱਲ
$2.99 ea.
Black Chana
ਕਾਲੇ ਛੋਲੇ
98¢ lb
SUPER SPECIAL
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
Orange & Yellow Peppers
ਸ਼ਿਮਲਾ ਮਿਰਚਾਂ (ਪੀਲੀਆਂ ਅਤੇ ਸੰਤਰੀ)
99¢ lb
BC Red Delicious Apples
ਬੀਸੀ ਲਾਲ ਸਵਾਦ ਸੇਬ
79¢ lb
Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.
Yellow Onions
ਪੀਲੇ ਗੰਢੇ
39¢ lb
BC Gala Apples
ਗਾਲਾ ਸੇਬ ਬੀਸੀ
89¢ lb
Green Cabbage BC
ਹਰੀ ਬੰਦ ਗੋਭੀ ਬੀਸੀ
69¢ lb
Red Lentil Whole, Red Lentil Split Black Chana & Chick Peas 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ ਚਿੱਟੇ ਛੋਲੇ (ਇੰਡੀਕੈਨ)
$3.98 bag
Chickpeas
ਚਿੱਟੇ ਛੋਲੇ
88¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Red Onions 25 lbs
ਲਾਲ ਗੰਢੇ
RED ONIONS
$18.98 bag
Seedless Oranges Small
ਛੋਟਾ ਸੰਤਰੇ (ਬਿਨਾ ਬੀਜ ਤੋਂ)
99¢ lb
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.98 bottle
Fri Nov 15, 2024 - Wed Nov 20, 2024
We reserve the right to limit the quantities while they last
Specials valid for Lower Mainland only
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
THE SOUTH SURREY/WHITE ROCK FRUITICANA NOW OPEN AT 1812, 152ND ST.
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Surrey 101-1812 152St. 604-539-5736
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520